ਜਨਵਰੀ-ਮਾਰਚ 2026

ਸਾਲ ਚੌਥਾ, ਅੰਕ ਚੌਂਦ੍ਹਵਾਂ

# ਉਡਾਣ

## ਵਿਗਿਆਨ ਗਲਪ ਮੈਗ਼ਜ਼ੀਨ

ਨਾਸਾ ਮੁੜ ਚੰਨ ਵੱਲ ਨੂੰ



ਨਵਾਂ ਸਾਲ ਮੁਬਾਰਕ

ਵਿਗਿਆਨ ਗਲਪ ਕਥਾ ਕਹਾਣੀਆਂ

ਕਵਿਤਾਵਾਂ ਲੇਖ ਤੇ

ਬੱਚਿਆਂ ਦਾ ਕੋਨਾ

https://www.udaanpunjabi.com/

Image Credit NASA

www.PunjabiLibrary.com

## ਸਲਾਹਕਾਰ ਬੋਰਡ

ਡਾ. ਦੇਵਿੰਦਰ ਪਾਲ ਸਿੰਘ (ਕੈਨੇਡਾ)

ਹਰੀ ਕ੍ਰਿਸ਼ਨ ਮਾਇਰ (ਕੈਨੇਡਾ)

ਅਜਮੇਰ ਸਿੱਧੂ (ਭਾਰਤ)

ਰੂਪ ਢਿੱਲੋਂ (ਯੂ. ਕੇ.)

## ਸੰਪਾਦਕ

ਅਮਨਦੀਪ ਸਿੰਘ

## ਚਿੱਤਰ

Microsoft BING AI

https://pixabay.com/

NASA Gemini AI

## ਈ-ਮੇਲ

punjabiscifi@gmail.com

## ਵੈੱਬਸਾਈਟ

https://udaanpunjabi.com

## ਸਮਾਜਿਕ

ਉਡਾਣ ਮੈਗਜ਼ੀਨ ਨੂੰ ਸੋਸ਼ਲ ਮੀਡੀਆ ‘ਤੇ ਫੌਲੋ ਕਰਨ ਲਈ ਹੇਠਲੇ ਚਿੱਤਰਾਂ ‘ਤੇ ਕਲਿੱਕ ਕਰੋ

ਇਸ ਮੈਗਜ਼ੀਨ ਦੀ ਪ੍ਰਿੰਟ ਕਾਪੀ ਵੈੱਬਸਾਈਟ udaanpunjabi.com ‘ਤੇ ਆਰਡਰ ਕਰ ਸਕਦੇ ਹੋ।

ਪੰਜਾਬੀ ਲਾਇਬ੍ਰੇਰੀ
PUNJABI LIBRARY
www.PunjabiLibrary.com

ਜਨਵਰੀ-ਮਾਰਚ 2026
ਸਾਲ ਚੌਥਾ, ਅੰਕ ਚੌਦ੍ਹਵਾਂ

ISSN:3065-7121

**ਮੁੱਖ ਪੰਨੇ ਦੀ ਤਸਵੀਰ (ਨਾਸਾ ਤੋਂ ਧੰਨਵਾਦ ਸਹਿਤ)** ਵਿਚ ਤੁਸੀਂ ਧਰਤੀ ਦੇ ਗ੍ਰਹਿ ਪਥ ਤੋਂ ਬਾਹਰ ਨਾਸਾ ਦਾ ਸਪੇਸ ਲਾਂਚ ਸਿਸਟਮ ਵੇਖ ਰਹੇ ਹੋ। ਬਲਾਕ-1 ਕਾਰਗੋ ਸੰਰਚਨਾ ਅੰਤਰਿਮ ਕ੍ਰਾਇਓਜੈਨਿਕ ਪ੍ਰੋਪਲਸ਼ਨ ਸਟੇਜ (ICPS) ਦੀ ਵਰਤੋਂ ਕਰਦੀ ਹੈ ਜੋ ਸਪੇਸ ਲਾਂਚ ਸਿਸਟਮ ਅਤੇ ਇਸਦੇ ਪੰਜ-ਮੀਟਰ ਕਾਰਗੋ ਫੇਅਰਿੰਗ ਨੂੰ ਭਾਰੀ ਉਪਕਰਨ (Payload) ਸਮੇਤ ਧਰਤੀ ਦੇ ਗ੍ਰਹਿ ਪਥ ਤੋਂ ਪਰੇ ਅਤੇ ਚੰਦਰਮਾ ਤੀਕ ਪਹੁੰਚਣ ਦੇ ਯੋਗ ਬਣਾਉਂਦੀ ਹੈ। 2026 ਵਿਚ, ਆਰਟੇਮਿਸ ਮੁਹਿੰਮ ਦੇ ਤਹਿਤ (Artemis II) ਚਾਰ ਪੁਲਾੜ ਯਾਤਰੀ ਚੰਦਰਮਾ ਦੇ ਆਲੇ-ਦੁਆਲੇ ਉਡਾਣ ਭਰਨਗੇ। ਇਹ ਉਡਾਣ ਚੰਦਰਮਾ ਦੀ ਸਤ੍ਹਾ 'ਤੇ ਉੱਤਰਨ ਦੇ ਮਿਸ਼ਨ ਵੱਲ ਇੱਕ ਹੋਰ ਕਦਮ ਹੈ ਅਤੇ ਏਜੰਸੀ ਨੂੰ ਮੰਗਲ ਗ੍ਰਹਿ 'ਤੇ ਭਵਿੱਖ ਦੇ ਪੁਲਾੜ ਯਾਤਰੀ ਮਿਸ਼ਨਾਂ ਲਈ ਤਿਆਰ ਕਰਨ ਵਿੱਚ ਮਦਦ ਕਰੇਗੀ। ਹੁਣ ਤੁਸੀਂ ਵੀ ਇਸ ਉਡਾਣ ਦਾ ਹਿੱਸਾ ਬਣ ਸਕਦੇ ਹੋ ਤੇ ਆਪਣਾ ਨਾਮ ਦਰਜ ਕਰਵਾ ਸਕਦੇ ਹੋ। ਦਰਜ ਕੀਤੇ ਗਏ ਨਾਮ ਇੱਕ ਕਾਰਡ (SD Card) ਦੇ ਅੰਦਰ ਸਟੋਰ ਕੀਤੇ ਜਾਣਗੇ ਜੋ 2026 ਵਿੱਚ ਆਰਟੇਮਿਸ II ਮਿਸ਼ਨ ਦੇ ਲਾਂਚ ਹੋਣ 'ਤੇ ਉਸ ਦੇ ਅੰਦਰ ਸ਼ਾਮਲ ਹੋਵੇਗਾ। ਆਪਣਾ ਨਾਮ ਤੁਸੀਂ ਹੇਠਾਂ ਦਿੱਤੇ ਲਿੰਕ 'ਤੇ ਦਰਜ ਕਰ ਸਕਦੇ ਹੋ।

https://www3.nasa.gov/send-your-name-with-artemis/

**ਹਵਾਲਾ:**

https://www.nasa.gov/gallery/space-

## ਇਸ ਅੰਕ ਵਿਚ

**2** ਸੰਪਾਦਕੀ: ਨਵੇਂ ਦਿਸਹੱਦੇ
**3** ਸੂਰਜੀ ਗੜਬੜ/ਡਾ. ਦੇਵਿੰਦਰ ਪਾਲ ਸਿੰਘ, ਕੈਨੇਡਾ
**9** ਸਹਾਰਾ/ਰੂਪ ਢਿੱਲੋਂ
**15** ਚੰਦਰਯਾਨ-ਤ੍ਰਿਸ਼ਕਿਨ/ਗੁਰਚਰਨ ਕੌਰ ਥਿੰਦ
**24** ਸਿਤਾਰਿਆਂ ਤੋਂ ਅੱਗੇ/ਅਮਨਦੀਪ ਸਿੰਘ
**31** ਗੁਰੂ ਗ੍ਰੰਥ ਸਾਹਿਬ ਅਤੇ ਵਿਗਿਆਨ/ਜਸਵਿੰਦਰ ਸਿੰਘ ਰੁਪਾਲ
**38** ਕਵਿਤਾ - ਵਕਤ/ਅਮਨਦੀਪ ਸਿੰਘ
**39** ਮੈਂ ਵਿਗਿਆਨ ਕਹਾਣੀਆਂ ਕਿਉਂ ਲਿਖਦਾ ਹਾਂ??/ਅਜਮੇਰ ਸਿੱਧੂ

**ਬੱਚਿਆਂ ਦਾ ਕੋਨਾ**

**42** ਮਨੁੱਖ ਫੇਰ ਸ਼ੈਤਾਨ ਹੋ ਗਿਆ/ਹਰੀ ਕ੍ਰਿਸ਼ਨ ਮਾਇਰ
**45** ਜ਼ਹੀਨ ਵਿਗਿਆਨੀ ਸਰ ਸੀ. ਵੀ. ਰਮਨ/ਡਾ. ਕਰਮਜੀਤ ਸਿੰਘ ਧਾਲੀਵਾਲ
**49** ਕਵਿਤਾ -ਵਿਗਿਆਨ/ਸੁਰਿੰਦਰਪਾਲ ਸਿੰਘ
**50** ਪੁਸਤਕ ਰੀਵਿਊ/ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ/ਬਲਜਿੰਦਰ ਮਾਨ
**51** ਕਵਿਤਾ - ਆਓ ਪਾਣੀ ਬਚਾਈਏ/ਸੁਰਿੰਦਰਪਾਲ ਸਿੰਘ
**52** ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

*Udaan* is published quarterly by Amandeep Singh for Aman Publications, located at 13 Bluebird Dr., Grafton, MA, USA. © Copyright 2025 by the respective authors. The opinions expressed in this publication are those of the authors and do not necessarily reflect the opinions of Udaan Magazine or its editorial team.

# ਸੰਪਾਦਕੀ: ਨਵੇਂ ਦਿਸਹੱਦੇ

“ਉਡਾਣ” ਦੇ ਪਿਆਰੇ, ਸੂਝਵਾਨ ਤੇ ਸੁਹਿਰਦ ਪਾਠਕਾਂ ਨੂੰ ਨਵੇਂ ਸਾਲ ਦੀ ਸ਼ੁੱਭ ਮੁਬਾਰਕਵਾਦ। ਅਸੀਂ ਅਰਦਾਸ ਤੇ ਆਸ ਕਰਦੇ ਹਾਂ ਕਿ ਇਹ ਨਵਾਂ ਸਾਲ ਆਪ ਸਭ ਲਈ ਨਵੀਆਂ ਆਸਾਂ, ਸੱਧਰਾਂ, ਖ਼ੁਸ਼ੀਆਂ ਤੇ ਖੇੜੇ ਲੈ ਕੇ ਆਵੇ। ਜਿਵੇਂ ਹੀ ਅਸੀਂ ਇਸ ਨਵੇਂ ਸਾਲ ਵਿੱਚ ਕਦਮ ਰੱਖਦੇ ਹਾਂ, ਸਾਡੀ ਜ਼ਿੰਦਗੀ ਵਿੱਚ "ਵਿਗਿਆਨ" ਅਤੇ "ਗਲਪ" ਵਿਚਕਾਰ ਸੀਮਾ ਕਦੇ ਵੀ ਇੰਨੀ ਪਤਲੀ ਨਹੀਂ ਹੋਈ ਹੈ। ਅੱਜ ਜਦੋਂ ਕਿ ਸਾਨੂੰ ਮਿਲਣ ਵਾਲੀਆਂ ਖ਼ਬਰਾਂ ਏਆਈ ਤੇ ਏਆਈ-ਯੁਕਤ ਸਮਾਰਟ ਉਪਕਰਨਾਂ (ਕਾਰਾਂ, ਰੋਬੋਟ, ਐਨਕਾਂ, ਆਦਿ) ਨਾਲ਼ ਲਬਰੇਜ਼ ਹਨ, ਜੋ ਕਿਸੇ ਵਿਗਿਆਨ ਗਲਪ ਕਹਾਣੀ ਜਾਂ ਨਾਵਲ ਤੋਂ ਲਏ ਗਏ ਮਹਿਸੂਸ ਹੁੰਦੇ ਹਨ, ਸਾਡਾ ਦਿਲ ਭਵਿੱਖ ਦੀ ਅਨਿਸ਼ਚਿਤਤਾ ਬਾਰੇ ਸਵਾਲ ਪੁੱਛਦਾ ਹੈ? ਉਡਾਣ ਦੇ ਇਸ ਨਵੇਂ ਸਾਲ ਦੇ ਅੰਕ ਵਿੱਚ, ਅਸੀਂ ਕਈ ਅਜਿਹੇ ਸਵਾਲਾਂ ਦੀ ਪੜਚੋਲ ਕਰਦੇ ਹਾਂ - ਸਾਡੇ ਸੂਰਜ ਦੀ ਅਸਥਿਰ ਸਤ੍ਹਾ ਤੋਂ ਲੈ ਕੇ ਸਾਡੇ ਧਾਰਮਿਕ ਗ੍ਰੰਥ ਦੇ ਪ੍ਰਾਚੀਨ ਗਿਆਨ ਤੱਕ। ਅਸੀਂ ਡਾ. ਦੇਵਿੰਦਰ ਪਾਲ ਸਿੰਘ ਦੁਆਰਾ ਰਚਿਤ ਸੂਰਜੀ ਧੱਬਿਆਂ ਬਾਰੇ ਜਾਣਕਾਰੀ ਭਰਪੂਰ ਕਹਾਣੀ ਨਾਲ਼ ਸ਼ੁਰੂਆਤ ਕਰਦੇ ਹੋਏ, ਇਹ ਜਾਣਦੇ ਹਾਂ ਕਿ ਸੂਰਜ ਦੇ ਅੰਦਰੂਨੀ ਤੂਫ਼ਾਨ ਤੇ ਧਮਾਕੇ ਧਰਤੀ ਦੇ ਜੀਵਨ ਨੂੰ ਕਿਵੇਂ ਪ੍ਰਭਾਵਿਤ ਕਰਦੇ ਹਨ। ਇਸ ਮਹੀਨੇ ਰੂਪ ਢਿੱਲੋਂ ਦੀ "ਸਹਾਰਾ" ਕਹਾਣੀ ਦਾ ਅੰਤਿਮ ਭਾਗ ਪੇਸ਼ ਹੈ ਜੋ ਤੁਹਾਨੂੰ ਅਚੰਭੇ ਵਿਚ ਪਾ ਦੇਵੇਗਾ! ਗੁਰਚਰਨ ਕੌਰ ਥਿੰਦ ਦੇ ਲੜੀਵਾਰ ਵਿਗਿਆਨ ਗਲਪ ਨਾਵਲ "ਚੰਦਰਯਾਨ-ਤਿਸ਼ਕਿਨ" ਵਿਚ ਮੁੜ ਮਿੱਟੀ ਵੱਲ ਨੂੰ ਮੁੜਦੇ ਹੋਏ ਪੰਜਾਬ ਦੇ ਖੇਤਾਂ ਦੀ ਸੈਰ ਕਰੋ। ਮੇਰਾ ਲੜੀਵਾਰ ਵਿਗਿਆਨ ਗਲਪ ਨਾਵਲ “ਸਿਤਾਰਿਆਂ ਤੋਂ ਅੱਗੇ” ਤੁਹਾਨੂੰ ਦੋ-ਸਿਤਾਰਿਆਂ ਵਾਲੇ ਗ੍ਰਹਿ ਗੰਧਰਵ ’ਤੇ ਲੈ ਜਾਏਗਾ ਤੇ ਪ੍ਰਿਥਵੀ ਦੇ ਪੁਲਾੜ ਯਾਤਰੀ ਉੱਥੇ ਕੀ-ਕੀ ਲਭਦੇ ਹਨ? ਖੋਜ ਸ਼ਬਦ ਮੇਂ ਲੈ ਦੇ ਮਹਾਂਵਾਕ ਅਨੁਸਾਰ ਜਸਵਿੰਦਰ ਸਿੰਘ ਰੁਪਾਲ ਦੁਆਰਾ "ਗੁਰੂ ਗ੍ਰੰਥ ਸਾਹਿਬ ਅਤੇ ਵਿਗਿਆਨ" ਲੇਖ ਵਿਚ ਜਿੱਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚਲੇ ਸਿਧਾਂਤਾਂ ਨੂੰ ਵਿਗਿਆਨਕ ਨਿਯਮਾਂ ਨਾਲ਼ ਤੁਲਨਾ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ, ਉੱਥੇ ਇਹ ਵੀ ਵਿਚਾਰ ਕੀਤਾ ਗਿਆ ਹੈ ਕਿ ਅੱਜ ਦੇ ਵਿਗਿਆਨਕ ਯੁੱਗ ਵਿੱਚ ਇਸ ਦੀ ਕੀ ਮਹੱਤਤਾ ਹੈ? ਪੰਜਾਬੀ ਦੇ ਉੱਘੇ ਕਹਾਣੀਕਾਰ ਅਜਮੇਰ ਸਿੱਧੂ ਇੱਕ ਭਾਵੁਕ ਨਿੱਜੀ ਲੇਖ ਵਿਚ ਦੱਸਦੇ ਹਨ ਕਿ "ਮੈਂ ਵਿਗਿਆਨ ਦੀਆਂ ਕਹਾਣੀਆਂ ਕਿਉਂ ਲਿਖਦਾ ਹਾਂ??" - ਜੋ ਕਿ ਵਿਗਿਆਨ ਤੇ ਵਿਗਿਆਨ ਗਲਪ ਦੇ ਚਾਹਵਾਨ ਪਾਠਕਾਂ ਲਈ ਪੜ੍ਹਨਾ ਲਾਜ਼ਮੀ ਹੈ ਤਾਂ ਜੋ ਉਹ ਵਿਗਿਆਨਕ ਰਚਨਾਵਾਂ ਦਾ ਅਸਲੀ ਮਹੱਤਵ ਜਾਣ ਸਕਣ। ਸਾਨੂੰ ਸਾਡੇ ਵਿਸਤ੍ਰਿਤ ਬੱਚਿਆਂ ਦੇ ਕੋਨੇ 'ਤੇ ਵਿਸ਼ੇਸ਼ ਤੌਰ 'ਤੇ ਮਾਣ ਹੈ। ਹਰੀ ਕ੍ਰਿਸ਼ਨ ਮਾਇਰ ਦੀ ਬਾਲ ਕਹਾਣੀ "ਮਨੁੱਖ ਦੁਬਾਰਾ ਸ਼ੈਤਾਨ ਬਣ ਗਿਆ ਹੈ" ਵਿੱਚ ਇੱਕ ਚਿੜੀ ਤੇ ਉਸ ਦੇ ਬੋਟ ਦੁਆਰਾ ਮਨੁੱਖੀ ਸੁਭਾਅ ਦੇ ਹਨੇਰੇ ਪੱਖ ਨੂੰ ਬਿਆਨਿਆ ਗਿਆ ਹੈ, ਤਾਂ ਜੋ ਅਗਲੀ ਪੀੜ੍ਹੀ ਨੂੰ ਕੁਦਰਤ ਦੀ ਸਾਂਭ-ਸੰਭਾਲ ਦਾ ਸੰਦੇਸ਼ ਦਿੱਤਾ ਜਾ ਸਕੇ। ਸੁਰਿੰਦਰਪਾਲ ਸਿੰਘ ਦੀਆਂ ਦੋ ਬਾਲ ਵਿਗਿਆਨਕ ਕਵਿਤਾਵਾਂ ਵਿਚ ਸੁੰਦਰ ਅਲੰਕਾਰਾਂ ਰਾਹੀਂ ਮਹਤਵਪੂਰਣ ਜਾਣਕਾਰੀ ਸੌਖੇ ਤਰੀਕੇ ਨਾਲ਼ ਦਿੱਤੀ ਗਈ ਹੈ। ਬਲਜਿੰਦਰ ਮਾਨ ਦੁਆਰਾ ਕੀਤਾ ਗਿਆ ਪੁਸਤਕ ਰਿਵੀਊ, ਡਾ. ਡੀ. ਪੀ. ਸਿੰਘ ਦੁਆਰਾ ਰਚਿਤ ਨਵੀਂ ਕਿਤਾਬ "ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ" ਬਾਰੇ ਇਹ ਖੁਲਾਸਾ ਕਰਦਾ ਹੈ ਕਿ ਲੇਖਕ ਦੁਆਰਾ ਸੌਖੀ ਭਾਸ਼ਾ ਵਿੱਚ ਰਚੀਆਂ ਦਿਲਚਸਪ ਕਹਾਣੀਆਂ ਜਿੱਥੇ ਬਾਲ ਮਨਾਂ ਨੂੰ ਟੁੰਬਦੀਆਂ ਹਨ, ਉੱਥੇ ਹੀ ਵਿਗਿਆਨਕ ਵਰਤਾਰਿਆਂ ਦੇ ਰਹੱਸ ਤੋਂ ਪਰਦਾ ਵੀ ਚੁੱਕਦੀਆਂ ਹਨ। ਅੰਤ ਵਿੱਚ, ਅਸੀਂ ਡਾ. ਕਰਮਜੀਤ ਸਿੰਘ ਧਾਲੀਵਾਲ ਦੀ ਸਰ ਸੀ. ਵੀ. ਰਮਨ ਦੀ ਜੀਵਨੀ ਨਾਲ਼ ਉਨ੍ਹਾਂ ਦੀ ਵਿਲੱਖਣ ਪ੍ਰਤਿਭਾ ਦੀ ਵਿਰਾਸਤ ਦਾ ਜਸ਼ਨ ਮਨਾਉਂਦੇ ਹਾਂ, ਜੋ ਸਾਨੂੰ ਯਾਦ ਦਿਵਾਉਂਦਾ ਹੈ ਕਿ ਖੋਜ ਦੀ ਰੌਸ਼ਨੀ - ਰਮਨ ਪ੍ਰਭਾਵ ਵਾਂਗ - ਸਾਡੇ ਸਾਰੇ ਸੰਸਾਰ ਨੂੰ ਦੇਖਣ ਦੇ ਤਰੀਕੇ ਨੂੰ ਬਦਲ ਸਕਦੀ ਹੈ।

ਜਿਵੇਂ-ਜਿਵੇਂ 2026 ਆਪਣੇ-ਆਪ ਨੂੰ ਉਜਾਗਰ ਕਰਦਾ ਹੈ, ਆਓ ਅਸੀਂ ਆਪਣੀਆਂ ਨਜ਼ਰਾਂ ਤਾਰਿਆਂ ਵੱਲ ਤੇ ਪੈਰ ਧਰਤੀ 'ਤੇ ਟਿਕਾ ਕੇ ਰੱਖੀਏ, ਇੱਕ ਫਿੱਕਾ ਨੀਲਾ ਬਿੰਦੂ (ਜਿਵੇਂ ਕਿ ਕਾਰਲ ਸੈਗਨ ਕਹਿੰਦਾ ਹੈ) ਜਿਸਦੀ ਸੰਭਾਲ ਤੇ ਰੱਖਿਆ ਕਰਨ ਲਈ ਸਾਨੂੰ ਸਭ ਨੂੰ ਯਤਨਸ਼ੀਲ ਹੋਣਾ ਚਾਹੀਦਾ ਹੈ। ਉਮੀਦ ਹੈ ਕਿ ਹਮੇਸ਼ਾਂ ਦੀ ਤਰ੍ਹਾਂ ਤੁਸੀਂ ਇਸ ਅੰਕ ਵਿਚਲੀਆਂ ਰਚਨਾਵਾਂ ਨੂੰ ਵੀ ਜ਼ਰੂਰ ਪਸੰਦ ਕਰੋਗੇ। ਆਪਣੇ ਵਡਮੁੱਲੇ ਸੁਝਾਅ ਜ਼ਰੂਰ ਭੇਜਣਾ। ਆਪ ਜੀ ਦੇ ਸੁਝਾਵਾਂ ਤੇ ਪ੍ਰਤੀਕਿਰਿਆ ਦੀ ਉਡੀਕ ਵਿਚ ...

~ ਅਮਨਦੀਪ ਸਿੰਘ punjabiscifi@gmail.com

“ਉਡਾਣ” ਮੈਗ਼ਜ਼ੀਨ ਵਿੱਚ ਲੇਖਕਾਂ ਵਲੋਂ ਪ੍ਰਗਟਾਏ ਵਿਚਾਰ ਉਹਨਾਂ ਦੇ ਆਪਣੇ ਹਨ। ਅਦਾਰਾ ਉਡਾਣ ਦੀ ਸੰਪਾਦਕੀ ਟੀਮ ਦਾ ਉਹਨਾਂ ਨਾਲ਼ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ। - ਸੰਪਾਦਕ




ਬੇਸ਼ਕ ਵਿਗਿਆਨ ਦੀ ਅਜਬ ਦੁਨੀਆਂ ਨੇ ਮੈਨੂੰ ਬਚਪਨ ਵਿਚ ਹੀ ਮੋਹ ਲਿਆ ਸੀ ਪਰ ਜਦ ਤੋਂ ਮੈਂ 'ਇੰਡੋ-ਅਮੈਰੀਕਨ ਟਾਇਮਜ਼' ਅਖ਼ਬਾਰ ਦੇ ਵਿਗਿਆਨ ਕਾਲਮ ਨਵੀਸ ਦੀ ਜ਼ੁੰਮੇਵਾਰੀ ਸੰਭਾਲੀ ਸੀ, ਮੇਰਾ ਹਰ ਦਿਨ ਹੀ ਵਿਗਿਆਨ ਦੀ ਦੁਨੀਆਂ ਦੇ ਵਿਚਿੱਤਰ ਰਹੱਸਾਂ ਨਾਲ ਭਰ ਗਿਆ ਜਾਪਦਾ ਸੀ।

ਸੰਨ 1978 ਦੀ ਗੱਲ ਹੈ। ਆਪਣੇ ਕੰਮ ਦੇ ਸੰਬੰਧ ਵਿਚ ਹੀ ਮੈਂ ਉਸ ਦਿਨ ਸ਼ਿਕਾਗੋ ਯੂਨੀਵਰਸਿਟੀ ਦੇ ਕੈਨਸਿੰਗਟਨ ਹਾਲ ਵਿਖੇ ਹੋ ਰਹੇ 'ਸੂਰਜ ਅਤੇ ਧਰਤੀ ਦੀਆਂ ਪ੍ਰਸਪਰ ਕ੍ਰਿਆਵਾਂ ਬਾਰੇ ਅੰਤਰ-ਰਾਸ਼ਟਰੀ ਸੰਮੇਲਨ' ਵਿਖੇ ਹਾਜ਼ਿਰ ਸਾਂ। ਇਥੇ ਹੀ ਮੇਰੀ ਮੁਲਾਕਾਤ ਡਾ. ਚੰਦਨ ਦੱਤਾ ਨਾਲ ਹੋ ਗਈ। ਜੋ ਭਾਰਤ ਵਿਖੇ ਰਾਸ਼ਟਰੀ ਸੂਰਜੀ ਊਰਜਾ ਸੰਸਥਾ ਦਾ ਵਿਲੱਖਣ ਵਿਗਿਆਨੀ ਸੀ ਤੇ ਉਸ ਨੇ 'ਸੂਰਜੀ ਧੱਬਿਆਂ ਦਾ ਮਨੁੱਖੀ ਜੀਵਨ ਉੱਤੇ ਅਸਰ' ਸਿਰਲੇਖ ਵਾਲਾ ਖੋਜ ਪੱਤਰ ਇਸ ਸੰਮੇਲਨ ਵਿਖੇ ਪੇਸ਼ ਕੀਤਾ ਸੀ। ਜੋ ਹਾਜ਼ਿਰ ਸਰੋਤਿਆਂ ਵਿਚ ਖੂਬ ਚਰਚਾ ਦਾ ਵਿਸ਼ਾ ਬਣਿਆ। ਸੂਰਜੀ ਧੱਬਿਆਂ ਦਾ ਮਨੁੱਖੀ ਜੀਵਨ ਉੱਤੇ ਅਸਰ ਦੇ ਵਿਸ਼ੇ ਨੇ ਮੇਰੀ ਜਗਿਆਸਾ ਨੂੰ ਵੀ ਟੁੰਬ ਲਿਆ ਸੀ ਤੇ ਇਸ ਵਿਸ਼ੇ ਬਾਰੇ ਹੋਰ ਜਾਨਣ ਲਈ ਮੈਂ ਡਾ. ਦੱਤਾ ਤੋਂ ਲੰਚ ਬਰੇਕ ਦੌਰਾਨ ਗਲਬਾਤ ਦਾ ਸਮਾਂ ਲੈ ਹੀ ਲਿਆ। *****

ਲੰਚ ਬਰੇਕ ਦੌਰਾਨ ਮਿਲਦਿਆਂ ਹੀ ਮੈਂ ਡਾ. ਦੱਤਾ ਨੂੰ ਪੁੱਛਿਆ। 'ਡਾ. ਸਾਹਿਬ! ਤੁਹਾਡਾ ਖੋਜ ਪੱਤਰ ਬਹੁਤ ਹੀ ਦਿਲਚਸਪ ਸੀ। ਜੋ ਹਾਜ਼ਿਰ ਸਰੋਤਿਆਂ ਦੇ ਮਨ ਨੂੰ ਟੁੰਬ ਗਿਆ। ਬਹੁਤ ਸਾਰੇ ਸਰੋਤਿਆਂ ਨੇ ਇਸ ਨੂੰ ਸਰਾਹਿਆਂ ਭੀ।'

'ਜਾਣ ਕੇ ਖੁਸ਼ੀ ਹੋਈ ਕਿ ਸਰੋਤਿਆਂ ਨੂੰ ਮੇਰੇ ਖੋਜ ਕਾਰਜਾਂ ਦਾ ਖੁਲਾਸਾ ਪਸੰਦ ਆਇਆ।' ਡਾ. ਦੱਤਾ ਨੇ ਮੁਸਕਰਾਂਦਿਆਂ ਕਿਹਾ।

'ਡਾ. ਦੱਤਾ! ਮੇਰੇ ਮਨ ਵਿਚ ਕੁਝ ਸਵਾਲ ਹਨ, ਜੇ ਇਜ਼ਾਜ਼ਤ ਹੋਵੇ ਤਾਂ ਪੁੱਛ ਲਵਾਂ।' ਮੈਂ ਕਿਹਾ।

'ਜ਼ਰੂਰ!'

'ਸਰ! ਸੂਰਜੀ ਧੱਬਾ ਕੀ ਹੁੰਦਾ ਹੈ?' ਮੈਂ ਪੁੱਛਿਆ।

'ਸੂਰਜੀ ਧੱਬਾ ਸੂਰਜ ਦੀ ਸਤਿਹ ਉੱਤੇ ਅਜਿਹਾ ਖੇਤਰ ਹੁੰਦਾ ਹੈ ਜੋ ਆਪਣੇ ਚੋਗਿਰਦੇ ਨਾਲੋਂ ਘੱਟ ਗਰਮ ਹੁੰਦਾ ਹੈ। ਇਸੇ ਲਈ ਇਹ ਖੇਤਰ ਵਧੇਰੇ ਚਮਕਦਾਰ ਨਹੀਂ ਹੁੰਦਾ, ਤੇ ਆਮ ਕਰਕੇ ਕਾਲੇ ਧੱਬੇ ਵਰਗਾ ਨਜ਼ਰ ਆਉਂਦਾ ਹੈ।'

'ਕੀ ਇਹ ਸੱਚ ਹੈ ਕਿ ਸੂਰਜੀ ਧੱਬਿਆਂ ਦੇ ਜਨਮ ਤੇ ਮਰਨ ਦਾ ਵਰਤਾਰਾ ਹਰ ਗਿਆਰਾਂ ਸਾਲਾਂ ਬਾਅਦ ਵਾਪਰਦਾ ਹੈ?'

'ਜੀ! ਲਗਭਗ ਹਰ ਗਿਆਰਾਂ ਸਾਲ ਬਾਅਦ। ਤੇ ਇਹੋ ਲਗਭਗ ਸ਼ਬਦ ਹੀ ਵੱਡੀ ਗੜਬੜ ਦਾ ਕਾਰਣ ਹੈ।'

'ਉਹ ਕਿਵੇਂ?' ਮੈਂ ਪੁੱਛਿਆ।

'ਇਸ ਦਾ ਭਾਵ ਹੈ ਕਿ ਅਸੀਂ ਸੂਰਜੀ ਧੱਬਿਆਂ ਦੇ ਵਾਪਰਣ ਦਾ ਅੰਦਾਜ਼ਾ ਹੀ ਲਗਾ ਸਕਦੇ ਹਾਂ। ਪੱਕੇ ਤੌਰ ਉੱਤੇ ਕੁਝ ਕਹਿ ਸਕਣਾ ਸੰਭਵ ਨਹੀਂ ਹੈ।'

'ਕਈ ਮਾਹਿਰਾਂ ਦਾ ਖਿਆਲ ਹੈ ਕਿ ਸੂਰਜੀ ਧੱਬੇ ਧਰਤੀ ਵਾਸੀਆਂ ਉੱਤੇ ਬਹੁਤ ਪ੍ਰਭਾਵ ਪਾਉਂਦੇ ਹਨ। ਕੀ ਇਹ ਸੱਚ ਹੈ?'

'ਬਹੁਤੇ ਪ੍ਰਭਾਵ ਤਾਂ ਸਿਰਫ਼ ਖ਼ਿਆਲੀ ਪੁਲਾਅ ਹੀ ਹਨ ਪਰ ਕੁਝ ਕੁ ਵੇਰਵੇ ਸੱਚ ਵੀ ਹਨ। ਜਿਵੇਂ ਕਿ ਸੂਰਜੀ ਧੱਬਿਆ ਦੀ ਹੋਂਦ ਕਾਰਣ ਧਰਤੀ ਦੇ ਚੁੰਬਕੀ ਖੇਤਰ ਦੀ ਗੜਬੜ, ਰੇਡੀਓ ਤਰੰਗਾਂ ਦੇ ਪ੍ਰਸਾਰ ਕਾਰਜਾਂ ਵਿਚ ਵਿਕਾਰ ਅਤੇ ਧਰੁਵੀਂ ਰੋਸ਼ਨੀਆਂ ਦਾ ਨਜ਼ਰ ਆਉਣਾ ਬਿਲਕੁਲ ਸੱਚ ਪ੍ਰਭਾਵ ਹਨ।'

'ਡਾ. ਦੱਤਾ! ਤੁਸੀਂ ਇਨ੍ਹਾਂ ਖੇਤਰਾਂ ਵਿਚੋਂ ਕਿਸ ਖੇਤਰ ਬਾਰੇ ਖੋਜ ਕਾਰਜ ਕਰਦੇ ਹੋ?'

'ਮੇਰਾ ਕੰਮ ਕੁਝ ਵੱਖਰਾ ਹੈ। ਜਿਵੇਂ ਕਿ ਅਸੀਂ ਜਾਣਦੇ ਹੀ ਹਾਂ ਕਿ ਚੇਚਕ ਦੀ ਬੀਮਾਰੀ ਕਾਰਣ ਮਨੁੱਖੀ ਸਰੀਰ ਉੱਤੇ ਲਾਲ ਲਾਲ ਧੱਫੜ (Skin Rash) ਜੋ ਜਾਂਦੇ ਹਨ ਜੋ ਸਿਰਫ਼ ਬੀਮਾਰੀ ਦੇ ਲੱਛਣ ਹੁੰਦੇ ਹਨ ਨਾ ਕਿ ਬੀਮਾਰੀ ਦਾ ਕਾਰਣ। ਬੀਮਾਰੀ ਦਾ ਅਸਲ ਕਾਰਣ ਤਾਂ ਇਕ ਖਾਸ ਕਿਸਮ ਦਾ ਅਦ੍ਰਿਸ਼ ਵਾਇਰਸ ਹੁੰਦਾ ਹੈ। ਠੀਕ ਇੰਝ ਹੀ ਸੂਰਜੀ ਧੱਬਿਆਂ ਦੇ ਨੁਕਸਾਨਦੇਹ ਪ੍ਰਭਾਵਾਂ ਦਾ ਅਸਲ ਕਾਰਣ ਸੂਰਜ ਦਾ ਖਾਸ ਖ਼ੇਤਰ ਹੈ, ਜਿਸ ਨੂੰ ਐੱਸ-ਖੇਤਰ ਕਿਹਾ ਜਾਂਦਾ ਹੈ।'

'ਕੀ ਇਹ ਖੇਤਰ ਵੀ ਚੇਚਕ ਦੇ ਵਾਇਰਸ ਵਾਂਗ ਹੀ ਅਦ੍ਰਿਸ਼ ਹੁੰਦਾ ਹੈ।'

'ਹਾਂ। ਨੰਗੀ ਅੱਖ ਨਾਲ ਤਾਂ ਇਸ ਖੇਤਰ ਨੂੰ ਨਹੀਂ ਦੇਖਿਆ ਜਾ ਸਕਦਾ। ਪਰ ਖਾਸ ਕਿਸਮ ਦੀਆਂ ਦੂਰਬੀਨਾਂ ਦੀ ਮਦਦ ਨਾਲ ਇਸ ਖੇਤਰ ਨੂੰ ਦੇਖ ਸਕਣਾ ਸੰਭਵ ਹੈ। ਅੰਦਾਜ਼ਾ ਹੈ ਕਿ ਇਸ ਖੇਤਰ ਤੋਂ ਆ ਰਿਹਾ ਕਿਰਨ ਸੰਚਾਰ ਧਰਤੀ ਉੱਤੇ ਮਾੜੇ ਪ੍ਰਭਾਵਾਂ ਦਾ ਕਾਰਣ ਬਣਦਾ ਹੈ।'

'ਭਲਾ, ਤੁਸੀਂ ਕਿਹੜੇ ਮਾੜੇ ਪ੍ਰਭਾਵਾਂ ਦੀ ਗੱਲ ਕਰ ਰਹੇ ਹੋ? ਚੰਗਾ ਰਹੇ ਜੇ ਥੋੜ੍ਹਾ ਵਿਸਥਾਰ ਨਾਲ ਦੱਸ ਸਕੋ।'

'ਹਾਂ! ਕਿਉਂ ਨਹੀਂ? ਕਦੇ ਤੁਸੀਂ ਸੋਚਿਆ ਹੈ ਕਿ ਦੁਨੀਆਂ ਵਿਚ ਬੁਰਾਈ ਦੀ ਜੜ੍ਹ ਕੀ ਹੈ?'

'ਜੀ! ਇਹ ਕਾਫ਼ੀ ਔਖਾ ਸਵਾਲ ਹੈ।' ਕਹਿੰਦਿਆਂ ਮੈਂ ਉਲਝਣ ਮਹਿਸੂਸ ਕਰ ਰਿਹਾ ਸਾਂ।

'ਹਾਂ। ਕਈ ਦਾਰਸ਼ਿਨਕਾਂ ਦਾ ਵਿਚਾਰ ਹੈ ਮਨੁੱਖੀ ਮਨ ਹੀ ਮੂਲ ਰੂਪ ਵਿਚ ਮਨੁੱਖੀ ਦੁਰਾਚਾਰ ਤੇ ਬੁਰਾਈ ਦੀ ਜੜ੍ਹ ਹੈ। ਪਰ ਹੁਣ ਵਿਗਿਆਨ ਨੇ ਇਸ ਸਵਾਲ ਦੇ ਹੱਲ ਬਾਰੇ ਨਵੇਂ ਤੱਥ ਸੁਝਾਏ ਹਨ।'

'ਉਹ ਕੀ?'

'ਜ਼ਰਾ ਮਨੁੱਖੀ ਇਤਿਹਾਸ ਉੱਤੇ ਨਜ਼ਰ ਮਾਰੀਏ ਤਾਂ ਸਹਿਜੇ ਹੀ ਦੇਖਿਆ ਜਾ ਸਕਦਾ ਹੈ ਕਿ ਸੰਸਾਰ ਵਿਚ ਕਈ ਵਾਰ ਲੰਮਾ ਸਮਾਂ ਸ਼ਾਂਤੀ ਦਾ ਮਾਹੌਲ ਰਿਹਾ ਹੈ, ਜਿਸ ਦੌਰਾਨ ਮਨੁੱਖੀ ਸੱਭਿਅਤਾ ਤਰੱਕੀ ਦੀਆਂ ਨਵੀਆਂ ਮੰਜ਼ਿਲਾਂ ਸਰ ਕਰਦੀ ਦੇਖੀ ਗਈ। ਪਰ ਅਚਾਨਕ ਹੀ ਕੁਝ ਅਜਿਹਾ ਵਾਪਰ ਜਾਂਦਾ ਹੈ ਜਿਸ ਦੇ ਪਾਗਲਪਣ ਕਾਰਣ ਵਿਸ਼ਵ ਭਰ ਵਿਚ ਜੰਗਾਂ ਲੱਗ ਜਾਂਦੀਆਂ ਹਨ। ਫਲਸਰੂਪ ਮਨੁੱਖ ਦੁੱਖਾਂ-ਦਰਦਾਂ ਦਾ ਸੰਤਾਪ ਹੰਡਾਉਂਦਾ ਹੋਇਆ ਮੌਤ ਦੇ ਦੈਂਤ ਦਾ ਖਾਜਾ ਬਣਨ ਲੱਗਦਾ ਹੈ।'

'ਪਰ, ਜੰਗਾਂ ਦੇ ਵਾਪਰਣ ਦੇ ਤਾਂ ਖਾਸ ਕਾਰਣ ਹੁੰਦੇ ਹਨ।'

'ਕਿਹੜੇ ਕਾਰਣ?'

'ਦੇਸ਼ਾਂ ਦੀ ਹੱਦਬੰਦੀ ਦੇ ਝਗੜੇ,......ਆਰਥਿਕ ਮੁਕਾਬਲੇਬਾਜ਼ੀ,......ਸਰਹੱਦੀ ਉਲੰਘਣ ਦੀਆਂ ਘਟਨਾਵਾਂ......ਆਦਿ।' 'ਇਹ ਸੱਭ ਬੇਫਜ਼ੂਲ ਗੱਲਾਂ ਹਨ। ਦਰਅਸਲ ਮਨੁੱਖਾਂ ਨੂੰ ਜੰਗ ਕਰਨ ਲਈ ਤਾਂ ਨਿਗੁਣਾ ਜਿਹਾ

ਬਹਾਨਾ ਹੀ ਚਾਹੀਦਾ ਹੈ। ਅਸਲ ਵਿਚ ਅਜਿਹਾ ਵਰਤਾਰਾ ਉਨ੍ਹਾਂ ਦੇ ਵੱਸ ਵਿਚ ਹੀ ਨਹੀਂ ਹੁੰਦਾ, ਉਹ ਤਾਂ ਵੱਸੋਂ ਬਾਹਰਲੀਆਂ ਤਾਕਤਾਂ ਦੇ ਹੱਥ ਵਿਚ ਇਕ ਖਿਡੌਣਾ ਹੀ ਹੁੰਦੇ ਹਨ।'

'ਕਿਹੜੀਆਂ ਤਾਕਤਾਂ? ਜ਼ਰਾ ਖੋਲ ਕੇ ਦੱਸੋ ਨਾ!' ਮੈਂ ਕਿਹਾ।

'ਸੱਭ ਤੋਂ ਪਹਿਲਾਂ ਅਜਿਹੀਆਂ ਤਾਕਤਾਂ ਦੀ ਸ਼ਨਾਖ਼ਤ ਦਾ ਕਿੱਸਾ ਸੰਨ 1965 ਵਿਚ ਮਾਹਿਰਾਂ ਦੀ ਨਜ਼ਰ ਵਿਚ ਆਇਆ। ਉਨ੍ਹੀ ਦਿਨ੍ਹੀ ਅਨੇਕ ਲੋਕ ਗੰਭੀਰ ਮਾਨਸਿਕ ਗੜਬੜ ਜਿਵੇਂ ਕਿ ਉਦਾਸੀ, ਚਿੰਤਾ, ਤੇ ਅਨੀਂਦਰਾ, ਵਰਗੇ ਹਾਲਤਾਂ ਦਾ ਸ਼ਿਕਾਰ ਦੇਖੇ ਗਏ। ਉਨ੍ਹਾਂ ਦੀ ਮਨੋਦਸ਼ਾ, ਜੀਵਨ ਪ੍ਰਤੀ ਬੇਰੁਖੀ ਤੇ ਦੁਨੀਆਂ ਪ੍ਰਤੀ ਨਰਾਜ਼ਗੀ ਤੇ ਕਰੂਰਤਾ ਭਰੇ ਗੁੱਸੇ ਵਰਗੇ ਹਾਲਾਤਾਂ ਦਾ ਸ਼ਿਕਾਰ ਦੇਖੀ ਗਈ। ਸਪਸ਼ਟ ਸੀ ਕਿ ਇਹ ਲੋਕ ਬਹੁਤ ਹੀ ਅਸ਼ਾਂਤ ਸਨ। ਇਹ ਲੋਕ ਹਰੇਕ ਮਨੁੱਖੀ ਵਰਗ ਜਿਵੇਂ ਕਿ ਨੌਜਆਨ ਜਾਂ ਅੱਧਖੜ੍ਹ, ਕੁਆਰੇ ਜਾਂ ਵਿਆਹੇ, ਔਰਤ ਜਾਂ ਮਰਦ, ਪੜ੍ਹੇ-ਲਿਖੇ ਜਾਂ ਅਨਪੜ੍ਹ, ਮੁਲਾਜ਼ਮ ਜਾਂ ਵਪਾਰੀ ਆਦਿ ਨਾਲ ਸੰਬੰਧਤ ਸਨ। ਜੋ ਆਮ ਹਾਲਤਾਂ ਵਿਚ ਬਿਲਕੁਲ ਠੀਕ ਸਿਹਤ ਤੇ ਸਹੀ ਮਾਨਸਿਕ ਦਸ਼ਾ ਦੇ ਮਾਲਿਕ ਸਨ। ਉਨ੍ਹਾਂ ਦੇ ਮੌਜੂਦਾ ਹਾਲਾਤ ਬਿਨ੍ਹਾਂ ਕਿਸੇ ਅਗਾਊਂ ਚਿਤਾਵਨੀ ਦੇ ਅਚਾਨਕ ਹੀ ਪੈਦਾ ਹੋ ਗਏ ਸਨ। ਉਨ੍ਹਾਂ ਨੂੰ ਅਚਾਨਕ ਹੀ ਸਾਰੀ ਦੁਨੀਆਂ ਕਿਸੇ ਮਾੜੇ ਸੁਪਨੇ ਵਰਗੀ ਨਜ਼ਰ ਆਉਣ ਲੱਗ ਪਈ ਸੀ। ਦਸ ਕੁ ਦਿਨਾਂ ਬਾਅਦ ਇਹ ਵਰਤਾਰਾ ਆਪੇ ਹੀ ਖ਼ਤਮ ਹੋ ਗਿਆ। ਤੇ ਉਹ ਸਾਰੇ ਲੋਕ ਜੋ ਇਸ ਮਾਨਸਿਕ ਗੜਬੜੀ ਦਾ ਸ਼ਿਕਾਰ ਹੋਏ ਸਨ, ਪਹਿਲਾਂ ਵਾਂਗ ਹੀ ਬਿਲਕੁਲ ਠੀਕ ਸਿਹਤ ਤੇ ਸਹੀ ਮਨੋਦਸ਼ਾ ਵਾਲੇ ਹੋ ਗਏ।'

'ਮੇਰਾ ਤਾਂ ਖ਼ਿਆਲ ਹੈ ਕਿ ਅਜਿਹਾ ਵਰਤਾਰਾ ਅਜੋਕੇ ਸਮੇਂ ਦੀ ਤਣਾਉ ਭਰੀ ਜ਼ਿੰਦਗੀ ਕਾਰਨ ਵਾਪਰਿਆ ਹੋ ਸਕਦਾ ਹੈ।' ਮੈਂ ਆਪਣੀ ਸ਼ੰਕਾ ਜ਼ਾਹਿਰ ਕੀਤੀ।

'ਦਰਅਸਲ ਜ਼ਿੰਦਗੀ ਵਿਚ ਤਣਾਉ ਦੇ ਭਰਮਾਰ ਦੀ ਧਾਰਣਾ ਤਾਂ ਬਹੁਤ ਪੁਰਾਣੀ ਹੈ। ਮਾਹਿਰਾਂ ਦਾ ਕਹਿਣਾ ਹੈ ਕਿ ਪ੍ਰਾਚੀਨ ਕਾਲ ਦੌਰਾਨ ਆਦਿ ਮਾਨਵ ਵੀ ਅਜੋਕੇ ਸਮੇਂ ਦੇ ਤਣਾਉ ਪੂਰਨ ਹਾਲਤਾਂ ਵਰਗਾ ਹੀ ਜੀਵਨ ਬਸਰ ਕਰਦਾ ਸੀ। ਉਨ੍ਹਾਂ ਨੇ ਤਾਂ ਅਸਟ੍ਰੇਲੀਆ ਦੇ ਪ੍ਰਾਚੀਨ ਪਹਾੜੀ ਕਬੀਲਿਆ ਦੇ ਲੋਕਾਂ ਵਿਚ 'ਨਰਵਸ ਬ੍ਰੈਕਡਾਊਨ' ਵਰਗੇ ਲੱਛਣਾਂ ਦੀ ਵੀ ਦੱਸ ਪਾਈ ਹੈ। ਇੰਝ ਤਣਾਉ ਭਰਪੂਰ ਜ਼ਿੰਦਗੀ ਵਾਲੀ ਧਾਰਣਾ ਉਪਰੋਕਤ ਵਰਤਾਰੇ ਦਾ ਸੱਚ ਪ੍ਰਗਟ ਕਰਨ ਦੇ ਅਸਮਰਥ ਹੀ ਹੈ।' 'ਕੀ ਅਜਿਹੇ ਮਰੀਜ਼ਾਂ ਦਾ ਕੋਈ ਇਲਾਜ ਸੰਭਵ ਨਹੀਂ ਹੁੰਦਾ?' ਮੈਂ ਪੁੱਛਿਆ। ਡਾ. ਦੱਤਾ ਦੀ ਵਿਆਖਿਆ ਨੇ ਮੈਨੂੰ ਹੋਰ ਉਲਝਣ ਵਿਚ ਫ਼ਸਾ ਦਿੱਤਾ ਸੀ।

'ਡਾਕਟਰਾਂ ਦੀ ਰਿਪੋਰਟ ਅਨੁਸਾਰ, ਉਪਰੋਕਤ ਵਰਤਾਰੇ ਦੇ ਸ਼ਿਕਾਰ ਲਗਭਗ ਸਾਰੇ ਹੀ ਲੋਕ ਆਮ ਤੌਰ ਉੱਤੇ ਠੀਕ ਸਿਹਤ ਦੇ ਮਾਲਿਕ ਸਨ। ਉਨ੍ਹਾਂ ਦਾ ਨਿੱਜੀ ਜੀਵਨ ਵੀ ਠੀਕ ਠਾਕ ਸੀ। ਨਾ ਤਾਂ ਉਨ੍ਹਾਂ ਨੂੰ ਕਿਸੇ ਵਿੱਤੀ ਸੰਕਟ ਦਾ ਸਾਹਮਣਾ ਸੀ, ਤੇ ਨਾ ਹੀ ਉਨ੍ਹਾਂ ਨੂੰ ਵਿਵਾਹਿਕ ਜ਼ਿੰਦਗੀ ਦਾ ਕੋਈ ਗੰਭੀਰ ਮਸਲਾ ਦਰਪੇਸ਼ ਸੀ। ਤੇ ਨਾ ਹੀ ਉਨ੍ਹਾਂ ਵਿਚੋਂ ਕਿਸੇ ਦੇ ਵੀ ਪਰਿਵਾਰ ਵਿਚ ਕਿਸੇ ਦਿਮਾਗੀ ਬੀਮਾਰੀ ਦੀ ਹਿਸਟਰੀ ਹੀ ਦੇਖੀ ਗਈ। ਅਜਿਹੇ ਲੋਕਾਂ ਦੀ ਜਾਂਚ ਤੋਂ ਸਿਰਫ਼ ਇਕ ਹੀ ਤੱਥ ਉਭਰ ਕੇ ਸਾਹਮਣੇ ਆਇਆ ਕਿ ਉਹ ਕਦੇ ਕਦੇ ਕਿਸੇ ਖ਼ਾਸ ਸਮੇਂ ਬਹੁਤ ਹੀ ਅਸ਼ਾਂਤ ਤੇ ਪ੍ਰੇਸ਼ਾਨ ਮਹਿਸੂਸ ਕਰਦੇ ਸਨ।'

'ਕੀ ਉਨ੍ਹਾਂ ਦੀ ਇਸ ਹਾਲਾਤ ਨੂੰ ਮਨ ਸ਼ਾਂਤ ਕਰਨ ਵਾਲੀਆਂ ਦਵਾਈਆਂ ਨਾਲ ਠੀਕ ਕਰ ਸਕਣਾ ਸੰਭਵ ਨਹੀਂ ਸੀ?'

'ਹਾਂ। ਕੁਝ ਲੋਕਾਂ ਨੂੰ ਅਜਿਹੀਆਂ ਦਵਾਈਆਂ ਦਿੱਤੀਆ ਵੀ ਗਈਆਂ। ਤੇ ਅਜਿਹਾ ਕਰਨ ਨਾਲ ਉਨ੍ਹਾਂ ਦੀ ਹਾਲਾਤ ਵਿਚ ਥੋੜ੍ਹਾ ਸੁਧਾਰ ਵੀ ਨਜ਼ਰ ਆਇਆ। ਪਰ ਇਹ ਪੱਕਾ ਇਲਾਜ ਨਹੀਂ ਸੀ। ਮਾਹਿਰਾਂ ਨੇ ਮਰੀਜ਼ਾਂ ਨੂੰ ਇਸ ਬਿਮਾਰੀ ਦੇ ਲੱਛਣਾਂ ਦੇ ਆਰੰਭ ਹੋਣ, ਉਨ੍ਹਾਂ ਦੀ ਤੀਬਰਤਾ, ਉਨ੍ਹਾਂ ਵਿਚ ਤਬਦੀਲੀ (ਵਾਧੇ ਜਾਂ ਘਾਟੇ ਦਾ ਵਾਪਰਣਾ) ਬਾਰੇ ਪੂਰੇ ਧਿਆਨ ਨਾਲ ਰਿਕਾਰਡ ਕਰਣ ਲਈ ਕਿਹਾ।'

'ਤਾਂ ਕੀ ਇਸ ਰਿਕਾਰਡ ਤੋਂ ਕੁਝ ਪਤਾ ਲੱਗਿਆ ਕਿ ਆਖ਼ਰ ਮਸਲਾ ਕੀ ਹੈ?' ਪੁੱਛਦਿਆਂ, ਮੈਂ ਸਮੱਸਿਆਂ ਦਾ ਹੱਲ ਜਾਨਣ ਲਈ ਤਤਪਰ ਸਾਂ।

'ਬਹੁਤ ਸਾਰੇ ਕੇਸਾਂ ਵਿਚ ਤਾਂ ਇਹ ਦੌਰੇ ਅਚਾਨਕ ਝਟਕੇ ਵਾਂਗ ਹੀ ਸ਼ੁਰੂ ਹੋਣ ਦਾ ਪਤਾ ਲੱਗਾ। ਇਸ ਦੌਰੇ ਦੌਰਾਨ ਪਹਿਲਾਂ ਥੋੜ੍ਹੀ ਗਿਲਾਨੀ ਤੇ ਬੇਚੈਨੀ ਦਾ ਮਹਿਸੂਸ ਹੋਣਾ ... ਫਿਰ ਗਰਮ ਜਾਂ ਠੰਡੇ ਫ਼ਲੈਸ਼ਜ਼ ਦਾ ਵਾਪਰਣਾ, ......ਸਿਰ ਚਕਰਾਉਣਾ......ਤੇ ਨਜ਼ਰ ਦਾ ਫੱਟਣਾ ਆਦਿ ਲੱਛਣ ਦੇਖੇ ਗਏ। ਤਦ ਹੀ ਮਰੀਜ਼ਾਂ ਵਿਚ ਗੰਭੀਰ ਉਦਾਸੀ ਤੇ ਜੀਵਨ ਪ੍ਰਤੀ ਬੇਹੱਦ ਦਰਜੇ ਦਾ ਗੁੱਸੇ ਦਾ ਦੌਰ ਦੇਖਿਆ ਗਿਆ। ਇਕ ਵਿਅਕਤੀ ਦਾ ਕਹਿਣਾ ਸੀ ਉਸ ਨੂੰ ਲੱਗ ਰਿਹਾ ਸੀ ਕਿ ਜਿਵੇਂ ਦੁਨੀਆਂ ਉਸ ਉੱਤੇ ਭਾਰੂ ਹੋ ਗਈ ਸੀ। ਕਿਸੇ ਹੋਰ ਦਾ ਕਹਿਣਾ ਸੀ ਕਿ ਉਸ ਨੂੰ ਜਾਪ ਰਿਹਾ ਸੀ ਕਿ ਉਸ ਦੇ ਨੇੜਲੇ ਹੀ ਉਸ ਦੀ ਤਬਾਹੀ ਦਾ ਜਾਲ ਬੁਣ ਰਹੇ ਸਨ। ਇਕ ਔਰਤ ਨੇ ਤਾਂ ਮਾਰੇ ਡਰ ਦੇ ਆਪਣੇ ਪਤੀ ਨੂੰ, ਉਸ ਨੂੰ, ਅਲੱਗ ਕਮਰੇ ਵਿਚ ਬੰਦ ਕਰਨ ਲਈ ਕਿਹਾ, ਤਾਂ ਜੋ ਉਹ ਬੱਚਿਆਂ ਨੂੰ ਨੁਕਸਾਨ ਨਾ ਪਹੁੰਚਾ ਦੇਵੇ। ਇਨ੍ਹਾਂ ਸਾਰੇ ਕੇਸਾਂ ਦੀ ਲੰਮੀ ਜਾਂਚ ਪੜਤਾਲ ਤੋਂ ਹੀ ਮੈਨੂੰ ਇਕ ਖਾਸ ਪੈਟਰਨ ਦਾ ਪਤਾ ਲੱਗਾ।'

'ਖਾਸ ਪੈਟਰਨ......ਉਹ ਕੀ?' ਪੁੱਛਦਿਆਂ ਮੇਰੀ ਜਗਿਆਸਾ ਕਾਫ਼ੀ ਵੱਧ ਗਈ ਸੀ।

'ਸੱਭ ਤੋਂ ਪਹਿਲਾਂ ਤਾਂ ਇਹ ਗੱਲ ਨਜ਼ਰ ਪਈ ਕਿ ਇਹ ਦੌਰੇ ਸਵੇਰੇ 6:30 ਤੋਂ ਸ਼ਾਮ 7:30 ਵਜੇ ਦੇ ਅਰਸੇ ਦੌਰਾਨ ਦਿਨ ਸਮੇਂ ਹੀ ਵਾਪਰਦੇ ਸਨ। ਦੂਸਰੀ ਗੱਲ ......ਸੈਂਕੜੇ ਮੀਲਾਂ ਦੀ ਦੂਰੀ ਵਿਖੇ ਮੌਜੂਦ ਅਜਨਬੀਆਂ ਵਿਚ ਵੀ ਇਹ ਦੌਰੇ ਲਗਭਗ ਇਕੋ ਸਮੇਂ ਹੀ ਵਾਪਰੇ ਸਨ। ਪਹਿਲਾਂ ਪਹਿਲ ਤਾਂ ਮੈਂ ਇਸ ਨੂੰ ਇਤਫਾਕੀਆਂ ਘਟਨਾ ਹੀ ਸਮਝਿਆ। ਪਰ ਜਿਵੇਂ ਜਿਵੇਂ ਮੈਂ ਪ੍ਰਾਪਤ ਰਿਕਾਰਡਾਂ ਦੀ ਜਾਂਚ ਕੀਤੀ ਤਾਂ ਮੈਨੂੰ ਪੱਕ ਹੋ ਗਿਆ ਕਿ ਇਹ ਵਰਤਾਰਾ ਇਤਫਾਕੀਆਂ ਨਹੀਂ ਸੀ। ਪਰ ਇਸ ਵਰਤਾਰੇ ਦਾ ਦਿਨ ਦੀ ਰੌਸ਼ਨੀ ਨਾਲ ਕੀ ਸੰਬੰਧ ਸੀ, ਸਮਝ ਨਹੀਂ ਸੀ ਆ ਰਿਹਾ।'

'ਅਜਿਹਾ ਤਾਂ ਸੁਣਿਆ ਹੈ ਕਿ ਪੂਰੇ ਚੰਨ ਵਾਲੀ ਰਾਤ ਨੂੰ ਕਈ ਲੋਕਾਂ ਨੂੰ ਅਕਸਰ ਦਿਮਾਗੀ ਪ੍ਰੇਸ਼ਾਨੀ ਜਾਂ ਪਾਗਲਪਣ ਦੇ ਦੌਰੇ ਪੈਂਦੇ ਹਨ। ਪਰ ਅਜਿਹੇ ਦੌਰਿਆਂ ਦਾ ਦਿਨ ਦੀ ਰੌਸ਼ਨੀ ਨਾਲ ਸੰਬੰਧ ਪਹਿਲਾਂ ਤਾਂ ਕਦੇ ਨਹੀਂ ਸੁਣਿਆ।' ਮੈਂ ਆਪਣੀ ਸ਼ੰਕਾ ਪ੍ਰਗਟ ਕੀਤੀ।

'ਜਿਨ੍ਹਾਂ ਮੈਡੀਕਲ ਡਾਕਟਰਾਂ ਤੋਂ ਇਸ ਖੋਜ ਲਈ ਰਿਕਾਰਡ ਲਿਆ ਗਿਆ ਸੀ, ਉਨ੍ਹਾਂ ਨੂੰ ਮੈਂ, ਉਨ੍ਹਾਂ ਦੇ ਮਰੀਜ਼ਾਂ ਦੁਆਰਾ ਦੌਰੇ ਦੇ ਆਰੰਭ ਹੋਣ ਦੇ ਬਿਲਕੁਲ ਦਰੁਸਤ ਸਮੇਂ ਬਾਰੇ ਜਾਣਕਾਰੀ ਮੁਹਈਆ ਕਰਾਉਣ ਦਾ ਜ਼ੋਰ ਪਾਇਆ। ਇਸ ਦੇ ਫਲਸਰੂਪ ਪ੍ਰਾਪਤ ਹੋਏ ਰਿਕਾਰਡ ਤੋਂ ਵੀ ਅਜਿਹੇ ਦੌਰਿਆਂ ਦਾ ਦਿਨ ਦੀ ਰੌਸ਼ਨੀ ਨਾਲ ਸੰਬੰਧ ਸਪਸ਼ਟ ਨਜ਼ਰ ਆ ਰਿਹਾ ਸੀ। ਤਦ ਮੈਂ ਆਪਣੀ ਖੋਜ ਦਾ ਦਾਇਰਾ, ਦਿੱਲੀ ਤੇ ਇਸ ਦੇ ਆਸ ਪਾਸ ਦੇ ਖੇਤਰਾਂ ਤੋਂ ਬਹੁਤ ਦੂਰ ਮੁੰਬਈ, ਚੰਡੀਗੜ੍ਹ, ਲਖਨਊ ਤੇ ਪਟਨਾ ਸ਼ਹਿਰਾਂ ਦੇ ਲੋਕਾਂ ਵਿਚ ਅਜਿਹੇ ਵਰਤਾਰੇ ਦੀ ਹੋਂਦ ਬਾਰੇ ਜਾਨਣ ਲਈ, ਵਧਾ ਲਿਆ।'

'ਤਾਂ ਕੀ ਤੁਹਾਡੀ ਧਾਰਣਾ ਦੀ ਪੁਸ਼ਟੀ ਹੋਈ ਜਾਂ ਨਹੀਂ?'

'ਪ੍ਰਾਪਤ ਜਾਣਕਾਰੀ ਤੋਂ ਸਪਸ਼ਟ ਹੋ ਗਿਆ ਕਿ ਇਨ੍ਹਾਂ ਖੇਤਰਾਂ ਵਿਚ ਵੀ ਬਹੁਤ ਸਾਰੇ ਲੋਕ ਅਜਿਹੇ ਹੀ ਵਰਤਾਰੇ ਦਾ ਸ਼ਿਕਾਰ ਸਨ। ਸੈਂਕੜੇ ਕਿਲੋਮੀਟਰਾਂ ਦੀ ਦੂਰੀ ਵਿਖੇ ਵੀ ਲੋਕ ਲਗਭਗ ਇਕੋ ਸਮੇਂ ਹੀ ਤੇ ਉਹ ਵੀ ਦਿਨ ਦੇ ਅਰਸੇ ਦੋਰਾਨ ਅਜਿਹੇ ਮਾਨਸਿਕ ਦੌਰਿਆ ਦਾ ਸ਼ਿਕਾਰ ਦੇਖੇ ਗਏ ਸਨ।'

'ਕੀ ਬੱਦਲਵਾਈ ਵਾਲੇ ਦਿਨ ਵੀ ਅਜਿਹਾ ਹੀ ਵਰਤਾਰਾ ਦੇਖਿਆ ਗਿਆ?' 'ਦਰਅਸਲ ਮੌਸਮ ਜਾਂ ਬੱਦਲਵਾਈ ਦਾ ਇਸ ਵਰਤਾਰੇ ਉੱਤੇ ਕੋਈ ਅਸਰ ਨਜ਼ਰ ਨਹੀਂ ਆਇਆ। ਖੋਜ ਕਾਰਜਾਂ ਤੋਂ ਪਤਾ ਲਗਾ ਕਿ ਹਰ ਥਾਂ ਸੂਰਜ ਦੇ ਖਿਤਿਜ ਤੋਂ ਉਪਰ ਹੋਣ ਦੀ ਸਥਿਤੀ ਵਿਚ ਹੀ ਇਹ ਦੌਰੇ ਸ਼ੁਰੂ ਹੁੰਦੇ ਸਨ। ਜਿਸ ਤੋਂ ਸਪਸ਼ਟ ਹੋ ਗਿਆ ਕਿ ਇਨ੍ਹਾਂ ਦੌਰਿਆਂ ਦਾ ਸਿੱਧਾ ਸੰਬੰਧ ਸੂਰਜ ਨਾਲ ਹੈ।'

'ਬੜੀ ਅਜੀਬ ਗੱਲ ਹੈ ਇਹ ਤਾਂ। ਸੂਰਜ ਨੂੰ ਤਾਂ ਧਰਤੀ ਉੱਤੇ ਜੀਵਨ ਦਾਤਾ ਦਾ ਦਰਜਾ ਦਿੱਤਾ ਜਾਂਦਾ ਹੈ। ਤੁਹਾਡੇ ਤੱਥਾਂ ਦੇ ਮੱਦੇਨਜ਼ਰ ਤਾਂ ਇਹ ਜੀਵਨ ਲਈ ਹਾਨੀਕਾਰਕ ਨਜ਼ਰ ਆ ਰਿਹਾ ਹੈ।'

'ਹਾਂ ਅਜਿਹਾ ਹੀ ਜਾਪਦਾ ਹੈ। ਪਰ ਇਸ ਵਿਚ ਸੂਰਜ ਦਾ ਵੀ ਕੋਈ ਦੋਸ਼ ਨਹੀਂ। ਉਹ ਵਿਚਾਰਾ ਵੀ ਕਦੇ ਕਦੇ ਕਿਸੇ ਹੋਰ ਵਰਤਾਰੇ ਹੱਥੋਂ ਬੇਵੱਸ ਹੋ ਜਾਦਾ ਹੈ।'

'ਕੋਈ ਹੋਰ ਵਰਤਾਰਾ? ਜੋ ਸੂਰਜ ਵਰਗੇ ਵਿਸ਼ਾਲ ਤਾਰੇ ਨੂੰ ਬੇਵੱਸ ਕਰ ਦਏ?' ਮੈਂ ਹੈਰਾਨ ਹੋ ਗਿਆ ਸਾਂ।

'ਇਥੇ ਹੀ ਤਾਂ ਮੇਰੇ ਸੂਰਜ ਸੰਬੰਧਤ ਖੋਜ ਤੇ ਅਧਿਐਨ ਕਾਰਜ ਕੰਮ ਆਏ। ਜਦ ਮੈਂ 1 ਅਕਤੂਬਰ 1964 ਤੋਂ 31 ਮਈ 1975 ਦੇ ਅਰਸੇ ਸੰਬੰਧਤ ਉਪਲਬਧ ਜਾਣਕਾਰੀ ਦੀ ਵਰਤੋਂ ਨਾਲ ਦੌਰਿਆਂ ਦੀ ਤੀਬਰਤਾ ਅਤੇ ਉਨ੍ਹਾਂ ਦੇ ਵਾਪਰਣ ਦੀਆਂ ਤਾਰੀਖ਼ਾਂ ਦਾ ਗ੍ਰਾਫ ਬਣਾਇਆ ਤਾਂ ਸੂਰਜ ਨਾਲ ਇਸ ਵਰਤਾਰੇ ਦਾ ਸੰਬੰਧ ਬਿਲਕੁਲ ਹੀ ਸਪਸ਼ਟ ਹੋ ਗਿਆ।'

'ਉਹ ਕਿਵੇਂ?'

'ਗ੍ਰਾਫ਼ ਵਿਚ ਹਰ 27।3 ਦਿਨ੍ਹਾਂ ਬਾਅਦ ਅੰਕੜਿਆਂ ਦਾ ਦੁਹਰਾ ਨਜ਼ਰ ਆਇਆ। ਜੋ ਸੂਰਜ ਦਾ ਆਪਣੇ ਧੁਰੇ ਗਿਰਦ ਸਾਇਨੋਡਿਕ (Synodic) ਘੁੰਮੇਟੇ ਵਾਲਾ ਅਰਸਾ ਹੀ ਸੀ।'

'ਇਹ ਸਾਇਨੋਡਿਕ ਘੁੰਮੇਟਾ ਕੀ ਹੁੰਦਾ ਹੈ?'

'ਇਸ ਦਾ ਭਾਵ ਹੈ ਕਿ ਧਰਤੀ ਤੋਂ ਦੇਖਦਿਆਂ, ਸੂਰਜ ਦੀ ਸਤਿਹ ਦਾ ਕੋਈ ਖਾਸ ਚਿੰਨ ਜਾਂ ਸਥਾਨ, ਇਕ ਪੂਰੇ ਸੂਰਜੀ ਘੁੰਮੇਟੇ ਪਿਛੋਂ ਫਿਰ ਦੁਬਾਰਾ ਪਹਿਲਾਂ ਵਰਗੀ ਸਥਿਤੀ ਵਿਚ ਨਜ਼ਰ ਆਵੇ। ਭਾਵ ਜੇ ਸੂਰਜ ਦੀ ਸਤਹਿ ਉੱਤੇ ਸਾਨੂੰ ਇਥੋਂ ਕੋਈ ਵੱਡਾ ਧੱਬਾ ਨਜ਼ਰ ਆ ਰਿਹਾ ਹੈ, ਤੇ ਜੇ ਕਿਸੇ ਕਾਰਣ ਉਹ ਨਸ਼ਟ ਨਹੀਂ ਹੁੰਦਾ, ਤਾਂ ਇਹ 27।3 ਦਿਨਾਂ ਬਾਅਦ ਦੁਬਾਰਾ ਇਥੋਂ ਦੇਖਿਆ ਜਾ ਸਕਦਾ ਹੈ।'

'ਇਹ ਤਾ ਸਮਝ ਆ ਗਿਆ, ਪਰ ਇਸ ਦਾ ਮਨੁੱਖਾਂ ਵਿਚ ਮਾਨਸਿਕ ਗੜਬੜੀ ਦੇ ਵਾਪਰਣ ਨਾਲ ਕੀ ਸੰਬੰਧ ਹੈ ਭਲਾ?' ਮੈਂ ਪੁੱਛਿਆ।

'ਗ੍ਰਾਫ਼ ਦੀ ਜਾਂਚ ਤੋਂ ਪਤਾ ਲਗਾ ਕਿ ਧਰਤੀ ਉੱਤੇ ਮਨੁੱਖਾਂ ਵਿਚ ਵਾਪਰ ਰਹੇ ਮਾਨਸਿਕ ਦੌਰਿਆਂ ਜਾਂ ਗੜਬੜੀ ਦਾ ਸਿੱਧਾ ਸੰਬੰਧ

ਸੂਰਜ ਦੇ ਸੂਰਜੀ ਧੱਬਿਆ ਨਾਲ ਹੈ। ਜੋ ਆਮ ਕਰਕੇ ਸੂਰਜ ਦੇ ਐੱਸ-ਖੇਤਰ ਵਿਚ ਪ੍ਰਗਟ ਹੁੰਦੇ ਹਨ।'

'ਸੂਰਜ ਤਾਂ ਇੰਨੀ ਦੂਰ ਹੈ ਤੇ ਇੰਨ੍ਹਾਂ ਚਮਕੀਲਾ ਵੀ। ਇਸ ਵੱਲ ਦੇਖਣਾ ਹੀ ਲਗਭਗ ਨਾਮੁਮਕਿਨ ਹੈ। ਤਾਂ ਫਿਰ ਸੂਰਜੀ ਧੱਬਿਆਂ ਨੂੰ ਕਿਵੇਂ ਦੇਖਿਆ ਜਾਂ ਜਾਣਿਆ ਜਾ ਸਕਦਾ ਹੈ?'

'ਸੂਰਜ ਦੇ ਸੂਰਜੀ ਧੱਬਿਆਂ ਨੂੰ ਵਿਸ਼ੇਸ਼ ਦੂਰਬੀਨਾਂ ਦੀ ਵਰਤੋਂ ਨਾਲ ਦੇਖਿਆ ਜਾ ਸਕਦਾ ਹੈ। ਸੂਰਜੀ ਧੱਬਿਆਂ ਦਾ ਜਨਮ, ਸੂਰਜ ਉੱਤੇ ਕੁਝ ਕੁ ਅਰਸੇ ਵਾਲੇ ਲਗਾਤਾਰ ਧਮਾਕਿਆ ਨਾਲ ਹੁੰਦਾ ਹੈ ਜਿਸ ਦੌਰਾਨ ਸੂਰਜ ਦਾ ਵਿਕਿਰਨ ਸੰਚਾਰ ਆਮ ਹਾਲਤਾਂ ਨਾਲੋਂ ਕਈ ਹਜ਼ਾਰ ਗੁਣਾ ਵੱਧ ਜਾਂਦਾ ਹੈ। ਮਾਹਿਰ ਤਾਂ ਇਨ੍ਹਾਂ ਧਮਾਕਿਆਂ ਦੀ ਆਵਾਜ਼ ਵੀ ਰਿਕਾਰਡ ਕਰ ਚੁੱਕੇ ਹਨ।'

'ਹਾਂ ਸੱਚ ਤੁਸੀਂ ਕਹਿ ਰਹੇ ਸੀ ਕਿ ਇਸ ਮਾਨਸਿਕ ਗੜਬੜੀ ਦਾ ਅਰਸਾ ਸਿਰਫ਼ 10 ਜਾਂ 12 ਦਿਨ ਹੀ ਹੁੰਦਾ ਹੈ। ਤਾਂ ਫਿਰ ਇਨ੍ਹਾਂ ਦਾ ਸੂਰਜੀ ਧੱਬਿਆਂ ਨਾਲ ਸੰਬੰਧ ਕਿਵੇਂ ਹੋਇਆ ਜੋ ਅਕਸਰ ਕਈ ਮਹੀਨਿਆਂ ਤਕ ਕਾਇਮ ਰਹਿੰਦੇ ਹਨ?'

'ਬਹੁਤ ਨੇੜਤਾ ਵਾਲਾ ਸੰਬੰਧ ਹੈ ਇਨ੍ਹਾਂ ਦੋਨਾਂ ਵਿਚ। ਕਿਉਂ ਕਿ ਸੂਰਜੀ ਧੱਬਿਆਂ ਵਾਲੇ ਖੇਤਰ ਨੂੰ ਧਰਤੀ ਸਾਹਮਣੇ ਤੋਂ ਗੁਜ਼ਰਣ ਲਈ 12 ਦਿਨ ਦਾ ਸਮਾਂ ਲੱਗਦਾ ਹੈ।'

'ਪਰ ਕੀ ਇਹ ਸਮਾਂ 13 ਜਾਂ 14 ਦਿਨ ਨਹੀਂ ਹੋਣਾ ਚਾਹੀਦਾ, ਕਿਉਂ ਕਿ ਤੁਸੀਂ ਆਪ ਹੀ ਤਾਂ ਕਿਹਾ ਸੀ ਕਿ ਸੂਰਜ ਆਪਣਾ ਸਾਇਨੋਡਿਕ ਘੁੰਮੇਟਾ 27|3 ਦਿਨ ਵਿਚ ਪੂਰਾ ਕਰਦਾ ਹੈ।'

'ਸਪਸ਼ਟ ਹੈ ਕਿ ਸੂਰਜੀ ਧੱਬਿਆਂ ਵਾਲੇ ਖੇਤਰ (ਐੱਸ-ਖੇਤਰ) ਦਾ ਪ੍ਰਭਾਵ, ਜਦੋਂ ਇਹ ਧੱਬੇ, ਸੂਰਜੀ ਟਿੱਕੀ ਉੱਤੇ ਅਜੇ ਪ੍ਰਗਟ ਹੋ ਰਹੇ ਹੁੰਦੇ ਹਨ, ਤਾਂ ਬਹੁਤ ਹੀ ਘੱਟ ਹੁੰਦਾ ਹੈ।......ਵਰਨਣਯੋਗ ਹੈ ਕਿ ਐੱਸ-ਖੇਤਰ ਵਿਚ, ਸੂਰਜੀ ਧੱਬਿਆਂ ਦੀ ਮਾਤਰਾ ਜਿੰਨ੍ਹੀ ਵਧੇਰੇ ਹੋਵੇਗੀ, ਉਨ੍ਹਾਂ ਹੀ ਇਹ ਖੇਤਰ ਵਧੇਰੇ ਪ੍ਰਭਾਵੀ ਹੋ ਜਾਂਦਾ ਹੈ।'

'ਤਾਂ ਕੀ ਐੱਸ-ਖੇਤਰ ਦਾ ਵਧੇਰੇ ਪ੍ਰਭਾਵੀ ਹੋਣਾ ਹੀ ਮਨੁੱਖਾਂ ਵਿਚ ਮਾਨਸਿਕ ਗੜਬੜੀ ਨੂੰ ਜਨਮ ਦਿੰਦਾ ਹੈ?'

'ਕਿਉਂ ਕਿ ਸੂਰਜ ਦੇ ਐੱਸ-ਖੇਤਰ ਵਿਖੇ ਸੂਰਜੀ ਧੱਬਿਆਂ ਦੇ ਜ਼ਾਹਿਰ ਹੋਣ ਤੋਂ ਲਗਭਗ 48 ਘੰਟਿਆਂ ਬਾਅਦ ਹੀ ਲੋਕਾਂ ਵਿਚ ਮਾਨਸਿਕ ਗੜਬੜੀ ਦੇ ਲੱਛਣ ਦੇਖੇ ਗਏ ਹਨ ਇਸ ਲਈ ਮਾਹਿਰਾਂ ਦਾ ਵਿਚਾਰ ਹੈ ਕਿ ਇਸ ਖੇਤਰ ਤੋਂ ਨਿਕਾਸੀ ਘਾਤਕ ਵਿਕਿਰਨ ਹੀ ਮਾਨਸਿਕ ਗੜਬੜੀ ਦਾ ਕਾਰਣ ਹੋ ਸਕਦਾ ਹੈ।'

'ਜੇ ਸੂਰਜ ਦੇ ਐੱਸ-ਖੇਤਰ ਤੋਂ ਆ ਰਿਹਾ ਘਾਤਕ ਵਿਕਿਰਨ ਮਨੁੱਖਾਂ ਵਿਚ ਮਾਨਸਿਕ ਗੜਬੜੀ ਪੈਦਾ ਕਰਦਾ ਹੈ ਤਾਂ ਫਿਰ ਸਿਰਫ਼ ਕੁਝ ਕੁ ਲੋਕ ਹੀ ਇਸ ਤੋਂ ਕਿਉਂ ਪ੍ਰਭਾਵਿਤ ਹੁੰਦੇ ਹਨ, ਸਾਰੇ ਕਿਉਂ ਨਹੀਂ?' ਕੁਦਰਤ ਦੇ ਇਸ ਪੱਖਪਾਤੀ ਵਰਤਾਰੇ ਤੋਂ ਮੈਂ ਹੈਰਾਨ ਸਾਂ।

'ਸਾਡੇ ਤਾਜ਼ੇ ਖੋਜ ਕਾਰਜਾਂ ਤੋਂ ਪਤਾ ਲਗਾ ਹੈ ਕਿ ਕੋਈ ਵੀ ਅਜਿਹੇ ਮਾੜੇ ਪ੍ਰਭਾਵਾਂ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੈ। ਕੁਝ ਲੋਕ ਘੱਟ ਪ੍ਰਭਾਵਿਤ ਹੁੰਦੇ ਹਨ ਤੇ ਕੁਝ ਲੋਕ ਵੱਧ। ਅਜਿਹਾ ਸ਼ਾਇਦ ਉਨ੍ਹਾਂ ਦੀ ਨਿੱਜੀ ਸੁਰੱਖਿਅਣ ਪ੍ਰਣਾਲੀ (Immune System) ਉੱਤੇ ਨਿਰਭਰ ਕਰਦਾ ਹੈ। ਇਸ ਤੱਥ ਦੀ ਸਚਾਈ ਜਾਨਣ ਲਈ ਮਾਹਿਰ ਯਤਨਸ਼ੀਲ ਹਨ।'

'ਇਹ ਐੱਸ-ਖੇਤਰ ਕਿੰਨੇ ਸਮੇਂ ਤਕ ਕਾਰਜ਼ਸ਼ੀਲ ਰਹਿੰਦਾ ਹੈ?'

'ਆਮ ਕਰਕੇ ਇਕ ਐੱਸ-ਖੇਤਰ ਦਾ ਜੀਵਨ ਕਾਲ 3 ਤੋਂ 12 ਸੂਰਜੀ ਘੁੰਮੇਟਿਆਂ ਦੇ ਅਰਸੇ ਜਿੰਨਾ ਹੋ ਸਕਦਾ ਹੈ। ਜਦ ਸੂਰਜ ਦਾ ਅਜਿਹਾ ਖੇਤਰ ਸੂਰਜੀ ਧੱਬਿਆ ਤੋਂ ਮੁਕਤ ਹੋ ਜਾਂਦਾ ਹੈ ਤਾਂ ਇਸ ਖੇਤਰ ਤੋਂ ਨਿਕਾਸੀ ਘਾਤਕ ਵਿਕਿਰਨ ਖਤਮ ਹੋ ਜਾਂਦਾ ਹੈ। ਪਰ ਸਮੇਂ ਨਾਲ ਸੂਰਜੀ ਸਤਹਿ ਦੇ ਕਿਸੇ ਹੋਰ ਹਿੱਸੇ ਵਿਖੇ ਨਵੇਂ ਐੱਸ-ਖੇਤਰ ਦਾ ਜਨਮ ਹੋ ਜਾਂਦਾ ਹੈ। ਕਈ ਵਾਰ ਤਾਂ ਸੂਰਜ ਦੀ ਸਤਹਿ ਉੱਤੇ ਇਕੋ ਸਮੇਂ ਕਈ ਐੱਸ-ਖੇਤਰ ਕਾਰਜਸ਼ੀਲ ਹੁੰਦੇ ਹਨ।'

'ਸੂਰਜੀ ਧੱਬਿਆਂ ਬਾਰੇ ਇੰਨੀ ਚਰਚਾ ਹੁਣ ਹੀ ਕਿਉਂ? ਪਹਿਲਾਂ ਤਾਂ ਕਦੇ ਕਿਸੇ ਨੇ ਇਨ੍ਹਾਂ ਦੀ ਦੱਸ ਨਹੀਂ ਪਾਈ?'

'ਦਰਅਸਲ ਦੂਸਰੇ ਵਿਸ਼ਵ ਯੁੱਧ ਤੋਂ ਬਾਅਦ ਹੀ ਰੇਡੀਓ ਤਰੰਗਾਂ ਦੀ ਵਰਤੋਂ ਨਾਲ ਸੂਰਜ ਦੀ ਜਾਂਚ ਸ਼ੁਰੂ ਹੋਈ।'

'ਤਾਂ ਫ਼ਿਰ ਤੁਸੀਂ ਆਪਣੇ ਖੋਜ ਕਾਰਜਾਂ ਲਈ ਸੰਨ 1964 ਤੋਂ ਹੀ ਸੂਰਜੀ ਵਿਕਿਰਨ ਤੋਂ ਪੀੜਤ ਮਾਨਸਿਕ ਰੋਗੀਆਂ ਦੇ ਅੰਕੜੇ ਹੀ ਕਿਉਂ ਚੁਣੇ?'

'ਬੇਸ਼ਕ ਸੰਨ 1964 ਤੋਂ ਪਹਿਲਾਂ ਵੀ ਅਜਿਹੇ ਮਰੀਜ਼ ਮੌਜੂਦ ਸਨ ਪਰ ਉਨ੍ਹਾਂ ਬਾਰੇ ਸਹੀ ਲੋੜੀਂਦੀ ਜਾਣਕਾਰੀ ਉਪਬਲਧ ਨਾ ਹੋਣ ਕਾਰਣ ਮੈਨੂੰ ਆਪਣਾ ਖੋਜ ਕਾਰਜ ਸੰਨ 1964 ਤੋਂ ਹੀ ਸ਼ੁਰੂ ਕਰਨਾ ਸੰਭਵ ਹੋ ਸਕਿਆ।'

'ਸੂਰਜ ਦੇ ਅਜਿਹੇ ਘਾਤਕੀ ਵਿਕਿਰਨ ਤੋਂ ਬੱਚਣ ਦਾ ਕੀ ਕੋਈ ਰਾਹ ਵੀ ਹੈ?' 'ਸ਼ਾਇਦ! ਅਜਿਹਾ ਸਿਰਫ਼ ਸਾਰਾ ਜੀਵਨ ਧਰਤੀ ਦੇ ਰਾਤ ਵਾਲੇ ਖੇਤਰ ਵਿਖੇ ਗੁਜ਼ਾਰਣ ਨਾਲ ਹੀ ਸੰਭਵ ਹੋ ਸਕਦਾ ਹੈ। ਜੋ ਲਗਭਗ ਅਸੰਭਵ ਕਾਰਜ ਹੀ ਹੈ।"

'ਅੱਜ ਕਲ ਐੱਸ-ਖੇਤਰ ਕਿੰਨ੍ਹਾਂ ਕੁ ਪ੍ਰਭਾਵੀ ਹੈ?'

'ਅਜੇ ਤਾਂ ਐੱਸ-ਖੇਤਰ ਕ੍ਰਿਆ ਥੋੜ੍ਹੀ ਮੱਧਮ ਹੈ ਪਰ ਆਉਣ ਵਾਲੇ ਸਾਲਾਂ ਵਿਚ ਇਸ ਦੇ ਵੱਧ ਜਾਣ ਦਾ ਅੰਦਾਜ਼ਾ ਹੈ। ਸੰਨ 1980 ਤੱਕ ਇਹ ਵਧਦੀ ਜਾਵੇਗੀ ਤੇ ਫਿਰ ਇਸ ਦਾ ਘੱਟਣਾ ਸ਼ੁਰੂ ਹੋਵੇਗਾ। ਸੰਨ 1986 ਵਿਚ ਇਹ ਕ੍ਰਿਆ ਆਪਣੇ ਨਿਊਨਤਮ ਪੱਧਰ ਉੱਤੇ ਹੋਵੇਗੀ। ਇਸੇ ਕਾਰਣ ਸੰਨ 1978 ਤੋਂ ਸੰਨ 1984 ਦੌਰਾਨ ਵੱਡੀਆਂ ਹਿੰਸਾਤਮਕ ਘਟਨਾਵਾਂ ਵਾਪਰਣ ਦਾ ਅੰਦਾਜ਼ਾ ਹੈ।'

'ਇਸ ਦਾ ਮਤਲਬ ਤਾਂ ਇਹ ਹੋਇਆ ਕਿ ਐੱਸ-ਖੇਤਰ ਕ੍ਰਿਆਵਾਂ ਹੀ ਧਰਤੀ ਉੱਤੇ ਸਾਰੇ ਲੜਾਈ-ਝਗੜਿਆਂ ਤੇ ਅਸ਼ਾਂਤੀ ਦੀ ਜੜ੍ਹ ਹਨ। ਇਸ ਤਰ੍ਹਾਂ ਤਾਂ ਮਨੁੱਖ, ਵਸੋਂ ਬਾਹਰੀ ਤਾਕਤਾਂ ਦੀ ਕਠਪੁਤਲੀ ਹੀ ਹੈ।'

'ਹਾਂ! ਇਹੋ ਹੀ ਸੱਚ ਹੈ। ਅਸੀਂ ਸਾਰੇ ਹੀ ਅਜਿਹੀਆਂ ਤਾਕਤਾਂ ਦੇ ਸ਼ਿਕੰਜੇ ਵਿਚ ਫਸੇ ਹੋਏ ਲੋਕ ਹਾਂ ਜਿਨ੍ਹਾਂ ਨੂੰ ਕਾਬੂ ਕਰ ਸਕਣਾ ਸਾਡੇ ਲਈ ਅਜੇ ਸੰਭਵ ਨਹੀਂ ਹੋ ਸਕਿਆ।'

'ਕੀ ਲੋਕਾਂ ਨੂੰ ਭਵਿੱਖ ਦੇ ਖ਼ਤਰਨਾਕ ਹਾਲਤਾਂ ਬਾਰੇ ਹੁਣੇ ਹੀ ਸੁਚਿਤ ਕਰਨਾ ਠੀਕ ਨਹੀਂ ਰਹੇਗਾ?'

'ਮੁਸ਼ਕਲ ਤਾਂ ਇਹ ਹੈ ਕਿ ਸੂਰਜੀ ਧੱਬਿਆਂ ਦਾ ਵਾਪਰਣਾ ਕਾਫ਼ੀ ਅਨਿਯਮਤ ਹੁੰਦਾ ਹੈ। ਲੋਕਾਂ ਨੂੰ ਇਨ੍ਹਾਂ ਕਾਰਣ ਪੈਦਾ ਹੋਣ ਵਾਲੀਆਂ ਸੰਭਾਵੀ ਸੱਮਸਿਆਵਾਂ ਬਾਰੇ ਚੇਤੰਨ ਕਰਨਾ ਉਨ੍ਹਾਂ ਲਈ ਬੇਵਜ੍ਹਾ ਚਿੰਤਾ ਦਾ ਕਾਰਣ ਬਣ ਸਕਦਾ ਹੈ......ਜੋ ਸਮਾਜਿਕ ਅਸ਼ਾਂਤੀ ਵਿਚ ਵਾਧੇ ਦਾ ਕਾਰਣ ਬਣ ਸਕਦਾ ਹੈ।'

'ਇਕ ਆਮ ਆਦਮੀ, ਜੋ ਸੂਰਜ ਤੋਂ ਨਿਕਾਸੀ ਘਾਤਕ ਵਿਕਿਰਨ ਦੇ ਬੁਰੇ ਪ੍ਰਭਾਵਾਂ ਤੋਂ ਮੁਕਤ ਹੋਵੇ, ਉਹ ਐੱਸ-ਖੇਤਰ ਦੀ ਕ੍ਰਿਆਸ਼ੀਲਤਾ ਦਾ ਕਿਵੇਂ ਪਤਾ ਲਗਾ ਸਕਦਾ ਹੈ?

'ਜੇ ਉਹ ਬੇਵਜ੍ਹਾ ਬੇਚੈਨੀ ਤੇ ਚਿੰਤਾ ਦਾ ਸ਼ਿਕਾਰ ਹੈ, ਜੇ ਉਸ ਦਾ ਮਨ ਕਿਸੇ ਵੀ ਕੰਮ ਵਿਚ ਟਿਕ ਨਹੀਂ ਰਿਹਾ, ਜੇ ਉਹ ਅਚਾਨਕ ਹੀ ਬਹੁਤ ਉਦਾਸ ਤੇ ਦੁਖੀ ਮਹਿਸੂਸ ਕਰ ਰਿਹਾ ਹੈ, ਜਾਂ ਉਸ ਨੂੰ ਹੋਰਨਾਂ ਉੱਤੇ ਡਾਢਾ ਕ੍ਰੋਧ ਆ ਰਿਹਾ ਹੈ ਤਾਂ ਸਮਝੋ ਕਿ ਸੂਰਜ ਦਾ ਐੱਸ-ਖੇਤਰ ਆਪਣਾ ਰੰਗ ਦਿਖਾ ਰਿਹਾ ਹੈ। ਲੋੜ ਤਾਂ ਹੈ ਅਜਿਹੇ ਹਾਲਤਾਂ ਵਿਚ ਆਪਣਾ ਖ਼ਾਸ ਧਿਆਨ ਰੱਖਣ ਦੀ। ਜਦ ਤਕ ਸੂਰਜ ਹੈ ਸਾਨੂੰ ਉਸ ਦੇ ਲਾਭਾਂ ਦੇ ਨਾਲ ਨਾਲ ਉਸ ਦੇ ਮਾੜੇ ਪ੍ਰਭਾਵਾਂ ਨਾਲ ਵੀ ਸਮਝੌਤਾ ਹੀ ਕਰਨਾ ਹੋਵੇਗਾ। ਹੋਰ ਕੋਈ ਰਸਤਾ ਹੈ ਵੀ ਨਹੀਂ।'

'ਤਦ ਤਾਂ ਇਹ ਤਾਂ ਬਹੁਤ ਚਿੰਤਾਜਨਕ ਸਥਿਤੀ ਹੈ।'

'ਪਰ ਘਬਰਾਉਣ ਦੀ ਗੱਲ ਨਹੀਂ, ਬੇਸ਼ਕ ਅਜਿਹੀਆਂ ਤਾਕਤਾਂ ਉੱਤੇ ਕਾਬੂ ਪਾ ਸਕਣਾ ਅਜੇ ਸੰਭਵ ਨਹੀਂ ਹੋ ਸਕਿਆ, ਪਰ ਇਨ੍ਹਾਂ ਕਾਰਣ ਪੈਦਾ ਹੋਣ ਵਾਲੇ ਮਾੜੇ ਪ੍ਰਭਾਵਾਂ ਨੂੰ ਨੱਥ ਪਾਉਣਾ ਕਾਫ਼ੀ ਹੱਦ ਤਕ ਸੰਭਵ ਹੋ ਚੁੱਕਾ ਹੈ। ਭਵਿੱਖ ਵਿਚ ਇਸ ਸੰਬੰਧੀ ਹੋਰ ਵੀ ਸਾਰਥਕ ਨਤੀਜੇ ਸਾਹਮਣੇ ਆਉਣ ਦੀ ਉਮੀਦ ਹੈ ਕਿਉਂਕਿ ਡਾਕਟਰੀ ਮਾਹਿਰ ਤੇ ਵਿਗਿਆਨੀ ਮਾਨਸਿਕ ਗੜਬੜੀ ਦੇ ਹਾਲਾਤਾਂ ਦੇ ਇਲਾਜ ਲਈ ਨਵੀਆਂ ਦਵਾਈਆਂ ਤੇ ਕਾਰਗਰ ਹੱਲ ਜੁਟਾਉਣ ਵਿਚ ਲਗਾਤਾਰ ਯਤਨਸ਼ੀਲ ਹਨ।'

ਮੁਲਾਕਾਤ ਕਾਫ਼ੀ ਲੰਮੀ ਹੋ ਗਈ ਸੀ। ਗੱਲਾਂ ਗੱਲਾਂ ਵਿਚ ਪਤਾ ਹੀ ਨਹੀਂ ਲੱਗਾ ਕਿ ਲੰਚ ਬ੍ਰੇਕ ਤਾਂ ਕਦ ਦੀ ਖ਼ਤਮ ਹੋ ਗਈ ਸੀ। ਤਦ ਹੀ ਡਾ. ਦੱਤਾ ਨੇ ਉੱਠਦਿਆ ਕਿਹਾ, 'ਬਾਕੀ ਗੱਲਾਂ ਕਦੇ ਫੇਰ ਸਹੀ। ਹੁਣ ਮੈਂ ਕਾਨਫਰੈਂਸ ਦਾ ਮੌਜੂਦਾ ਸ਼ੈਸ਼ਨ ਅਟੈਂਡ ਕਰਨਾ ਚਾਹਾਂਗਾ।' ਤੇ ਉਹ ਕਾਨਫਰੈਂਸ ਹਾਲ ਵੱਲ ਚਲ ਪਏ।

ਮੈਂ, ਉਨ੍ਹਾਂ ਵਲੋਂ ਮੁਲਾਕਾਤ ਲਈ ਸਮਾਂ ਦੇਣ ਦਾ ਧੰਨਵਾਦ ਕੀਤਾ ਅਤੇ ਆਪਣੀ ਰਿਪੋਰਟ ਤਿਆਰ ਕਰਨ ਵਿਚ ਰੁੱਝ ਗਿਆ।

ਉਸ ਦਿਨ ਘਰ ਨੂੰ ਵਾਪਸ ਆਉਂਦਿਆ ਮੈਂ ਕਿੰਨ੍ਹੀ ਦੇਰ ਕੁਦਰਤ ਦੇ ਅਜਬ ਕਾਰਨਾਮਿਆਂ ਬਾਰੇ ਸੋਚਦਾ ਰਿਹਾ ਤੇ ਨਾਲ ਹੀ ਹੈਰਾਨ ਵੀ ਸਾਂ ਕਿ ਕਿਵੇਂ ਵਿਗਿਆਨੀ ਆਪਣੀ ਬੇਮਿਸਾਲ ਲਗਨ, ਅਣਥੱਕ ਮਿਹਨਤ ਤੇ ਨਿਰੰਤਰ ਯਤਨਾਂ ਨਾਲ ਕੁਦਰਤ ਦੇ ਗੁੱਝੇ ਰਹੱਸਾਂ ਦਾ ਭੇਦ ਜਾਨਣ ਲਈ ਲਗਾਤਾਰ ਯਤਨਸ਼ੀਲ ਰਹਿੰਦੇ ਹਾਂ। ਤਾਂ ਜੋ ਧਰਤੀ ਉੱਤੇ ਮਨੁੱਖੀ ਜੀਵਨ ਸੁਖਦ ਤੇ ਖੁਸ਼ਹਾਲੀ ਭਰਪੂਰ ਹੋ ਸਕੇ।



ਡਾ. ਦੇਵਿੰਦਰ ਪਾਲ ਸਿੰਘ ਅਧਿਆਪਕ ਅਤੇ ਲੇਖਕ ਹੈ, ਜਿਸ ਦੀਆਂ 24 ਕਿਤਾਬਾਂ ਤੇ ਲਗਭਗ 1200 ਰਚਨਾਵਾਂ ਵਿਗਿਆਨ, ਧਰਮ ਅਤੇ ਵਾਤਾਵਰਣ ਦੇ ਖੇਤਰਾਂ ਵਿਚ ਛੱਪ ਚੁੱਕੀਆਂ ਹਨ। ਉਸ ਦੇ 75 ਟੈਲੀਵਿਯਨ ਪ੍ਰੋਗਰਾਮ ਟੈਲੀਕਾਸਟ ਹੋ ਚੁੱਕੇ ਹਨ। ਜੋ ਯੂਟਿਊਬ ਪੇਸ਼ਕਾਰੀਆਂ ਵਜੋਂ ਇੰਟਰਨੈੱਟ ਉੱਤੇ ਵੀ ਉਪਲਬਧ ਹਨ। ਇੱਕ ਭੌਤਿਕ ਵਿਗਿਆਨੀ ਹੋਣ ਕਰਕੇ, ਉਹ ਆਪਣੇ ਪਾਠਕਾਂ ਦੀ ਉਤਸੁਕਤਾ ਨੂੰ ਵਧਾਉਣ ਲਈ ਵਿਗਿਆਨ ਅਤੇ ਵਾਤਾਵਰਣ ਬਾਰੇ ਕਹਾਣੀਆਂ ਲਿਖਣਾ ਪਸੰਦ ਕਰਦਾ ਹੈ। ਅਜ ਕਲ ਉਹ ਕੈਨੇਡਾ ਦੇ ਸ਼ਹਿਰ ਮਿਸੀਸਾਗਾ ਵਿਖੇ, ਕੈਨਬ੍ਰਿਜ ਲਰਨਿੰਗ ਸੰਸਥਾ ਦੇ ਡਾਇਰੈਕਟਰ ਵਜੋਂ ਸੇਵਾ ਨਿਭਾ ਰਹੇ ਹਨ।

**ਵੈਬਸਾਈਟ** : drdpsinghauthor.wordpress.com

**ਈ-ਮੇਲ** : drdpsn@gmail.com




**ਅੰਤਿਮ ਭਾਗ**

ਕੁਝ ਦੇਰ ਬਾਅਦ ਅਲੀ ਉੱਠ ਗਿਆ ਅਤੇ ਬਾਹਰ ਤੁਰਨ ਲੱਗਾ ਸੀ ਜਦ ਜਗੀ ਨੇ ਇਸ਼ਾਰਾ ਦਿੱਤਾ ਇਕੱਲੇ ਨਹੀਂ ਜਾਹ ਸਕਦਾ ਸੀ। ਸੋ ਉਸ ਨਾਲ਼ ਹੈਨਰੀ 'ਤੇ ਯੂਸਫ਼ ਗਏ, ਜਿਵੇਂ ਪਹਿਲਾਂ ਹੀ ਇਕਰਾਰ ਕੀਤਾ ਸੀ। ਦੋਹਾਂ ਦੇ ਹੱਥਾਂ 'ਚ ਬੰਦੂਕਾਂ ਸਨ। ਇਜੂ 'ਤੇ ਜਗੀ ਇੱਕ ਦੂਜੇ ਵੱਲ ਨੀਝ ਲਾ ਕੇ ਵੇਖੀ ਗਏ, ਇਜੂ ਕੋਲ਼ ਬੰਦੂਕ, ਜਗੀ ਕੋਲ਼ ਜਵਾਲਾ ਪਿਚਕਾਰੀ ਰਫ਼ਲ, ਯਾਨੀ ਫ਼ਲੇਮ ਥਰੋਅਰ। ਜਦ ਇਹ ਟੈਸਟ ਹੋ ਚੁੱਕਾ ਸੀ, ਜਿੰਨੇ ਜੰਤਰ ਮੰਤਰ ਹਾਲੇ ਵੀ ਚਾਲੂ ਸਨ, ਉਨ੍ਹਾਂ ਨੂੰ ਸਭ ਨੇ ਭੰਨ ਦੇਣਾ ਸੀ। ਹੁਣ ਤਾਂ ਸਾਰਿਆਂ ਨੇ ਇੱਥੇ ਹੀ ਮਰਨਾ ਸੀ, ਗੱਲ ਕੇਵਲ ਸੀ, ਕਿਵੇਂ। ਬਾਹਰਲੀ ਦੁਨੀਆ ਨਾਲ਼ ਜੀ ਨੂੰ ਗੱਲ ਬਾਤ ਕਰਨ ਦੇ ਆਲ਼ੇ ਵੀ ਨਹੀਂ ਦੇਣੇ ਸਨ। ਬੱਤੀਆਂ ਤੱਕ ਤੋੜ ਭੰਨ ਕਰਨਾ ਸੀ। ਇਹ ਹੀ ਜਗੀ ਸੋਚ ਰਿਹਾ ਸੀ ਜਦ ਦੋ ਮਿੰਟਾਂ 'ਚ ਤਿੰਨ ਜਣੇ ਪਰਤੇ, ਅਲੀ ਦੇ ਹੱਥਾਂ 'ਚ ਇੱਕ ਟਰੇ ਜਿਸ ਦੇ ਉੱਤੇ ਪੰਜ ਖਾਲੀ ਪਿਆਲੀਆਂ ਸਨ ਅਤੇ ਇੱਕ ਸ਼ੀਸ਼ੀ ਸੁਖੀ ਦੀ ਰੱਤ ਨਾਲ਼ ਭਰੀ। ਹੈਨਰੀ ਦੇ ਹੱਥ 'ਚ ਖੁਰਦਬੀਨ ਸੀ 'ਤੇ ਯੂਸਫ਼ ਦੇ ਹੱਥ ਵਿੱਚ ਕਾਵੀਆ ਟਾਰਚ। ਇੱਕ ਮੇਜ਼ ਉੱਤੇ ਟਰੇ ਧਰ ਦਿੱਤੀ। ਅਲੀ ਨੇ ਆਪਣੀ ਜੇਬ ਵਿੱਚੋਂ ਇੱਕ ਸਰਿੰਜ ਕੱਢ ਲਈ। ਹੁਣ ਸਾਰੇ ਉਸ ਦੇ ਇਰਦ ਗਿਰਦ ਖਲੋਏ ਸਨ, ਕਾਫ਼ੀ ਫਿਕਰਮੰਦ।

ਮੈਂ ਪਹਿਲਾਂ ਆਪਣੇ ਆਪ ਨੂੰ ਟੈਸਟ ਕਰਨਾ ਹੈ। ਇੰਵ ਕਹਿ ਕੇ ਉਸ ਨੇ ਸੂਈ ਆਪਣੀ ਬਾਂਹ 'ਚ ਖੋਭ ਦਿੱਤੀ ਅਤੇ ਸਰਿੰਜ ਨਾਲ਼ ਆਪਣਾ ਲਹੂ ਕੱਢ ਦਿੱਤਾ। ਜਦ ਸਰਿੰਜ ਭਰ ਚੁੱਕੀ ਉਸ ਨੇ ਲਹੂ ਨੂੰ ਪਹਿਲੀਂ ਪਿਆਲੀ 'ਚ ਪਾ ਦਿੱਤਾ, ਜਿਸ ਉੱਤੇ ਉਸ ਦਾ ਨਾਂ ਅੰਗ੍ਰੇਜ਼ੀ 'ਚ ਲਿਖਿਆ ਹੋਇਆ ਸੀ। ਫੇਰ ਸਰਿੰਜ ਨੂੰ ਚੰਗੀ ਤਰ੍ਹਾਂ ਧੋਇਆ, ਨਵੀਂ ਸੂਈ ਲਾ ਦਿੱਤੀ 'ਤੇ ਆਪਣੀ ਬਾਂਹ ਉੱਤੇ ਪੱਟੀ ਬੰਨ੍ਹ ਦਿੱਤੀ। ਇੰਵ ਚਾਰ ਵਾਰੀ ਫੇਰ ਕੀਤਾ, ਯੂਸਫ਼ ਨੂੰ ਫੇਰ ਇਜੂ ਨੂੰ ਫੇਰ ਹੈਨਰੀ ਨੂੰ, ਆਖਰੀ ਵਾਰੀ ਜਗੀ ਨੂੰ। ਹਰ ਪਿਆਲੀ ਉੱਤੇ ਨਾਂ ਲਿਖਿਆ ਹਇਆ ਸੀ। ਫੇਰ ਪਹਿਲੀਂ ਖੁਰਦਬੀਨ ਥੱਲੇ ਰੱਖ ਕੇ ਵੇਖਿਆ। ਉਸ ਨੇ ਕਾਵੀਆ ਟਾਰਚ ਦੀ ਤੱਤੀ ਤਾਰ ਲਹੂ ਵਿੱਚ ਖੋਭ ਕੇ ਵਿੱਖਿਆ ਜੇ ਕੋਈ ਅਸਰ ਪਿਆ।

ਮਿੰਟ ਬਾਅਦ ਕਿਹਾ, ਮੈਂ ਸਾਫ਼ ਹਾਂ, ਪਰ ਜੇ ਨਹੀਂ ਮੰਨਦੇ ਆਪ ਹੀ ਵੇਖ ਲਿਓ। ਸਾਰਿਆਂ ਨੇ ਵਾਰੀ ਲੈ ਕੇ ਸ਼ੀਸ਼ੇ ਰਾਹੀਂ ਵੇਖਿਆ। ਸੱਚ ਸੀ ਕਿਸੇ ਨੂੰ ਸਮਝ ਨਹੀਂ ਸੀ ਕੀ ਵੇਖ ਰਹੇ ਸੀ। ਸਿਰਫ਼ ਖੂਨ ਦਾ ਪਾਣੀ ਹੀ ਜਾਪਿਆ। ਫੇਰ ਯੂਸਫ਼ ਦਾ ਵੇਖਿਆ। ਉਹ ਵੀ ਪਾਸ ਹੋ ਗਿਆ। ਫੇਰ ਇਜ਼ੂ ਦਾ। ਨਤੀਜਾ ਉਹ ਹੀ ਸੀ। ਫੇਰ ਹੈਨਰੀ ਦਾ। ਅਲੀ ਨੇ ਵੇਖ ਕੇ ਕਿਹਾ, ਮੈਨੂੰ ਲੱਗਦਾ ਐਤਕੀਂ...ਜਗੀ ਤੂੰ ਵੇਖ।

ਕਿਉਂ ਔਲਡ ਬਓਏ? ਮੈਂ ਵੇਖਦਾ। ਕੀ ਹੈ? ਕੀ ਤੂੰ ਕਹਿ ਰਿਹਾ ਮੈਂ ਜੀ ਹਾਂ? ਸਾਨੂੰ ਕਿਵੇਂ ਪਤਾ ਜਗੀ ਨਹੀਂ ਹੈ! ਉਸ ਦਾ ਲਹੂ ਪਹਿਲਾਂ ਵੇਖ!

ਅਲੀ ਨੇ ਕਿਹਾ, ਯੂਸਫ਼ ਤੈਨੂੰ ਸੱਚ ਮੁੱਚ ਸਮਝ ਹੈ ਤੂੰ ਕੀ ਵੇਖ ਰਿਹਾ? ਨਹੀਂ? 'ਤੇ ਤੈਨੂੰ ਇਜ਼ੂ? ਨਹੀਂ? ਤਾਂ ਹੀ ਤਾਂ ਮੈਂ ਜਗੀ ਤੋਂ ਤਸਦੀਕ ਚਾਹੁੰਦਾ ਹਾਂ!

ਹੈਨਰੀ ਨੇ ਵੇਖਣ ਦੀ ਕੋਸ਼ਿਸ਼ ਕੀਤੀ ਪਰ ਇਜ਼ੂ ਅਤੇ ਯੂਸਫ਼ ਨੇ ਆਪਣੀਆਂ ਬੰਦੂਕਾਂ ਦੀਆਂ ਨਾਲ਼ੀਆਂ ਦੇ ਮੂੰਹ ਉਸ ਵੱਲ ਤਣੇ। ਜਗੀ ਮੂਹਰੇ ਹੋ ਗਿਆ। ਉਸ ਨੇ ਸ਼ੀਸ਼ੇ ਵਿੱਚ ਵੇਖਿਆ। ਉਸ ਦੀ ਅੱਖ ਨੂੰ ਕੁਝ ਪੱਲੇ ਨਹੀਂ ਪਿਆ। ਫੇਰ ਅੱਖ ਹਿੱਲਾ ਕੇ ਕੋਸ਼ਿਸ਼ ਕੀਤੀ। ਫੇਰ ਉਸ ਨੂੰ ਇੱਕ ਨਿੱਕਾ ਜਿਹਾ ਉੱਸਲ਼ਵੱਟ ਦਿੱਸਿਆ। ਕਈ ਸੈੱਲ ਖੂਨ ਦੇ ਪਾਣੀ ਵਿੱਚ ਗਿੱਧਾ ਪਾ ਰਹੇ ਸਨ। ਲਹੂ ਸਹੀ ਨਹੀਂ ਸੀ। ਉਸ ਨੇ ਹੈਨਰੀ ਵੱਲ ਵੇਖਿਆ।

'ਤੇ ਇਹ ਨੂੰ! ਹੈਨਰੀ ਨੇ ਛੜਾਂ ਮਾਰੀ।

ਠੀਕ ਮੇਰਾ ਵੀ ਵੇਖੋ! ਪਰ ਇਹ ਨੂੰ ਬੰਦੂਕਾਂ ਦੀ ਨਿਗ੍ਹਾ 'ਚ ਹੀ ਰੱਖੋ! ਹੈਨਰੀ ਤੂੰ ਹੁਣ ਟਿੱਕ ਕੇ ਖੜ੍ਹਾ ਰਹਿ।

ਕੀ ਤੂੰ ਕਰਨਾ? ਮੈਨੂੰ ਮਾਰਨਾ! ਕੀ ਮੇਰਾ ਕਤਲ ਕਰੇਂਗਾ?

ਚੁੱਪ! ਜਗੀ ਪਾਸੇ ਹੱਟ ਗਿਆ ਅਤੇ ਅਲੀ ਨੇ ਤੱਤੀ ਤਾਰ ਲਾ ਕੇ ਜਗੀ ਦੀ ਪਿਆਲੀ ਥੱਲੇ ਕੀਤੀ ਅਤੇ ਖੁਰਦਬੀਨ 'ਚ ਵੇਖਿਆ। ਖੂਨ ਠੀਕ ਲੱਗਦਾ ਸੀ। ਅਲੀ ਨੇ ਇਲਾਨ ਕੀਤਾ, ਠੀਕ।

ਠਹਿਰ! ਠਹਿਰ! ਇੱਕ ਵਾਰ ਫੇਰ ਜਗੀ ਦਾ ਕਰ! ਕੀ ਇਹ ਸਭ ਬਕਵਾਸ ਨਹੀਂ ਹੈ? ਹੈਨਰੀ ਨੇ ਰੋਸ ਵਿਖਾਇਆ।

ਇੰਞ ਕਰਦਾ, ਇੱਕ ਵਾਰੀ ਫੇਰ ਟੈਸਟ ਕਰਦਾ, ਰੈਂਡਮਲੀ, ਓਕੇ? ਪਰ ਨਤੀਜਾ ਤਾਂ ਉਹ ਹੀ ਹੋਣਾ। ਅਲੀ ਨੇ ਇਜ਼ੂ ਦੀ ਪਿਆਲੀ ਚੁੱਕ ਕੇ ਤੱਤੀ ਤਾਰ ਫੇਰ ਲਾਈ 'ਤੇ ਖੁਰਦਬੀਨ ਹੇਠਾਂ ਰੱਖੀ। ਇਹ ਨੂੰ ਵੇਖ ਕੇ ਇਜ਼ੂ 'ਤੇ ਹੈਨਰੀ ਪਰੇਸ਼ਾਨ ਹੋ ਗਏ।

ਠਹਿਰ! ਲੋੜ ਨਹੀਂ, ਔਲਡ ਬਓਏ!

ਇਹ ਤੁਹਾਨੂੰ ਗੁੰਝਲਾਉਣ ਦੀ ਕੋਸ਼ਿਸ਼ ਕਰ ਰਿਹਾ! ਇਜ਼ੂ ਨੇ ਸਾੜ ਕੱਢਦੇ ਨੇ ਆਪਣੀ ਬੰਦੂਕ ਦੀ ਸ਼ਿਸ਼ਤ ਹੁਣ ਅਲੀ ਵੱਲ ਲਾਈ।

ਅਲੀ ਨੇ ਹਾਲੇ ਸ਼ੀਸ਼ੇ 'ਚ ਵੇਖਿਆ ਨਹੀਂ ਸੀ, ਜਦ ਜਗੀ ਸਮਝ ਗਿਆ ਨਾਲ਼ੋ ਨਾਲ਼ ਯੂਸਫ਼ ਵੀ। ਜਦ ਤੱਕ ਅਲੀ ਦੀ ਅੱਖ ਨੇ ਪਿਆਲੀ ਵਿੱਚ ਹਰਕਤ ਵੇਖੀ, ਇਜ਼ੂ ਦੀ ਉਂਗਲ਼ੀ ਘੋੜਾ ਖਿੱਚ ਰਹੀ ਸੀ। ਪਰ ਉਸ ਤੋਂ ਪਹਿਲਾਂ ਹੀ ਯੂਸਫ਼ ਨੇ ਬਿਨਾਂ ਸੋਚੇ ਆਪਣਾ ਘੋੜਾ ਨੱਪ ਦਿੱਤਾ ਸੀ ਅਤੇ ਇਜ਼ੂ ਵਿੱਚ ਕਈ ਗੋਲ਼ੀਆਂ ਲੰਘ ਕੇ ਛੇਕਲ਼ ਕਰ ਗਈਆਂ। ਉਸ ਹੀ ਵਕਤ ਜਗੀ ਨੇ ਜਵਾਲਾ ਪਿਚਕਾਰੀ ਰਫ਼ਲ ਚਾਲੂ ਕਰ ਦਿੱਤੀ ਅਤੇ ਅੱਗ ਨੇ ਇਜ਼ੂ ਨੂੰ ਸਾੜ ਦਿੱਤਾ। ਉਸ ਦੀ ਚੀਕ ਤਫਨੇ ਵਾਲ਼ੀ ਸੀ ਅਤੇ ਉਸ ਦੇ ਜਲ਼ਦੇ ਸਿਰ ਵਿੱਚੋਂ ਕਈ ਲਚਕੂ ਬਾਹਾਂ ਨਿਕਲ਼ੀਆਂ, ਹਿੱਕ ਵਿੱਚੋਂ ਵੀ 'ਤੇ ਢਿੱਡ ਵਿੱਚੋਂ ਵੀ! ਜਗੀ ਨੇ ਹੋਰ ਸਾੜ ਦਿੱਤਾ! ਸਾਰਿਆਂ ਦਾ ਧਿਆਨ ਇਜ਼ੂ ਉੱਤੇ ਸੀ, 'ਤੇ ਕਿਸੇ ਨੇ ਹੈਨਰੀ ਨੂੰ ਬਾਹਰ ਨੱਠਦੇ ਵੇਖਿਆ ਨਹੀਂ। ਜਦ ਤੀਕ ਇਜ਼ੂ-ਸ਼ੈ ਮਰ ਚੁੱਕੀ ਸੀ! ਉਸ ਦੇ ਜੁੱਸੇ ਤੋਂ ਲੱਤਾਂ ਬਾਹਾਂ ਨੇ ਅਲੱਗ ਹੋਣ ਦੀ ਕੋਸ਼ਿਸ਼ ਕੀਤੀ ਸੀ, ਜਰ ਅੰਗ ਅਲੱਗ ਜੀਵ, ਪਰ ਉਨ੍ਹਾਂ ਨੂੰ ਵੀ ਜਗੀ ਨੇ ਫੂਕ ਦਿੱਤਾ ਸੀ। ਫੇਰ ਹੀ ਅਲੀ 'ਤੇ ਜਗੀ ਨੂੰ ਮਹਿਸੂਸ ਹੋਇਆ ਕਿ ਹੈਨਰੀ ਟਿਭ ਚੁੱਕਾ ਸੀ। ਜਗੀ ਬਾਹਰ, ਹੈਨਰੀ ਦੇ ਮਗਰ ਦੌੜ ਪਿਆ, ਪਰ ਵਿਚਾਰਾ ਯੂਸਫ਼ ਆਪਣੇ ਮਰੇ ਮਿੱਤਰ ਵੱਲ ਹਾਲੇ ਵੀ ਹੈਰਾਨੀ ਨਾਲ਼ ਤੱਕਦਾ ਸੀ, ਜਦ ਅਲੀ ਨੇ ਕਿਹਾ, ਤੂੰ ਵੀ ਉਨ੍ਹਾਂ ਮਗਰ ਜਾਹ! ਮੈਂ ਆਉਂਦਾ! ਜਦ ਤੱਕ ਅਲੀ ਨੇ ਵੀ ਬੰਦੂਕ ਫੜ ਲਈ ਅਤੇ ਉਨ੍ਹਾਂ ਦੇ ਪਿੱਛੇ ਨੱਸਿਆ, ਪੌੜ੍ਹੀਆਂ ਦੇ ਪੈਂਦੇ ਕੋਲ਼ ਹੈਨਰੀ ਦੇ ਲਾਗੇ, ਜਗੀ ਪੁੱਜ ਚੁੱਕਾ ਸੀ ਅਤੇ ਬਿੰਦ ਕੁ ਬਾਅਦ ਯੂਸਫ਼ ਵੀ ਪਹੁੰਚ ਗਿਆ ਸੀ। ਉਨ੍ਹਾਂ ਨੇ ਹੈਨਰੀ ਨੂੰ ਘਿਰਣਾ ਦਿੱਤਾ ਸੀ। ਹੈਨਰੀ 'ਤੇ ਯੂਸਫ਼ ਇੱਕ ਦੂਜੇ 'ਤੇ ਬੰਦੂਕ ਤਾਣ ਰਹੇ ਸਨ ਅਤੇ ਜਗੀ ਨੇ ਆਪਣੀ ਅੱਗ ਵਾਲ਼ੀ ਰਫ਼ਲ ਨਾਲ਼ ਹੈਨਰੀ 'ਤੇ ਨਿਸ਼ਾਨਾ ਬੰਨ੍ਹਿਆ ਸੀ।

ਹੈਨਰੀ ਦੀਆਂ ਅੱਖਾਂ ਡਰ ਨਾਲ਼ ਭਰੀਆਂ ਸਨ, ਉਸ ਦੀ ਕਲਾਈ ਕੰਬ ਰਹੀ ਸੀ, ਬੰਦੂਕ ਹਿੱਲ ਰਹੀ ਸੀ। ਮੇਰੇ 'ਚ ਨਹੀਂ ਹੈ ਔਲਡ ਬਓਏ! ਮੇਰ 'ਚ ਨਹੀਂ ਹੈ! ਉਹ ਤਿੰਨਾਂ ਦੇ ਚਿਹਰਿਆਂ ਨੂੰ ਕੋਇ ਕਿਤਾਬ ਦੇ ਸਫ਼ਿਆਂ ਵਾਂਙ ਪੜ੍ਹ ਰਿਹਾ ਸੀ। ਉਸ ਨੂੰ ਖ਼ਤਰਾ ਜਗੀ ਤੋਂ ਹੀ ਲੱਗਿਆ। ਜਗੀ ਨੇ ਵੀ ਉਸ ਦੇ ਮਨ ਦੀ ਗੱਲ ਬੁੱਝ ਲਈ, ਸੋ ਬੋਲਿਆ, ਫਿਕਰ ਨਾ ਕਰ। ਆਪਣੀ ਬੰਦੂਕ ਥੱਲੇ ਕਰ...

ਤੇ ਕੀ, ਸਭ ਠੀਕ ਹੋਵੇਗਾ! ਤੂੰ ਤਾਂ ਮੈਨੂੰ ਅੱਗ ਦੇ ਨਾਲ਼ ਜਾਲ਼ਣ ਨੂੰ ਤਿਆਰ ਹੈ! ਸ਼ੁਰੂ ਤੋਂ ਮੇਰੇ ਪਿੱਛੇ ਪਿਆ ਹੈ! ਮੇਰੇ ਵਿੱਚ ਨਹੀਂ ਹੈ! ਨਹੀਂ ਹੈ! ਹੁਣ ਹੈਨਰੀ ਰੌਣ ਲੱਗ ਪਿਆ, ਲਫ਼ਜ਼ ਉਸ ਨੂੰ ਛੱਡ

ਚੁੱਕੇ ਸਨ, ਫੇਰ ਉੱਭੇ ਸਾਹ ਭਰ ਕੇ ਬੋਲਿਆ, ਹਾਲੇ ਮੇਰਾ ਜ਼ਿਹਨ ਸ਼ੈ ਨੇ ਮਲਿਆ ਨਹੀਂ ਹੈ, ਮਲਿਆ ਨਹੀਂ ਹੈ! ਮੈਂ ਹੀ ਹਾਂ, ਮੈਂ ਹੀ ਹਾਂ।

ਬੇਸ਼ੱਕ। ਪਰ ਤੇਰੇ ਵਿੱਚ ਹੈ, ਜਗੀ ਨੇ ਸਿੱਧੀ ਗੱਲ ਕੀਤੀ। ਤਾਂ ਹੀ ਡਰਦਾ ਕਿਉਂਕਿ ਇਸ ਸੋਚ ਦਾ ਤੈਨੂੰ ਪਤਾ ਹੈ, ਮਨ ਵਿੱਚ ਜਾਣਦਾ ਹੋ।

ਤੂੰ ਸ਼ੁਰੂ ਤੋਂ...

ਨਹੀਂ। ਜਦ ਦੀ ਸ਼ੈ ਨੂੰ ਕੱਢਣ 'ਚ ਤੂੰ ਅਬਸੇਸਡ ਹੋ ਪਿਆ ਅਤੇ ਸਾਨੂੰ 'ਤੇ ਦੁਨੀਆ ਨੂੰ ਖ਼ਤਰੇ 'ਚ ਪਾਇਆ...ਆਹੋ...ਉਸ ਵੇਲ਼ੇ ਦਾ ਮੈਂ ਤੇਰੇ ਮਗਰ ਹੈ। ਮੈਂ ਖੂਨੀ ਨਹੀਂ ਹਾਂ। ਮਜ਼ਬੂਰ ਹਾਂ।

ਮੈਂ ਵੀ ਮਜ਼ਬੂਰ ਹਾਂ! ਮੈਂ ਵੀ! ਹੁਣ ਬੰਦੂਕ ਥੱਲੇ ਛੁੜਕ ਪਈ ਅਤੇ ਹੈਨਰੀ ਕੰਧ ਨਾਲ਼ ਢਾਸ ਲਾ ਕੇ ਧਰਤ ਵੱਲ ਰਿੜ੍ਹ ਰਿਹਾ ਸੀ, ਸਿਮਟ ਕੇ ਇਕੱਠਾ ਹੋ ਗਿਆ, ਉਸ ਦੇ ਬੁੱਲ੍ਹਾਂ 'ਚੋਂ ਹੌਲ਼ੀ ਹੌਲ਼ੀ ਮੰਤਰ ਨਿਕਲ਼ਦਾ, ਮੇਰਾ ਫ਼ੈਸਲਾ ਨਹੀਂ ਸੀ. ਮੇਰਾ ਫ਼ੈਸਲਾ ਨਹੀਂ ਸੀ. ਮੇਰਾ ਫ਼ੈਸਲਾ...।

ਫੇਰ ਕਿਸ ਦਾ ਫ਼ੈਸਲਾ ਸੀ, ਅਲੀ ਨੇ ਪੁੱਛਿਆ, ਗੋਲ ਮੋਲ ਜਵਾਬ ਹੁਣ ਨਹੀਂ ਦੇਣਾ!

ਹੈਨਰੀ ਦੀਆਂ ਅੱਖਾਂ ਜ਼ਮੀਨ ਉੱਤੇ ਸਨ, ਪਰ ਜਵਾਬ ਦੇ ਹੀ ਦਿੱਤਾ।

ਮੋਲਾ ਤਾਂ ਸਾਡਾ ਕਵਰ ਹੈ। ਉਨ੍ਹਾਂ ਨੂੰ ਨਹੀਂ ਪਤਾ। ਤੁਹਾਨੂੰ ਪਤਾ ਦੁਨੀਆ ਦੀਆਂ ਸਾਰੀਆਂ ਸਰਕਾਰਾਂ ਹਥਿਆਰਾਂ ਵਾਸਤੇ ਕੀ ਕੁਝ ਦਿੰਦੇ ਨੇ? ਅਮਨ ਲਈ ਨਹੀਂ; ਪਰ ਜੰਗ ਲਈ? ਜੰਗ ਵੱਡੇ ਬੰਦਿਆਂ ਨੂੰ ਅਮੀਰ ਕਰਦਾ ਹੈ। ਸਾਨੂੰ ਪਤਾ ਲੱਗ ਚੁੱਕਾ ਸੀ ਇੱਥੇ ਕੋਈ ਪੁਲਾੜ ਜਹਾਜ਼ ਹੈ। ਅਤੇ ਹੋ ਸਕਦਾ ਇਸ ਵਿੱਚ ਕੁਝ ਹੋਣਾ ਜਿਸ ਨੂੰ ਸਰਕਾਰਾਂ ਹਥਿਆਰੀ ਕਰ ਸਕਦੇ ਨੇ। ਕਮਾਲ ਦੀ ਗੱਲ ਸੀ ਤੁਹਾਡੇ ਹੜੱਪੇ ਦੀ ਬੋਲੀ ਉਸ ਵਿੱਚ ਸੀ! ਮੈਨੂੰ ਦੱਸਿਆ ਗਿਆ ਜੀ ਨੂੰ ਸਰਕਾਰਾਂ ਦੇ ਹੱਥਾਂ 'ਚ ਪਹੁੰਚਾਉਣਾ ਹੈ। ਜੋ ਮਰਜ਼ੀ...

ਸਾਡੇ ਜੀਵਨ...ਪਰ ਹੁਣ ਤੇਰਾ ਵੀ...ਅਸੀਲ ਆਵਾਜ਼ 'ਚ ਜਗੀ ਨੇ ਕਿਹਾ।

ਆਹੋ। ਲਾਲਚੀ ਔਲਡ ਬਓਏ। ਇੱਥੇ ਤੂੰ ਸਹੀ ਹੈ। ਇੱਕ ਪਲ ਵਾਸਤੇ ਹੈਨਰੀ ਦੀਆਂ ਅੱਖਾਂ ਜਗੀ ਦੇ ਨਾਲ਼ ਮਿਲ਼ੀਆਂ, ਫੇਰ ਧਰਤ ਵੱਲ ਗਈਆਂ। ਪਤਾ ਨਹੀਂ ਕਿੰਨੀ ਦੇਰ ਲੱਗਣੀ ਇਸ ਚੀਜ਼ ਨੂੰ ਮੈਨੂੰ ਬਦਲੀ ਕਰਨ ਨੂੰ, ਪਰ ਹੋਣਾ ਤਾਂ ਹੈ, ਹੈ ਨਾ? ਪਰ ਇਸ ਵਕਤ, ਮੈਂ ਮੈਂ ਹੀ ਹਾਂ, ਮੈਂ ਮੈਂ ਹੀ ਹਾਂ।

ਫੇਰ ਬਿਨ ਗੱਲ, ਜਾਂ ਚਿਤਾਵਣੀ, ਹੈਨਰੀ ਨੇ ਥੱਲੋਂ ਬੰਦੂਕ ਚੁੱਕ ਕੇ ਘੁੰਮਾ ਕੇ ਨਾਲ਼ੀ ਆਪਣੇ ਮੂੰਹ ਵਿੱਚ ਪਾ ਦਿੱਤੀ ਅਤੇ ਘੋੜਾ ਖਿੱਚ ਦਿੱਤਾ। ਸਿਰ ਦੇ ਪਿਛਲੇ ਪਾਸਿਓਂ ਭੇਜਾ ਬਾਹਰ ਆ ਕੇ ਕੰਧ ਨੂੰ ਲਾਲ ਛਿਟਿਆਂ ਨਾਲ਼ ਰੰਗ ਦਿੱਤਾ।

ਸਭ ਨੂੰ ਉਸ ਉੱਤੇ ਤਰਸ ਆਇਆ। ਫੇਰ ਵੀ ਜਗੀ ਹੁਣ ਪ੍ਰਯੋਗਿਕ ਸੀ। ਉਸ ਨੇ ਲੋਥ ਨੂੰ ਅੱਗ ਨਾਲ਼ ਭਾਂਬੜ ਬਣਾ ਦਿੱਤਾ। ਉਨ੍ਹਾਂ ਦੇ ਤਿੰਨ ਮੂੰਹਾਂ ਉੱਤੇ ਲਾਟਾਂ ਰਾਖ਼ਸ਼ ਵਾਹੁ ਰਹੀਆਂ ਸਨ।

* * *

ਕਾਸਮੀ-ਚੀਜ਼ ਨੇ ਜ਼ੋਰ ਦੇਣੀ ਦਰ ਨੂੰ ਖੋਲ੍ਹਣ ਦੀ ਕੋਸ਼ਿਸ਼ ਕੀਤੀ, ਪਰ ਉੱਪਰਲੇ ਰੇਤੇ ਦਾ ਭਾਰ ਵੀ ਜ਼ੋਰ ਦੇਣੀ ਦੱਬ ਰਿਹਾ ਸੀ। ਉਸ ਉੱਪਰ ਡਿੱਗੇ ਭਾਰ ਦਾ ਅਸਰ ਵੀ ਜ਼ਬਰਦਸਤ ਸੀ। ਜਦ ਇਜੂ ਆਪਣਾ ਸਰੀਰ ਤਿਆਗ ਗਿਆ, ਕਾਸਮੀ-ਜੀ ਦੇ ਅੰਦਰ ਚੋਟ ਲੱਗੀ। ਗ਼ੁੱਸਾ ਚੜ੍ਹ ਗਿਆ। ਫੇਰ ਵੀ ਉਹ ਹਾਲੇ ਜਿਉਂਦਾ ਸੀ, ਨਾਲ਼ੇ ਉਸ ਦੇ ਹਿੱਸੇ ਹੈਨਰੀ 'ਚ ਵੀ ਉੱਗਣ ਲੱਗੇ ਸਨ। ਫੇਰ ਹੈਨਰੀ ਸੁੰਨ ਹੋ ਗਿਆ। ਚੋਟ ਦੀ ਜਗ੍ਹਾ ਸੰਤਾਪ ਹੋ ਪਿਆ। ਗ਼ੁੱਸਾ ਨਫ਼ਰਤ ਬਣ ਗਿਆ। ਕਾਸਮੀ-ਸ਼ੈ ਨੇ ਅਬਦੁਲ ਜਹਾਂ ਕਾਸਮੀ ਨੂੰ ਉਸ ਡੂੰਘੀ ਜਗ੍ਹਾ 'ਚ ਪੱਕਾ ਕਰ ਦਿੱਤਾ। ਹੁਣ ਕਾਸਮੀ ਨੂੰ ਨਹੀਂ ਸੀ ਦਿੱਸਦਾ। ਕਾਮਸੀ ਸਿਰਫ਼ ਜੀ ਦਾ ਮਾਸ ਹੁਣ ਸੀ, ਇੱਕ ਸੰਜੋ, ਇੱਕ ਖੱਲ, ਇੱਲ ਮਖੌਟਾ। ਨਫ਼ਰਤ ਵਿੱਚ ਇੰਤਕਾਮ ਲੈਣ ਕਾਸਮੀ-ਜੀ ਘੁੰਮ ਕੇ ਪੌੜੀਆਂ ਨੂੰ ਉੱਤਰਨ ਲੱਗ ਪਿਆ। ਪਰ ਜਦ ਤੀਕ ਜਗੀ ਅਤੇ ਅਲੀ ਅਤੇ ਯੂਸਫ਼ ਕੋਲ਼ ਪੁੱਜਿਆ, ਉਸ ਦੀਆਂ ਲੱਤਾਂ ਵਿੱਚੋਂ ਕੈਪਿਲਰੀਆਂ ਨਿਕਲ਼ੀਆਂ, ਟੋਹਾ ਟੋਹੀ ਕਰਦੀਆਂ ਲਚਕੂਹੇ ਬਾਹਾਂ ਜਿਨ੍ਹਾਂ ਦੀਆਂ ਨੋਕਾਂ ਉੱਤੇ ਮੂੰਹ ਅੱਡ ਰਹੇ ਸਨ, ਸੌ ਦੰਦਾਂ ਨਾਲ਼ ਭਰੇ। ਉਸ ਦੀਆਂ ਬਾਹਾਂ 'ਚੋਂ ਹੋਰ ਲਚਕੂਬਾਹਾਂ ਨਿਕਲ਼ੀਆਂ। ਜਦ ਤੱਕ ਜਗੀ ਹੋਰਨਾ ਨੇ ਉਸ ਨੂੰ ਵੇਖਿਆ, ਵੀਹ ਫੁੱਟ ਦੀਆਂ ਤੰਦੂਆ ਵਰਗੀਆਂ ਬਾਹਾਂ ਉੱਤੇ ਜੀ ਫਿਰ ਰਿਹਾ ਸੀ। ਕਾਸਮੀ ਦੇ ਸਿਰ ਦੇ ਖੋਪਰ ਵਿੱਚੋਂ ਪੰਜ ਕੋਰੜੇ ਵਰਗੀਆਂ ਬਾਹਾਂ ਰੂਨੁਮਾਈ ਹੋਇਆ, ਜਿਨ੍ਹਾਂ ਦੀਆਂ ਸਿਖਰਾਂ ਉੱਤੇ ਪੀਲੀਆਂ ਅੱਖਾਂ ਸਨ!

ਕਾਸਮੀ ਦਾ ਬੇਸ਼ੱਕ ਮੁਖੜਾ ਤਾਂ ਸੀ, ਪਰ ਉਸ ਮੂੰਹ ਦੀਆਂ ਅੱਖਾਂ ਨੂੰ ਜੀ ਨੇ ਖ਼ਾਲ਼ੀ ਕਰ ਦਿੱਤਾ ਸੀ। ਕਾਸਮੀ ਵਰਤਨ ਹੱਟ ਚੁੱਕਾ ਸੀ। ਹੁਣ ਉਹ ਖ਼ਾਲ਼ੀ ਖੇਹ ਰੰਗ ਅੱਖਾਂ ਬਿਨ ਡਿੱਠੇ ਬੰਦਿਆਂ ਵੱਲ ਝਾਕਦੀਆਂ ਸਨ। ਜੀ ਦੀਆਂ ਅਸਲੀ ਅੱਖਾਂ ਉਹ ਪੰਜ ਪੀਲ਼ੇ ਪਿਸ਼ਾਚ ਸਨ। ਇਹ ਜੀ ਨੂੰ ਵੇਖ ਕੇ ਤਿੰਨ ਜਣਿਆਂ ਨੇ ਆਪਣੀਆਂ ਗੱਲਾਂ ਅਧੂਰੀ ਛੱਡ ਦਿੱਤੀਆਂ। ਸ਼ੈ- ਕਾਸਮੀ ਵੱਲ ਵੇਖ ਕੇ ਤਿੰਨਾਂ ਦੇ ਦਿਲ ਕਾਹਲ਼ੇ ਪੈ ਗਏ ਅਤੇ ਉਨ੍ਹਾਂ ਦੀਆਂ ਨਿਗ੍ਹਾਵਾਂ ਚੀਜ਼- ਕਾਸਮੀ ਉੱਤੇ ਅੜ ਗਈਆਂ।

ਅਲੀ ਨੇ ਲੰਮਾ ਸੂਟਾ ਖਿੱਚਿਆ ਅਤੇ ਤਾਜ਼ੀ ਹੀ ਮੂੰਹ ਵਿੱਚ ਪਾਈ ਸਿਗਰਟ ਉਸ ਦੇ ਹੈਰਾਨ ਬੁੱਲ੍ਹਾਂ 'ਚੋਂ ਧਰਤ ਵੱਲ ਡਿੱਗ ਪਈ। ਇਹ ਉਸ ਦਾ ਯਾਰ ਹੁੰਦਾ ਸੀ! ਉਸ ਦਾ ਸਹਾਇਕ! ਗਹਿਰਾ ਅੰਗ ਪਾਲ! ਪਰ ਜੋ ਉਸ ਦੇ ਸਾਹਮਣੇ ਸੀ! ਇੱਕ ਲਚਕੂ ਬਾਂਹ ਨੇ ਆਪਣੇ ਆਪ ਨੂੰ ਸੱਪ ਵਾਂਗਰ ਅਲੀ ਦੇ ਜੁੱਸੇ ਆਲ਼ੇ ਦੁਆਲ਼ੇ ਲਪੇਟ ਦਿੱਤਾ ਅਤੇ ਅਲੀ ਨੂੰ ਚੁੱਕ ਕੇ ਉੱਚਾ ਕਰ ਕੇ ਕਾਸਮੀ ਦੇ ਮੂੰਹ ਦੇ ਸਾਹਮਣੇ ਕਰ ਦਿੱਤਾ। ਫੇਰ ਅਲੀ ਦੇ ਸਾਹਮਣੇ ਹੀ ਕਾਸਮੀ ਦਾ ਮੂੰਹ ਥੱਲੇ ਜਾਹ ਡਿੱਗ ਪਿਆ ਜਿੰਵ ਸੱਚ ਮੁੱਚ ਮਾਸਕ ਹੀ ਸੀ! 'ਤੇ ਸੱਚ ਮੁੱਚ ਨਕਲੀ ਸੂਰਤ ਸੀ! ਉਸ ਦੀ ਥਾਂ ਉਹ ਹੀ ਰੁਖ਼ ਸੀ ਜੋ ਉਨ੍ਹਾਂ ਨੇ ਪਹਿਲੇ ਦਿਨ ਕੱਚ ਪਿੱਛੇ ਵੇਖਿਆ ਹੋਇਆ ਸੀ। ਹੁਣ ਜੋ ਵੀ ਕਾਸਮੀ ਦੇ ਪਿੰਡੇ ਦਾ ਰਹਿੰਦਾ ਸੀ, ਸੱਪ ਦੀ ਖੱਲ ਵਾਂਙ ਜੀ ਨੇ ਝਾੜ ਦਿੱਤਾ ਸੀ। ਹਰ ਬਾਂਹ ਦੇ ਬਦਨ ਉੱਤੇ ਚੱਕਰ ਵਰਗੇ ਚੁਪਾਈ ਜਜ਼ਬ ਕਰਨ ਵਾਲ਼ੇ ਡਿਸਕ ਸਨ। ਹੁਣ ਇਨ੍ਹਾਂ ਨੇ ਅਲੀ ਨੂੰ ਆਪਣੀਆਂ ਬੁੱਲ੍ਹਾਂ ਨਾਲ਼ ਬਲਾਤਕਾਰ ਕੀਤਾ। ਉਸ ਨੂੰ ਚੁੰਘਣ ਲੱਗ ਪਏ। ਖਾਣ ਲੱਗ ਪਏ!

ਜਗੀ ਨੇ ਉਸ ਹੀ ਵਕਤ ਆਪਣੀ ਅੱਗ ਵਾਲ਼ੀ ਰਫ਼ਲ ਉਸ ਜੰਤ ਵੱਲ ਤਾਣ ਦਿੱਤੀ ਅਤੇ ਭਬੂਕਾ ਉਸ ਉੱਤੇ ਛੱਡ ਦਿੱਤਾ। ਉਸ ਹੀ ਵੇਲ਼ੇ ਯੂਸਫ਼ ਨੇ ਬੰਦੂਕ ਚਲਾ ਦਿੱਤੀ। ਗੋਲ਼ੀਆਂ ਜੰਤ ਦੇ ਅੰਗਾਂ ਅੰਦਰ ਧਸ ਗਈਆਂ, ਅੱਗ ਜੁੱਸੇ ਨੂੰ ਜਾਲ਼ ਰਹੀ ਸੀ, ਪਰ ਫੇਰ ਵੀ ਜੰਤ ਨੇ ਅਲੀ ਨੂੰ ਫੜ ਕੇ ਰੱਖਿਆ, ਉਸ ਦੇ ਕੰਨਾਂ ਰਾਹੀਂ ਅੰਦਰ ਆਪਣੀਆਂ ਸਪੇਲੀਆਂ ਉਂਗਲ਼ੀਆਂ ਨਾਲ਼ ਟੋਹਦਾ। ਉਸ ਹੀ ਸਪੇਲੀਆਂ ਫੇਰ ਨਾਸਾਂ ਜਾਂ ਅਲੀ ਦੇ ਮੂੰਹ ਵਿੱਚੋਂ ਬਾਹਰ ਨਿਕਲ਼ਦੀਆਂ ਦਿੱਸੀਆਂ। ਜਿੱਥੇ ਕਾਸਮੀ ਦਾ ਜਿਸਮ ਹੁੰਦਾ ਸੀ, ਹੁਣ ਇੱਕ ਵੱਡਾ ਜਿਹਾ ਕੱਦ ਬੁੱਤ ਸੀ ਜਿਸ ਦੇ ਗੱਭੇ ਵੱਡਾ ਮੂੰਹ ਅੱਡ ਰਿਹਾ ਸੀ, ਆਰੀ ਦੇ ਦੰਦ ਜਿੱਡੇ ਦੰਦ ਅਲੀ ਨੂੰ ਸੇਵਨ ਕਰਨ ਤਿਆਰ। ਜੰਤ ਨੇ ਫ਼ੈਸਲਾ ਕਰ ਲਿਆ ਸੀ ਕਿ ਤਿੰਨਾਂ ਨੂੰ ਮਾਰਨਾ ਹੈ, ਸੋ ਹੁਣ ਅੱਗ ਦੀਆਂ ਝਲ਼ਸੀਆਂ ਦੀ ਪਰਵਾਹ ਨਹੀਂ ਕੀਤੀ। ਲਚਕੂ ਬਾਹਾਂ ਨੇ ਅਲੀ ਨੂੰ ਉਸ ਵੱਡੇ ਅੱਡੇ ਮੂੰਹ ਵਿੱਚ ਜਮ੍ਹਾਂ ਕਰ ਦਿੱਤਾ। ਦੋ ਰਹਿ ਗਏ ਸੀ। ਪਰ ਫੇਰ ਜੰਤ ਸਿਆਣੇ ਕਾਂ ਵਾਂਙ ਸੋਚਣ ਲੱਗ ਪਿਆ। ਬੰਦਿਆਂ ਦੇ ਬਦਨਾਂ 'ਚ ਜਾਹ ਕੇ ਹੀ ਬਾਹਰ ਨਿਕਲ਼ ਸਕਦਾ ਸੀ। ਉਨ੍ਹਾਂ ਦੀ ਲੋੜ ਸੀ। ਪਰ ਉਹ ਤਾਂ ਉਸ ਨੂੰ ਸਾੜ ਰਹੇ ਸੀ। ਇਹ ਹਟਾਉਣਾ ਪੈਣਾ ਸੀ। ਅੱਖ ਦੇ ਫੋਰ ਵਿੱਚ ਜੰਤ ਦੀ ਇੱਕ ਸੱਪ ਵਰਗੀ ਬਾਂਹ ਨੇ ਯੂਸਫ਼ ਨੂੰ ਮਾਰ ਕੇ ਕੰਧ ਵੱਲ ਸੁੱਟਿਆ। ਪਰ ਜਗੀ ਨੇ ਸਾਰਾ ਤੇਲ ਜਲ਼ਾ ਕੇ ਜੰਤ ਦੇ ਜੁੱਸੇ ਨੂੰ ਜੁਆਲੇ 'ਚ ਸਾੜ ਫੂਕ ਦਿੱਤਾ ਸੀ। ਜੰਤ ਚਿਚਲਾਇਆ। ਐਤਕੀਂ ਜੰਤ ਦੀ ਵਾਰੀ ਸੀ। ਮਜ਼ਬੂਰੀ ਦਾ ਨਾਂ ਮਾਸੀ ਹੁੰਦਾ ਹੈ ਅਤੇ ਜੰਤ ਦੇ ਗ਼ੁੱਸੇ ਨੇ ਉਸ ਲਈ ਹੀ ਕੰਮ ਖ਼ਰਾਬ ਕਰ ਦਿੱਤਾ ਸੀ। ਜਗੀ 'ਤੇ ਯੂਸਫ਼ ਉਸ ਵੱਲ ਤਾੜ ਰਹੇ ਸਨ ਜਦ ਜਲ਼ਦੇ ਅੰਗਾਂ ਵਿੱਚੋਂ ਉਸ ਦੇ ਮਾਸ ਥੱਲੋਂ ਚੀਕਦਾ ਚਿਹਰਾ ਦਿੱਸਿਆ। ਖ਼ਾਲਿਦ ਦਾ ਸੀ! ਫੇਰ ਤਫਨੇ ਦਾ ਸੀ, ਫੇਰ ਇੱਕ ਹੋਰ ਅੰਗ ਵਿੱਚੋਂ ਨਿਕਲ਼ਣ ਦੀ ਕੋਸ਼ਿਸ਼ ਕਰਦਾ, ਇਜੂ ਦਾ ਮੁਖ ਸੀ। ਇੱਕ ਬੰਦ ਵਿੱਚ ਸੁੰਢ ਦਾ ਸਾਰਾ ਸਰੀਰ ਵੱਟਦਾ ਜਾਪਦਾ ਸੀ। ਇੱਕ ਜਲ਼ਦੀ ਬਾਂਹ ਦੇ ਖੱਲ ਪਿੱਛੇ ਕਾਸਮੀ ਦੀ ਸੂਰਤ ਜਾਪਦੀ ਸੀ, ਪੀੜ ਵਿੱਚ ਮਾਸ ਵਿੱਚੋਂ ਨਿਕਾਸ ਕਰਨ ਦੀ ਕੋਸ਼ਿਸ਼ ਕਰਦੀ, ਚੁੱਪ ਹੂਕਾਂ ਕੱਢਣ ਦੀ ਖੇਚਲ਼ ਕਰਦੀ, ਅਵੱਸ਼ ਸੜਦੀ। ਹਾਰ ਕੇ ਸਰੀਰ ਵਿੱਚੋਂ ਮਾਸ ਦੇ ਪਿੱਛੋਂ ਆਪ ਨੂੰ ਬਾਹਰ ਧੱਕਣ ਦਾ ਹੀਲਾ ਕਰਦਾ, ਅਲੀ ਦਾ ਰੁਖ਼ ਦਿੱਸਦਾ ਸੀ।

ਸਿਗਰਟ ਵਾਂਙ ਜਲ਼ਦਾ ਸੀ।

ਕਿਸੇ ਨੂੰ ਮਹਿਸੂਸ ਨਹੀਂ ਸੀ ਹੋਇਆ ਕਿ ਇੱਕ ਮੱਛਰ ਉੱਪਰੋਂ ਅੰਦਰ ਆ ਚੁੱਕਾ ਸੀ ਅਤੇ ਉਸ ਨੇ ਜਦ ਜੰਤ ਕਾਸਮੀ ਦੇ ਰੂਪ ਵਿੱਚ ਸੀ, ਉਸ ਨੂੰ ਲੜਿਆ ਸੀ। ਕਾਸਮੀ ਨੇ ਹੱਥ ਮਾਰ ਕੇ ਆਪਣੇ ਮਾਸ ਉੱਤੇ ਪਿਸ ਦਿੱਤਾ ਸੀ। ਉਸ ਵਕਤ ਜੰਤ ਵਿੱਚ ਸਮੋ ਚੁੱਕਾ ਸੀ। ਹੁਣ ਜਦ ਜਗੀ ਨੇ ਆਖਰੀ ਤੇਲ ਦੀ ਅੱਗ ਜੰਤ ਉੱਤੇ ਛਿੜੀ ਅਤੇ ਇੱਕ ਵਾਰ ਫੇਰ ਯੂਸਫ਼ ਨੇ ਗੋਲ਼ੀਆਂ ਛੱਡੀਆਂ, ਜੰਤ ਦਾ ਜੁੱਸਾ ਅੱਗ ਵਿੱਚ ਉੱਡ ਚੁੱਕਾ, ਛਾਈਂ ਮਾਈਂ ਹੋ ਪਿਆ ਅਤੇ ਉਸ ਦੀ ਜਗ੍ਹਾ ਉਨ੍ਹਾਂ ਉੱਪਰ ਹਜ਼ਾਰ ਮੱਛਰ ਭੀਂ ਭੀਂ ਕਰ ਰਹੇ ਸਨ। ਪਰ ਜ਼ਿਆਦਾ ਜਣੇ ਪਤਝੜ ਦੇ ਪੱਤਿਆਂ ਵਾਂਙ ਅੱਗ ਨਾਲ਼ ਲਾਲ ਹੋ ਕੇ ਧਰਤ ਵੱਲ ਫੜ ਫੜ ਕਰ ਰਹੇ ਸਨ। ਹਜ਼ਾਰ ਮੱਛਰਾਂ ਦੀਆਂ ਲਾਸ਼ਾਂ ਫ਼ਰਸ਼ ਉੱਤੇ ਪਈਆਂ। ਉਂਵ ਜਗੀ ਨੂੰ ਸਮਝ ਨਹੀਂ ਸੀ ਹੋ ਰਹੀ, ਕਿ ਕੀ ਉਨ੍ਹਾਂ ਦੇ ਸਾਹਮਣੇ ਹੋ ਚੁੱਕਾ ਸੀ? ਫੇਰ ਵੀ ਉਸ ਨੇ ਅੱਗ ਧਰਤ 'ਤੇ ਛਿੜ ਕੇ ਸਭ ਕੁਝ ਸਾੜ ਦਿੱਤਾ। ਹੁਣ ਯੂਸਫ਼ ਗੋਲ਼ੀਆਂ ਨਾਲ਼ ਕੁਝ ਨਹੀਂ ਸੀ ਕਰ ਸਕਦਾ ਸੀ।

ਇੱਕ ਤਨਹਾ ਮੱਛਰ ਉੱਪਰ ਵੱਲ ਉੱਡ ਰਿਹਾ ਸੀ।

ਜੰਤ ਦੀ ਹਸਤੀ ਦਾ ਹੁਣ ਸਬੂਤ ਨਹੀਂ ਸੀ ਰਿਹਾ।

ਸਿਰਫ਼ ਅੱਗ ਸੀ।

* * *

ਦੋਹਾਂ ਦੇ ਮਨਾਂ ਦਾ ਮੌਸਮ ਨਿਰਾਸ ਸੀ। ਹੁਣ ਇੱਕ ਦੂਜੇ ਦੇ ਉਲਟ ਬੈਠੇ ਸੀ, ਉਸ ਹੀ ਖਾਣ ਵਾਲ਼ੇ ਕਮਰੇ 'ਚ ਜਿੱਥੇ ਕੁਝ ਦਿਹਾੜੇ ਪਹਿਲਾਂ ਜਗੀ ਸੁਖੀ ਨਾਲ਼ ਅੱਖ ਮਟੱਕਾ ਰਿਹਾ ਸੀ। ਜਾਂ ਉਹ ਉਸ ਨਾਲ਼ ਕਲੋਲੀਆਂ ਕਰ ਰਹੀ ਸੀ? ਕੀ ਪਤਾ, ਇੰਵ ਜਾਪਦਾ ਸੀ ਕਿ ਉਹ ਤਾਂ ਕੋਈ ਹੋਰ ਜ਼ਿੰਦਗੀ ਸੀ, ਹੋਰ ਸਮਾਂ। ਜੰਤ ਤੋਂ ਬਾਅਦ ਸੰਘਾਰ ਹੀ ਸੀ। ਹੁਣ ਦੋ ਜਣੇ ਰਹਿ ਚੁੱਕੇ ਸੀ। ਭਾਵੇਂ ਜਵਾਲਾ ਪਿਚਕਾਰੀ ਰਫ਼ਲ ਹੁਣ ਖ਼ਾਲ਼ੀ ਹੀ ਸੀ, ਜਗੀ ਨੂੰ ਆਪਣੇ ਨਾਲ਼ ਰੱਖ ਕੇ ਸੁੱਖ ਮਿਲ਼ ਰਿਹਾ ਸੀ। ਯੂਸਫ਼ ਦੇ ਲਾਗੇ

ਦੋ ਬੰਦੂਕਾਂ ਸਨ, ਉਂਞ ਹੁਣ ਜਗੀ ਨੇ ਵੀ ਇੱਕ ਆਪਣੇ ਕੋਲ਼ ਰੱਖੀ ਸੀ। ਇੱਕ ਦੂਜੇ ਵੱਲ ਸੰਸਾ ਨਾਲ਼ ਝਾਕ ਰਹੇ ਸੀ। ਦੋਹਾਂ ਨੂੰ ਪਤਾ ਸੀ ਜੇ ਦੁਨੀਆ ਵਿੱਚ ਗਏ, ਹੋ ਸਕਦਾ ਉਹ ਜੰਤ ਵੀ ਨਾਲ਼ ਜਾਵੇਗਾ। ਖ਼ਤਰਾ ਹੀ ਖ਼ਤਰਾ ਸੀ। ਇੱਕ ਨੂੰ ਸ਼ੱਕ ਸੀ ਕਿ ਦੂਜੇ ਵਿੱਚ ਸ਼ੈ ਹੋ ਸਕਦੀ ਹੈ, ਦੂਜੇ ਨੂੰ ਪੂਰਾ ਪਤਾ ਨਹੀਂ ਸੀ ਜੇ ਉਸ ਵਿੱਚ ਸੀ ਜਾਂ ਓਸ ਵਿੱਚ ਸੀ। ਫ਼ਿਕਰ ਸੀ, ਨਹੀਂ ਪੈਰਾਨੋਇਆ ਸੀ ਕਿ ਦੂਜੇ ਵਿੱਚ ਸ਼ੈ ਆਵਾਸੀ ਸੀ। ਫ਼ਿਕਰ ਸੀ ਕਿ ਮੇਰੇ ਵਿੱਚ ਸੀ। ਸੋ ਦੋਵੇਂ ਇੱਥੇ ਫਸ ਚੁੱਕੇ ਸੀ। ਇੱਕ ਦੂਜੇ ਨੂੰ ਮਾਰਨ ਲਈ ਤਿਆਰ ਸਨ। ਜੰਤ ਨੂੰ ਅੱਗ ਲਾਉਣੀ ਬਾਅਦ ਮੱਛਰ ਦਾ ਵੀ ਫ਼ਿਕਰ ਹੋ ਚੁੱਕਾ ਸੀ, ਸੋ ਪੌੜੀਆਂ ਚੜ੍ਹ ਕੇ ਉੱਪਰ ਗਏ ਵੇਖਣ ਜੇ ਮੱਛਰ ਬਾਹਰ ਨਿਕਲ਼ ਸਕਦਾ ਸੀ। ਫੇਰ ਸਾਰੇ ਮੱਛਰਾਂ ਮੱਖੀਆਂ ਨੂੰ ਭਾਲ਼ਣ ਤੁਰ ਪਏ, ਹਮੇਸ਼ਾ ਇਕੱਠੇ। ਹਾਰ ਕੇ ਇਸ ਗੱਲ ਨੂੰ ਪਾਗਲਪਣਾ ਸਮਝ ਕੇ ਇੱਥੇ ਆ ਬੈਠੇ।

ਦੋਨਾਂ ਦੀਆਂ ਉਂਗਲ਼ੀਆਂ ਘੋੜਿਆਂ ਦੇ ਨੇੜੇ ਤੇੜੇ ਸਨ।

ਜਦ ਅੰਦਰ ਆਏ ਸਨ, ਦੋਹਾਂ ਨੇ ਉਸ ਮੇਜ਼ ਵੱਲ ਝਾਤੀ ਮਾਰੀ ਜਿੱਥੇ ਅਲੀ ਨੇ ਲਹੂ ਦਾ ਟੈਸਟ ਕੀਤਾ ਸੀ। ਦੋਹਾਂ ਦੇ ਦਿਮਾਗਾਂ 'ਚ ਸੋਚ ਲੰਘੀ ਕਿ ਲੈਣਾ ਚਾਹੀਦਾ ਹੈ। ਜਿੰਞ ਹੈਨਰੀ ਦੇ ਖੂਨ ਨੇ ਸੱਚ ਉਜਾਗਰ ਕੀਤਾ, ਹੁਣ ਜੇ ਉਨ੍ਹਾਂ ਵਿੱਚ ਕੁਝ ਬਦਲ ਚੁੱਕਾ, ਅਲੀ ਦਾ ਟੈਸਟ ਵੀ ਦੱਸ ਸੱਕਦਾ ਸੀ। ਪਰ ਦੋਵੇਂ ਇਹ ਕਰਨ ਬੇਦਿਲ ਸਨ। ਨਾਲ਼ੇ ਜਗੀ ਨੇ ਸੋਚਿਆਂ ਜੇ ਯੂਸਫ਼ ਹੁਣ ਚੀਜ਼ ਸੀ, ਉਸ ਨੇ ਤਾਂ ਜਗੀ ਦੀ ਹੋਰ ਸੋਚ ਪੜ੍ਹ ਲੈਣੀ ਸੀ ਅਤੇ ਜੇ ਮੈਂ ਹਾਂ, ਕੀ ਜਦ ਮੈਂ ਯੂਸਫ਼ ਦਾ ਜ਼ਿਹਨ ਫਰੋਲਣ ਲੱਗਣਾ, ਉਸ ਖਿਣ 'ਚ ਯੂਸਫ਼ ਨੂੰ ਪਤਾ ਲੱਗ ਜਾਣਾ ਕਿ ਮੈਂ ਹੁਣ ਸ਼ੈ ਆ! ਫੇਰ ਮੇਰੇ 'ਚ ਹਿੰਮਤ ਹੋਵੇਗੀ ਯੂਸਫ ਨੂੰ ਸੱਚ ਦੱਸਣ? ਜਾਂ ਹੈਨਰੀ ਵਾਂਗਰ ਮੈਂ ਲੁਕੋਣ ਦੀ ਕੋਸ਼ਿਸ਼ ਕਰਾਂਗਾ? ਕੀ ਯੂਸਫ਼ ਨੂੰ ਪੁੱਛਾਂਗਾ ਕਿ ਮੈਨੂੰ ਖ਼ਤਮ ਕਰਨ, ਜਾਂ ਜਾਨ ਇੰਨੀ ਪਿਆਰੀ ਹੈ ਕਿ ਆਪਣੇ ਬਾਰੇ ਦੱਸਣ ਤੋਂ ਝਿਜਕੇਗਾ? ਜਾਂ ਹੈਨਰੀ ਵਾਂਙ ਆਪਣੀ ਹੀ ਜਾਨ ਲੈ ਸਕੇਗਾ? ਕੀ ਯੂਸਫ਼ ਮੇਰੇ ਨਾਲ਼ ਸੱਚਾ ਹੋਵੇਗਾ? ਕੀ ਜੇ ਉਹ ਹੀ ਜੰਤ ਹੈ? ਇੰਞ ਨਾ ਸੋਚ! ਜੇ ਉਹ ਜੰਤ ਹੈ, ਉਹ ਮੇਰੇ ਮਨ ਨੂੰ ਪੜ੍ਹ ਸਕਦਾ ਹੈ।

ਜਗੀ ਦੇ ਮਨ 'ਚ ਇੱਕ ਹੋਰ ਖਿਆਲ਼ ਵੜਿਆ। ਯੂਸਫ਼ ਤਾਂ ਇੱਕ ਕਾਮਾ ਹੈ। ਮੈਨੂੰ ਇੱਥੇ ਮੇਰੀ ਬੋਲੀ ਦੇ ਗਿਆਨ ਕਰਕੇ ਬੁਲਾਇਆ ਗਿਆ ਸੀ। ਸਿੰਧ ਦੀ ਪੁਰਾਣੀ ਬੋਲੀ, ਹੜੱਪੇ ਦੀ ਜ਼ੁਬਾਨ ਦੀ ਵਜ੍ਹਾ। ਉਹ ਭਾਸ਼ਾ ਪੁਲਾੜ ਜਹਾਜ਼ 'ਚ ਸੀ, ਸਾਰੇ ਪਾਸੇ! ਕੀ ਹੋ ਸਕਦਾ ਇਸ ਤਰ੍ਹਾਂ ਦੇ ਪੁਲਾੜ ਜਹਾਜ਼ ਪੰਜਾਬ ਦੀ ਜ਼ਮੀਨ ਥੱਲੇ ਹਨ? ਕੀ ਹੋ ਸਕਦਾ ਦੁਨੀਆ ਦੇ ਕਈ ਥਾਵਾਂ 'ਚ ਹਨ? ਫੇਰ ਇਹ ਜੰਤ ਤਾਂ ਕੋਈ ਸੁਤੇ ਰੱਬ ਵਾਂਙ ਜਿੱਥੇ ਮਰਜ਼ੀ ਇੱਕ ਦਿਨ ਉੱਠ ਸਕਦਾ ਹੈ! ਹੈਨਰੀ ਨੇ ਕਿਹਾ ਕਿ ਸਰਕਾਰਾਂ ਨੂੰ ਤਾਂ ਇਸ ਬਾਰੇ ਪਤਾ ਹੀ ਹੈ। ਕੀ ਸਿਰਫ਼ ਜਨਤਾ ਨੂੰ ਨਹੀਂ ਪਤਾ ਹੈ? ਇਹ ਗੱਲ ਨੂੰ ਵੀ ਨਾ ਸੋਚ! ਜੇ ਯੂਸਫ਼ ਜੰਤ ਹੈ, ਤੇਰੇ ਮਨ ਨੂੰ ਫਰੋਲ ਸਕਦਾ ਹੈ। ਇਮਤਿਹਾਨ ਰਾਹੀਂ ਪਤਾ ਲੱਗ ਸਕਦਾ ਹੈ। ਟੈਸਟ ਦੱਸ ਸਕਦਾ...

ਟੈਸਟ ਫੇਰ ਲੈਣਾ? ਜਗੀ ਨੇ ਪੁੱਛਿਆ।

ਲੋੜ ਹੈ? ਜੇ ਤੂੰ ਸ਼ੈ ਹੈ...ਉਸ ਦੀ ਉਂਗਲ਼ ਘੋੜੇ ਨੂੰਹਲਕੇ ਜਿਹੇ ਨੱਪ ਰਹੀ ਸੀ।

'ਤੇ ਜੇ ਤੂੰ ਹੋ?

ਜੇ ਅਸੀਂ ਦੋਵੇਂ ਹੋਣ? ਫੇਰ ਕੀ? ਹੁਣੀ ਇੱਕ ਦੂਜੇ ਨੂੰ ਮਾਰ ਦੇਈਏ?

ਸ਼ਾਇਦ...ਜਾਂ ਅਸੀਂ ਦੋਵੇਂ ਬਚ ਚੁੱਕੇ ਹਾਂ।

ਫੇਰ ਬਾਹਰ ਜਾਹ ਸਕਦੇ?

ਨਹੀਂ।

ਟੈਸਟ ਦਾ ਚੇਤਾ ਭੁੱਲਾ ਦਿਓ। ਵੇਖਦੇ ਹਾਂ।

ਵੇਖਦੇ ਹਾਂ।

ਸਾਨੂੰ ਹੁਣੇ ਕੰਪਿਊਟਰ 'ਤੇ ਰੇਡਿਓ ਨੂੰ ਠੀਕ ਕਰਨਾ ਚਾਹੀਦਾ ਹੈ? ਦੁਨੀਆ ਨਾਲ਼...

ਨਹੀਂ। ਤੇਨੂੰ ਠੀਕ ਕਰਨਾ ਆਉਂਦਾ?

ਨਹੀਂ।

ਮੈਨੂੰ ਵੀ ਨਹੀਂ।

ਜੇ ਆਉਂਦਾ ਹੁੰਦਾ...ਤੂੰ...

ਨਹੀਂ।

ਫੇਰ ਇੱਥੇ ਮਰਨ ਤੱਕ ਬੈਠੇ ਰਹਿਣਾ? ਜੇ ਸਾਡੇ 'ਚ ਹੈ ਨਹੀਂ ਅਸੀਂ ਬਚ ਸਕਦੇ ਨੇ।

ਖ਼ੈਰ ਸਾਨੂੰ ਬਚਣਾ ਨਹੀਂ ਚਾਹੀਦਾ ਹੈ।

ਸ਼ਾਇਦ ਟੈਸਟ ਲੈ ਲੈਣੇ?

ਕਿਉਂ? ਜੇ ਇੱਕ ਦੂਜੇ ਵਾਸਤੇ ਕੋਈ ਅਚੰਭਾ ਹੈ...ਸਾਡੇ 'ਚ ਹੁਣ ਕੋਈ ਹਿੰਮਤ ਨਹੀਂ ਹੋਣੀ ਚਾਹੀਦੀ ਉਸ ਬਾਰੇ ਕੁਝ ਕਰਨ।

ਯੂਸਫ਼ ਨੇ ਜਗੀ ਵੱਲ ਤਾੜਿਆ।

ਤੂੰ ਸ਼ਰਾਬ ਨਹੀਂ ਪੀਂਦਾ, ਹੈ ਨਾ?

ਮੈਂ ਮੁਸਲਮਾਨ ਹਾਂ। ਨਹੀਂ ਪੀਂਦਾ।

ਹੁਣ ਕੀ ਫ਼ਰਕ ਪੈਂਦਾ। ਉਸ ਅਲਮਾਰੀ 'ਚ ਅਧੀਆ ਹੈ।

ਹੌਲ਼ੀ ਹੌਲ਼ੀ ਯੂਸਫ਼ ਉੱਠ ਪਿਆ, ਉਸ ਦੀ ਨਜ਼ਰ ਜਗੀ ਵੱਲ ਟਿਕੀ, ਉਸ ਨੇ ਅਲਮਾਰੀ ਖੋਲ੍ਹ ਕੇ ਅਧੀਆ ਭਾਲ਼ ਕੇ ਲਿਆਂਦਾ। ਜਗੀ ਨੂੰ ਦੇ ਦਿੱਤਾ। ਜਗੀ ਨੇ ਘੁੱਟ ਭਰੀ, ਫੇਰ ਯੂਸਫ਼ ਨੂੰ ਵਾਪਸ ਫੜਾ ਦਿੱਤਾ। ਹੁਣ ਯੂਸਫ਼ ਦੇ ਲਬਾਂ ਉੱਤੇ ਮੁਸਕਾਨ ਲਮਕਦੀ ਸੀ; ਉਸ ਨੇ ਵੀ ਘੁੱਟ ਲੈ ਲਈ। ਪਹਿਲੀਂ ਵਾਰੀ ਗਰਮ ਸ਼ਰਾਬ ਪੀਤੀ ਕਰਕੇ ਉਸ ਨੂੰ ਖੰਘੁਰਾ ਹੋ ਪਿਆ ਅਤੇ ਜਗੀ ਹੱਸਣ ਲੱਗ ਪਿਆ।

ਉਨ੍ਹਾਂ ਦੇ ਉੱਪਰ ਇੱਕ ਇਕੱਲਾ ਮੱਛਰ ਉੱਡ ਰਿਹਾ ਸੀ। ਉਨ੍ਹਾਂ ਨੇ ਵੇਖਿਆ ਨਹੀਂ। ਮੱਛਰ ਕਮਰੇ 'ਚੋਂ ਬਾਹਰ ਜਾਹ ਕੇ ਉਸ ਲਿਫ਼ਟ 'ਚ ਵੜਨ ਦੀ ਕੋਸ਼ਿਸ਼ ਕਰ ਰਿਹਾ ਸੀ॥ **ਖਤਮ**



ਰੁਪਿੰਦਰਪਾਲ ਸਿੰਘ ਢਿੱਲੋਂ (ਰੂਪ ਢਿੱਲੋਂ) ਕਹਾਣੀ, ਨਾਵਲ ਅਤੇ ਕਵਿਤਾ ਲਿਖਦਾ, ਇੱਕ ਬਰਤਾਨਵੀ ਸਮਕਾਲੀ ਪੰਜਾਬੀ ਲੇਖਕ ਹੈ। ਰੂਪ ਢਿੱਲੋਂ ਇੰਗਲੈਂਡ ਦਾ ਜੰਮਪਲ ਅਤੇ ਅੰਗਰੇਜ਼ੀ ਸਾਹਿਤ ਦਾ ਚੰਗਾ ਜਾਣੂ ਹੈ। ਉਸਨੇ ਔਕਸਫੋਡ ਯੂਨੀਵਰਸਿਟੀ ਤੋਂ ਉਚੇਰੀ ਪੜ੍ਹਾਈ ਹਾਸਲ ਕੀਤੀ ਹੈ। ਹੁਣ ਤੱਕ ਉਸਦੇ ਪ੍ਰਕਾਸ਼ਿਤ ਹੋ ਚੁੱਕੇ ਨਾਵਲ ਤੇ ਕਹਾਣੀਆਂ ਹਨ - ਨੀਲਾ ਨੂਰ (2007), ਬੇਘਰ ਚੀਤਾ (2009), ਕਲਦਾਰ (2010), "ਬਾਰਸੀਲੋਨਾ: ਘਰ ਵਾਪਸੀ" (2010), ਭਰਿੰਡ (2011),ਓ, (2015), ਗੁੰਡਾ (2014), ਸਮੁਰਾਈ (2016), ਚਿੱਟਾ ਤੇ ਕਾਲ਼ਾ (2022), ਹੌਲ (2023)।

# ਕੁਝ ਹਲਕਾ ਫੁਲਕਾ - ਹਾਕਿੰਗ ਦੀ ਸਮਾਂ ਯਾਤਰਾ ਪਾਰਟੀ

28 ਜੂਨ 2009 ਨੂੰ, ਬ੍ਰਿਟਿਸ਼ ਖਗੋਲ-ਭੌਤਿਕ ਵਿਗਿਆਨੀ ਸਟੀਫਨ ਹਾਕਿੰਗ ਨੇ ਕੈਂਬਰਿਜ ਯੂਨੀਵਰਸਿਟੀ ਵਿੱਚ ਸਮਾਂ ਯਾਤਰਾ ਕਰਨ ਵਾਲਿਆਂ ਲਈ ਇੱਕ ਪਾਰਟੀ ਆਯੋਜਿਤ ਕੀਤੀ। ਭੌਤਿਕ ਵਿਗਿਆਨੀ ਨੇ ਆਪਣੇ ਮਹਿਮਾਨਾਂ ਲਈ ਗੁਬਾਰੇ, ਸ਼ੈਂਪੇਨ ਅਤੇ ਖਾਣੇ ਦਾ ਪ੍ਰਬੰਧ ਕੀਤਾ, ਪਰ ਪਾਰਟੀ ਖਤਮ ਹੋਣ ਤੋਂ ਅਗਲੇ ਦਿਨ ਤੱਕ ਸੱਦਾ ਪੱਤਰ ਨਹੀਂ ਭੇਜੇ।

ਪਾਰਟੀ 28 ਜੂਨ 2009 ਨੂੰ 12:00 UT ਸਮੇਂ, ਟ੍ਰਿਨਿਟੀ ਸਟਰੀਟ (52° 12' 21" N, 0° 7' 4.7" E) 'ਤੇ ਗੌਨਵਿਲ ਅਤੇ ਕੈਅਸ ਕਾਲਜ ਵਿਖੇ ਆਯੋਜਿਤ ਕੀਤੀ ਗਈ ਸੀ। ਇਸ ਸਮਾਗਮ ਦੀ ਤਿਆਰੀ ਵਿੱਚ, ਹਾਕਿੰਗ ਨੇ ਕਿਹਾ ਕਿ ਉਸਨੂੰ ਉਮੀਦ ਹੈ ਕਿ ਸੱਦੇ ਦੀਆਂ ਕਾਪੀਆਂ ਹਜ਼ਾਰਾਂ ਸਾਲਾਂ ਤੱਕ ਬਚ ਸਕਦੀਆਂ ਹਨ, ਅਤੇ ਇੱਕ ਦਿਨ ਭਵਿੱਖ ਵਿੱਚ ਰਹਿਣ ਵਾਲਾ ਕੋਈ ਵਿਅਕਤੀ ਉਹ ਜਾਣਕਾਰੀ ਲੱਭੇਗਾ ਅਤੇ ਮੇਰੀ ਪਾਰਟੀ ਵਿੱਚ ਵਾਪਸ ਆਉਣ ਲਈ ਇੱਕ ਕੀਟ-ਦੁਆਰ (Wormhole) ਟਾਈਮ ਮਸ਼ੀਨ ਦੀ ਵਰਤੋਂ ਕਰੇਗਾ, ਤੇ ਇਹ ਸਾਬਤ ਕਰੇਗਾ ਕਿ ਸਮਾਂ ਯਾਤਰਾ ਇੱਕ ਦਿਨ ਸੰਭਵ ਹੋਵੇਗੀ।

ਸੱਦੇ ਪੱਤਰ ਅਨੁਸਾਰ ਪਾਠਕ ਨੂੰ "ਸਮੇਂ ਯਾਤਰੀਆਂ ਲਈ ਇੱਕ ਰਿਸੈਪਸ਼ਨ ਲਈ ਦਿਲੋਂ ਸੱਦਾ ਦਿੱਤਾ ਜਾਂਦਾ ਹੈ" ਅਤੇ ਉਸ ਵਿਚ ਸ਼ਾਮਲ ਹੋਣ ਲਈ ਜਵਾਬ (RSVP) ਭੇਜਣ ਦੀ ਲੋੜ ਨਹੀਂ ਹੈ। ਹਾਕਿੰਗ ਜਾਣ ਤੋਂ ਪਹਿਲਾਂ ਕੁਝ ਘੰਟਿਆਂ ਲਈ ਕਮਰੇ ਵਿੱਚ ਇੰਤਜ਼ਾਰ ਕਰਦਾ ਰਿਹਾ, ਅਤੇ ਪਰ ਕੋਈ ਵੀ ਮਹਿਮਾਨ ਨਹੀਂ ਆਇਆ। ਉਸਨੇ ਇਸ ਘਟਨਾ ਨੂੰ "ਪ੍ਰਯੋਗਾਤਮਕ ਸਬੂਤ ਮੰਨਿਆ ਕਿ ਸਮਾਂ ਯਾਤਰਾ ਸੰਭਵ ਨਹੀਂ ਹੈ"।

**ਪੇਸ਼ਕਸ਼**: ਅਮਨਦੀਪ ਸਿੰਘ

**ਹਵਾਲਾ**: https://en.wikipedia.org/wiki/Hawking%27s_time_traveller_party





### ਲੜੀਵਾਰ ਵਿਗਿਆਨ ਗਲਪ ਨਾਵਲ

# ਚੰਦਰਯਾਨ-ਤਿਸ਼ਕਿਨ

## ਗੁਰਚਰਨ ਕੌਰ ਥਿੰਦ

**(11)**

ਪਿੰਡ ਵਿੱਚ ਸਾਰਾ ਟੱਬਰ ਮਾਹੀਪਾਲ ਨੂੰ ਉਡੀਕ ਰਿਹਾ ਸੀ। ਲਗਦਾ ਸਾਰੇ ਉਸਦਾ ਮੂੰਹ ਵੇਖਣ ਨੂੰ ਤਰਸੇ ਪਏ ਸਨ। ਵੈਸੇ ਤਾਂ ਮਾਹੀਪਾਲ ਨੇ ਕਦੇ ਵੀ ਆਪਣੇ ਪਿੰਡ ਆਉਣ ਦੀ ਅਗਾਊਂ ਖ਼ਬਰ ਦੇਣ ਦੀ ਲੋੜ ਮਹਿਸੂਸ ਨਹੀਂ ਕੀਤੀ ਸੀ। ਆਪਣਾ ਘਰ ਸੀ ਜਦੋਂ ਮਨ ਹੁੰਦਾ ਜਾਂ ਸਮਾਂ ਨਿਕਲਦਾ ਜਾ ਵੜਦਾ। ਜੇ ਡਾ: ਸਵੀ ਨੇ ਨਾਲ ਨਾ ਆਉਣਾ ਹੁੰਦਾ ਤਾਂ ਹੁਣ ਵੀ ਪਹਿਲਾਂ ਦੱਸਣ ਦੀ ਕੋਈ ਲੋੜ ਨਹੀਂ ਸੀ। ਪਰ ਹੁਣ ਉਚੇਚਾ ਆਪਣੇ ਭਰਾ ਨੂੰ ਆਪਣੇ ਨਾਲ ਇੱਕ ਫ੍ਰੈਂਡ ਦੇ ਆਉਣ ਬਾਰੇ ਦੱਸਿਆ ਸੀ। ਸੋ ਇੱਕ ਤਾਂ ਟੱਬਰ ਦਾ ਆਪਣਾ ਜੀਅ ਲੰਮੇ ਅਰਸੇ ਬਾਦ ਆ ਰਿਹਾ ਸੀ ਤੇ ਨਾਲ ਲਗਦਾ ਉਹਦਾ ਦੋਸਤ ਵੀ। ਪੇਂਡੂ ਪ੍ਰਾਹੁਣਾਚਾਰੀ ਉਮੜੀ ਪਈ ਸੀ। ਮਾਹੀਪਾਲ ਦੇ ਭਰਾਵਾਂ ਦੀ ਵਾਹੀ ਜੋਤੀ ਤਾਂ ਅਜੇ ਇਕੱਠੀ ਚਲਦੀ ਸੀ ਪਰ ਰੋਟੀ ਦੋਵਾਂ ਭਰਾਵਾਂ ਦੀ ਵੱਖੋ ਵੱਖਰੀ ਪੱਕਦੀ ਸੀ। ਵੱਡੇ ਦਾ ਮੁੰਡਾ ਡਿਪਲੋਮਾ ਕਰਕੇ ਨੌਕਰੀ ਤੇ ਲਗ ਗਿਆ ਸੀ ਤੇ ਕੁੜੀ ਬੀ. ਐੱਡ. ਕਰ ਰਹੀ ਸੀ। ਹੱਥ ਰਤਾ ਸੌਖਾ ਹੋਣ ਕਰਕੇ ਉਹਨੇ ਆਪਣੇ ਹਿੱਸੇ ਆਉਂਦੇ ਘਰ ਦਾ ਮੂੰਹ ਮੱਥਾ ਚੰਗਾ ਸੁਆਰ ਲਿਆ ਸੀ। ਉਸ ਤੋਂ ਛੋਟੇ ਨਾਲ ਬੀਬੀ ਭਾਪਾ ਪੁਰਾਣੇ ਘਰ ਵਿੱਚ ਹੀ ਰਹਿੰਦੇ ਸਨ ਪਰ ਘਰ ਦੀ ਹਾਲਤ ਪਹਿਲਾਂ ਨਾਲੋਂ ਬਿਹਤਰ ਸੀ। ਘਰ ਵਿੱਚ ਲੋੜ ਅਨੁਸਾਰ ਸੁੱਖ-ਸਹੂਲਤਾਂ ਆ ਗਈਆਂ ਸਨ। ਉਹਦਾ ਮੁੰਡਾ ਪੜ੍ਹਾਈ ਵਿੱਚ ਬੜਾ ਤੇਜ਼ ਸੀ ਤੇ ਹੁਣ ਦਸਵੀਂ ਵਿੱਚ ਹੋ ਗਿਆ ਸੀ। ਉਹਨੂੰ ਉਹਦੇ ਤੇ ਬੜੀਆਂ ਆਸਾਂ ਸਨ। ਛੋਟਾ ਮੁੰਡਾ ਵੀ ਸਕੂਲ ਜਾਂਦਾ ਸੀ। ਦੋਵੇਂ ਭਰਾ ਆਪੋ ਆਪਣੇ ਘਰਾਂ ਨੂੰ ਸੁਆਰਨ ਲਈ ਇੱਕ ਦੂਜੇ ਤੋਂ ਮੱਲ ਮਾਰਨ ਵਿੱਚ ਰੁੱਝੇ ਸਨ। ਉਂਜ ਵੀ ਪਿੰਡ ਵਿੱਚ ਜਦੋਂ ਘਰ ਕੋਈ ਪ੍ਰਾਹੁਣਾ ਆਉਣਾ ਹੋਵੇ ਤਾਂ ਸਭ ਤੋਂ ਪਹਿਲਾਂ ਘਰ ਦੀਆਂ ਚੀਜ਼ਾਂ ਦੀ ਥਾਂ ਸਿਰ ਰਖ-ਰਖਾਈ ਜ਼ਰੂਰੀ ਸਮਝੀ ਜਾਂਦੀ ਹੈ। ਆਮ ਤਾਂ ਜ਼ਿੰਮੀਦਾਰੇ ਘਰਾਂ ਵਿੱਚ ਹਰ ਥਾਂ ਕੁੱਝ ਨਾ ਕੁੱਝ ਸੁੱਟਿਆ ਹੁੰਦਾ। ਬਾਹਰੋਂ ਆਈ ਜਿਣਸ ਲਈ ਜਿਹੜਾ ਥਾਂ ਸੁਤ ਲਗੇ ਉੱਥੇ ਹੀ ਰੱਖ ਦਿੱਤੀ ਜਾਂਦੀ ਹੈ। ਇਹ ਸੋਚ ਕੇ ਕਿ ਥੋੜ੍ਹੇ ਦਿਨਾਂ ਦੀ ਤਾਂ ਗੱਲ ਹੈ ਫਿਰ ਤਾਂ ਬਿਲੇ ਲਾ ਹੀ ਦੇਣੀ ਹੈ।

ਮਾਹੀਪਾਲ ਦੀ ਬੀਬੀ ਵੀ ਕੋਡੀ ਕੋਡੀ ਹੋਈ ਨੂੰਹ ਨਾਲ ਹੱਥ ਪੜਥੀ ਪਵਾਉਣ ਨੂੰ ਅਹੁਲਦੀ ਪਈ ਸੀ। ਉਹਦਾ ਦਿਲ ਪ੍ਰਦੇਸੀ ਪੁੱਤ ਦਾ ਮੂੰਹ ਵੇਖਣ ਨੂੰ ਡਾਹਢਾ ਉਤਾਵਲਾ ਸੀ। ਬਾਪੂ ਜੀ ਜਿਹਨੇ ਆਪਣੇ ਆਪ ਨੂੰ ਸਾਰੇ ਕੰਮਾਂ ਤੋਂ ਅਟੰਕ ਕਰ ਲਿਆ ਸੀ, ਜਿਸ ਦਿਨ ਮਾਹੀਪਾਲ ਨੇ ਆਉਣਾ ਸੀ ਉਹ ਆਪ ਪਸ਼ੂਆਂ ਦਾ ਗੋਹਾ ਇੱਕ ਪਾਸੇ ਇਕੱਠਾ ਕਰਕੇ ਸਵੇਰੇ ਸਵੇਰੇ ਥਾਂ ਸਾਫ਼ ਕਰਨ ਲਗ ਪਿਆ।

"ਬਾਪੂ ਤੂੰ ਰਹਿਣ ਦੇ, ਆਪੇ ਗੋਹੇ ਵਾਲੇ ਨੇ ਆ ਕੇ ਚੁੱਕ ਲੈਣਾ," ਮੁੰਡੇ ਨੇ ਉਸ ਨੂੰ ਰੋਕਿਆ।

"ਚਲ ਕੋਈ ਨਾ। ਮੈਂ ਕਿਹਾ ਬੁਰਾ ਲਗਦਾ ਗੋਹਾ ਖਿਲਰਿਆ, ਨਾਲੇ ਡੰਗਰ ਮਿੱਧਦੇ ਆ," ਉਸ ਜੁਆਬ ਦਿੱਤਾ।

"ਮਿੱਧਦੇ ਤਾਂ ਬਾਪੂ ਰੋਜ਼ ਈ ਆ, ਅੱਜ ਕੋਈ ਖਾਸ ਗੱਲ ਆ। ਮਾਹੀਪਾਲ ਆ ਰਿਹਾ ਨਾ ਤਾਂ ਹੀ," ਮੁੰਡੇ ਨੇ ਪਿਓ ਨੂੰ ਟਾਂਚ ਮਾਰੀ।

"ਆਹੋ ਕਾਕਾ! ਗੱਲ ਤਾਂ ਤੇਰੀ ਠਕਿ ਆ। ਮਾਹੀਪਾਲ ਤਾਂ ਆਪਣਾ ਘਰ ਦਾ ਜੀਅ ਆ। ਪਰ ਨਾਲ ਉਹਦੇ ਮਿੱਤਰ ਨੇ ਵੀ ਆਉਣਾ ਤੇ ਬੇਗਾਨਿਆਂ ਨੂੰ ਆਪਣੇ ਘਰ ਦਾ ਚੰਗਾ ਪੱਖ ਈ ਵਖਾਉਣਾ ਚਾਹੀਦਾ ਸ਼ੇਰਾ! ਉਨ੍ਹਾਂ ਕਿਹੜਾ ਰੋਜ਼ ਰੋਜ਼ ਆਉਣਾ ਹੁੰਦਾ।" ਬਾਪੂ ਨੇ ਦੁਨੀਆਂਦਾਰੀ ਸਮਝਾ ਪੁੱਤ ਦਾ ਮੂੰਹ ਬੰਦ ਕਰਾ ਦਿੱਤਾ।

ਤੇ ਆਖ਼ਰ ਬਾਦ ਦੁਪਹਿਰ ਮਾਹੀਪਾਲ ਦੀ ਕਾਰ ਬੂਹੇ ਅੱਗੇ ਆ ਖਲੋਤੀ। ਸਾਰਿਆਂ ਦੀਆਂ ਅੱਖਾਂ ਵੱਡੇ ਗੇਟ ਤੇ ਹੀ ਸਨ। ਗੇਟ ਖੁਲ੍ਹਿਆ ਤਾਂ ਮਾਹੀਪਾਲ ਨੇ ਕਾਰ ਵਿਹੜੇ ਵਿੱਚ ਲਿਆ ਖੜ੍ਹੀ ਕੀਤੀ। ਉਹਦੇ ਨਾਲ ਕਾਰ ਵਿਚੋਂ ਡਾ: ਸਵੀ ਕਾਰ ਵਿਚੋਂ ਉਤਰੀ ਤਾਂ ਸਾਰਾ ਟੱਬਰ ਜਣੀ ਦਾ ਹੱਕਾ ਬੱਕਾ ਰਹਿ ਗਿਆ। "ਇਹਨੇ ਤਾਂ ਆਖਿਆ ਸੀ ਕਿ ਮੇਰੇ ਨਾਲ ਮੇਰਾ ਦੋਸਤ ਆ ਰਿਹਾ ਤੇ ਇਹ ਔਰਤ!" ਸਾਰਿਆਂ ਦੀ ਜ਼ੁਬਾਨ ਜਿਵੇਂ ਤਾਲੂ ਨਾਲ ਲਗ ਗਈ ਸੀ।

ਮਾਹੀਪਾਲ ਅਗਾਂਹ ਹੋ ਆਪਣੇ ਬਾਪੂ ਦੇ ਪੈਰਾਂ ਵੱਲ ਹੋਇਆ ਤਾਂ ਉਸ ਨੇ ਲਾਡ ਨਾਲ ਗਲਵਕੜੀ ਵਿੱਚ ਲੈ ਥਾਪੀ ਦਿੱਤੀ। ਮਾਹੀਪਾਲ ਨੇ ਕੋਲ ਖਲੋਤੀ ਬੀਬੀ ਨੂੰ ਮੱਥਾ ਟੇਕ ਕੇ ਗੱਫ਼ਲੀ ਵਿੱਚ ਲੈ ਲਿਆ। ਕਈ ਮਹੀਨਿਆਂ ਬਾਦ ਪੁੱਤ ਦਾ ਮੂੰਹ ਵੇਖ ਮਾਂ ਦੀਆਂ ਅੱਖਾਂ ਸਿੰਮ ਆਈਆਂ।

ਮਾਂ-ਪਿਆਰ ਨਾਲ ਸਰਸ਼ਾਰ ਹੋ ਉਹ ਪਾਸੇ ਹੋਇਆ ਤੇ ਆਪਣੇ ਨਾਲ ਆਏ ਦੋਸਤ ਦਾ ਤੁਆਰਫ਼ ਕਰਵਾਇਆ।

"ਇਹ ਡਾ: ਸਵਰੀਨਾ ਏ। ਦਿੱਲੀ ਰਹਿੰਦੀ ਹੈ ਤੇ ਅਸੀਂ ਅਹਿਮਦਾਬਾਦ ਇਕੱਠੇ ਨੌਕਰੀ ਕਰਦੇ ਹਾਂ। ਇਹ ਆਪਣਾ ਪਿੰਡ ਵੇਖਣ ਆਈ ਏ।"।ਡਾ: ਸਵਰੀਨਾ ਨੇ ਬੀਬੀ ਤੇ ਬਾਪੂ ਨੂੰ ਹੱਥ ਜੋੜ ਕੇ ਸਤਿ ਸ੍ਰੀ ਅਕਾਲ ਬੁਲਾਈ ਤੇ ਉਨ੍ਹਾਂ ਪਿਆਰ ਨਾਲ਼ ਉਹਦਾ ਸਿਰ ਪਲੋਸਿਆ। ਇੰਝ ਥੋੜ੍ਹੇ ਚਿਰ ਵਿੱਚ ਸਾਰੇ ਟੱਬਰ ਨਾਲ ਦੁਆ-ਸਲਾਮ ਹੋ ਗਈ ਤਾਂ ਮਾਹੌਲ ਸਹਿਜ ਹੋ ਗਿਆ।

ਮਾਹੀਪਾਲ ਦੀ ਵੱਡੀ ਭਰਜਾਈ ਸਵਰੀਨਾ ਨਾਲ ਗੱਲੀਂ ਲਗ ਪਈ। ਚਾਹ ਪੀਣ ਵੇਲੇ ਸਾਰਾ ਟੱਬਰ ਬੈਠਕ ਵਿੱਚ ਬੈਠਾ ਉੱਚੀ ਉੱਚੀ ਠਹਾਕੇ ਲਾ ਰਿਹਾ ਸੀ। ਮਾਹੀਪਾਲ ਵਾਰੀ ਵਾਰੀ ਸਾਰੇ ਭਰਾ ਭਤੀਜਿਆਂ ਦਾ ਹਾਲ ਡਾਹਢੇ ਮੋਹ ਨਾਲ ਪੁੱਛਦਾ ਉਨ੍ਹਾਂ ਦੀ ਤਰੱਕੀ ਦੀਆਂ ਗੱਲਾਂ ਸੁਣਦਾ ਖੁਸ਼ ਹੋ ਰਿਹਾ ਸੀ ਅਤੇ ਉਨ੍ਹਾਂ ਵਲੋਂ ਉਹਦੇ ਕੰਮ ਬਾਰੇ ਪੁੱਛੇ ਗਏ ਸੁਆਲਾਂ ਦੇ ਯਥਾਯੋਗ ਜੁਆਬ ਦੇ ਰਿਹਾ ਸੀ। ਵਿੱਚ ਵਿੱਚ ਡਾ: ਸਵਰੀਨਾ ਵੀ ਕੱਝ ਗੱਲਾਂ ਵਿੱਚ ਸ਼ਾਮਲ ਹੋ ਜਾਂਦੀ। ਉਸ ਆਪਣੇ ਘਰ ਵਿੱਚ ਇੰਝ ਦਾ ਘਰੇਲੂ ਇਕੱਠ ਕਦੇ ਵੇਖਿਆ ਜਾ ਮਾਣਿਆ ਹੀ ਨਹੀਂ ਸੀ। "ਲੋਕੀਂ ਐਨੇ ਪਿਆਰ ਤੇ ਐਨੇ ਖ਼ਲੂਸ ਨਾਲ ਵੀ ਰਹਿੰਦੇ ਨੇ, ਮੈਨੂੰ ਤਾਂ ਪਤਾ ਹੀ ਨਹੀਂ ਸੀ!" ਉਹ ਹੈਰਾਨ ਹੋ ਰਹੀ ਸੀ।

ਸ਼ਾਮ ਨੂੰ ਜਦ ਮਾਹੀਪਾਲ ਨੇ ਕਿਹਾ, "ਆਓ ਆਪਾਂ ਖੂਹ 'ਤੇ ਜਾ ਆਈਏ, ਨਾਲੇ ਡਾ: ਸਵਰੀਨਾ ਨੂੰ ਆਪਣੀਆਂ ਪੈਲੀਆਂ ਵੀ ਦਿਖਾ ਦੇਈਏ।"

"ਸਵਰੀਨਾ, ਡੇਢ ਕੁ ਕਿਲੋਮੀਟਰ ਦਾ ਪੈਂਡਾ ਏ ਤੁਰ ਕੇ ਪਹੁੰਚ ਜਾਓਗੇ ਕਿ ਕਾਰ ਵਿੱਚ ਚਲੀਏ?" ਮਾਹੀਪਾਲ ਨੇ ਪੁੱਛਿਆ।

"ਜਿਵੇਂ ਤੁਹਾਡੀ ਮਰਜ਼ੀ," ਸਵਰੀਨਾ ਨੇ ਗੱਲ ਮਾਹੀਪਾਲ ਤੇ ਛੱਡ ਦਿੱਤੀ।

"ਰਹਿਣ ਦੇ ਮਾਹੀਪਾਲ ਤੁਰ ਕੇ ਜਾਣ ਨੂੰ, ਐਵੇਂ ਘੱਟਾ ਫੱਕਦੇ ਜਾਵਾਂਗੇ। ਪੱਜ ਨਾ ਅਸੀਂ ਵੀ ਤੇਰੀ ਕਾਰ ਵਿੱਚ ਹੂਟਾ ਲੈ ਲਵਾਂਗੇ। ਕਾਰ ਤੇ ਚਲਦੇ ਆਂ," ਭਰਜਾਈ ਨੇ ਅੱਗਾ ਵਲ੍ਹਾ ਲਿਆ।

ਤੇ ਚਾਰੇ ਜਣੇ ਕਾਰ ਵਿੱਚ ਬੈਠ ਗਏ। ਇੱਕ ਸੀਟ ਖਾਲੀ ਵੇਖ ਮਾਹੀਪਾਲ ਦਾ ਛੋਟਾ ਭਤੀਜਾ ਬੰਟੀ ਟਪੂਸੀ ਮਾਰ ਆ ਬੈਠਾ। ਪੱਕੀ ਸੜਕ ਪਾਰ ਕਰ ਹਿਚਕੋਲੇ ਖਾਂਦੀ ਕਾਰ ਕੱਚੇ ਪਹੇ ਤੇ ਜਾ ਚੜ੍ਹੀ ਤੇ ਧੀਮੀ ਚਾਲੇ ਚਲਦੀ ਬੰਬੀ ਕੋਲ ਜਾ ਖੜ੍ਹੀ ਕੀਤੀ।

ਟਿਊਬਵੈੱਲ ਚਲ ਰਿਹਾ ਸੀ। ਚਾਂਦੀ ਰੰਗੇ ਪਾਣੀ ਦੀ ਮੋਟੀ ਤੇਜ਼ ਧਾਰ ਚੁਬੱਚੇ ਵਿੱਚ ਪੈ ਰਹੀ ਸੀ ਅਤੇ ਚੁਬੱਚੇ ਵਿੱਚ ਵਲ਼-ਵਲ਼ੇਵੇਂ ਖਾਂਦਾ ਪਾਣੀ ਔਲੂ ਵਿੱਚ ਇਕੱਠਾ ਹੋ ਤੇਜ਼ੀ ਨਾਲ ਆਡ ਵਿੱਚ ਵਗਦਾ ਜਾ ਰਿਹਾ ਸੀ। ਮੋਟਰ ਵਾਲੇ ਕੋਠੇ ਦੇ ਬਾਹਰਵਾਰ ਦੋ

UDAAN PUNJABI SF MAGAZINE

ਧਰੇਕਾਂ ਤੇ ਇੱਕ ਤੂਤ ਦੀ ਗੂੜ੍ਹੀ ਛਾਂ ਹੇਠ ਬਾਪੂ ਜੀ ਮੰਜੇ ਤੇ ਲੰਮੇ ਪਏ ਸਨ। ਉਨ੍ਹਾਂ ਨੂੰ ਆਉਂਦਿਆਂ ਵੇਖ ਉਹ ਉੱਠ ਬੈਠ ਤੇ ਉਨ੍ਹਾਂ ਨੂੰ ਬੈਠਣ ਦੀ ਸੁਲਾਹ ਮਾਰੀ।

"ਕੋਈ ਨਹੀ ਬਾਪੂ ਜੀ ਤੁਸੀਂ ਲੰਮੇ ਪਏ ਰਹੋ। ਅਸੀਂ ਜ਼ਰਾ ਤੁਰ ਫਿਰ ਕੇ ਆਉਂਦੇ ਆਂ," ਮਾਹੀਪਾਲ ਨੇ ਕਿਹਾ।

ਡਾ: ਸਵਰੀਨਾ ਬੰਟੀ ਨੂੰ ਨਾਲ ਲੈ ਕੇ ਚਲਦੀ ਮੋਟਰ ਕੋਲ ਚਲੇ ਗਈ ਅਤੇ ਪਾਣੀ ਦੀ ਤੇਜ਼ ਧਾਰ ਹੇਠ ਹੱਥ ਰਖ ਕੇ ਪਾਣੀ ਨੂੰ ਫੜ੍ਹਨ ਦੀ ਕੋਸ਼ਿਸ਼ ਕਰਨ ਲਗ ਪਈ। ਫਿਰ ਉਸ ਚੁਬੱਚੇ ਦੇ ਪਾਣੀ ਵਿੱਚ ਕਿੰਨ੍ਹੀ ਦੇਰ ਹੱਥ ਡੁਬੋਈ ਰਖੇ। ਬੰਟੀ ਉਸ ਨੂੰ ਹਰ ਚੀਜ਼ ਬਾਰੇ ਦੱਸ ਰਿਹਾ ਸੀ ਤੇ ਉਹ ਬੜੀ ਨੀਝ ਤੇ ਸ਼ੌਂਕ ਨਾਲ ਸੁਣ ਤੇ ਹਰ ਚੀਜ਼ ਨੂੰ ਵੇਖ ਰਹੀ ਸੀ। ਮਾਹੀਪਾਲ ਉਹਦੇ ਵੱਲ ਵੇਖ ਮੰਦ ਮੰਦ ਮੁਸਕਰਾ ਰਿਹਾ ਸੀ।

ਉਸ ਉਹਦੀ ਤੰਦਰਾ ਭੰਗ ਕੀਤੀ, "ਸਵਰੀਨਾ, ਆਓ ਆਪਾਂ ਤੁਹਾਨੂੰ ਪੈਲੀਆਂ ਵੱਲ ਲੈ ਚਲੀਏ।"

ਸਵਰੀਨਾ ਬੰਟੀ ਦਾ ਹੱਥ ਫੜੀ ਨਾਲ ਹੋ ਤੁਰੀ। ਉਹ ਵੱਟ ਤੇ ਤੁਰਦੇ ਅਗਾਂਹ ਵੱਧਣ ਲਗੇ। ਸਾਰੇ ਅੱਗੜ ਪਿੱਛੜ ਤੁਰ ਰਹੇ ਸਨ। ਪਰ ਸਵਰੀਨਾ ਨੂੰ ਘਾਹ ਵਾਲੀ ਛੋਟੀ ਜਿਹੀ ਵੱਟ ਤੇ ਤੁਰਨਾ ਬੜਾ ਔਖਾ ਲਗ ਰਿਹਾ ਸੀ। ਉਹਦੀ ਹੀਲ ਵਾਲੀ ਜੁੱਤੀ ਤਿਲਕ ਤਿਲਕ ਜਾਂਦੀ ਸੀ। ਇੱਕ ਦੋ ਵਾਰੀ ਉਹ ਮਸਾਂ ਹੀ ਤਿਲਕਣੋਂ ਬਚੀ। ਮਾਹੀਪਾਲ ਦੀ ਭਰਜਾਈ ਨੇ ਉਸ ਦਾ ਹੱਥ ਫੜ ਲਿਆ ਤੇ ਉਸ ਨੂੰ ਹੌਲੀ ਤੇ ਪੈਰ ਨੱਪ ਕੇ ਚਲਣ ਲਈ ਆਖਿਆ।

ਦੋ ਦੋ ਗਿੱਠਾਂ ਉੱਚੀ ਹਰੀ ਕਚੂਚ ਕਣਕ ਪੈਲੀਆਂ ਵਿੱਚ ਝੂਮ ਰਹੀ ਸੀ। ਇੰਝ ਲਗਦਾ ਸੀ ਜਿਵੇਂ ਦੂਰ ਦੂਰ ਤੱਕ ਸਾਵੇ ਰੰਗ ਦੀ ਚਾਦਰ ਵਿਛੀ ਹੋਵੇ।

"ਸਵਰੀਨਾ, ਇਹ ਕਣਕ ਦੇ ਬੂਟੇ ਨੇ। ਕਦੇ ਵੇਖੇ ਜੇ ਪਹਿਲਾਂ ਇੰਝ ਝੂਮਦੇ? ਤੁਰੇ ਜਾਂਦੇ ਮਾਹੀਪਾਲ ਨੇ ਮਖੌਲ ਨਾਲ ਪੁੱਛਿਆ।

"ਇਸ ਤਰ੍ਹਾਂ ਤਾਂ ਨਹੀਂ ਵੇਖੇ। ਪਰ ਬਾਟਨੀ ਪੜ੍ਹਦਿਆਂ ਗਮਲਿਆਂ ਵਿੱਚ ਵੇਖੇ ਸਨ, ਸੋ ਮੈਂ ਪਛਾਣ ਲਏ ਸੀ ਕਿ ਇਹ ਕਣਕ ਦੇ ਪਲਾਂਟਸ ਨੇ," ਸਵਰੀਨਾ ਨੇ ਭੋਲੇ ਭਾਅ ਕਿਹਾ। "ਤੇ ਇਹ ਪੀਲੇ ਫੁੱਲਾਂ ਵਾਲੇ ਬੂਟੇ ਭਲਾ ਕਾਹਦੇ ਨੇ? ਪਛਾਣਿਓਂ ਖਾਂ ਜ਼ਰਾ?" ਉਸ ਸਰੋਂ ਦੇ ਖੇਤ ਕੋਲ ਪਹੁੰਚ ਸਵਰੀਨਾ ਨੂੰ ਸੁਆਲ ਪਾਇਆ।

"ਲੈੱਟ ਮੀ ਸੀ ਕਲੋਜ਼ਲੀ," ਉਸ ਇੱਕ ਬੂਟੇ ਦੇ ਨੇੜੇ ਹੋ ਫੁੱਲ ਨੂੰ ਧਿਆਨ ਨਾਲ ਵੇਖਦੇ ਕਿਹਾ, " ਯੈੱਸ ਆਈ ਨੋਅ, ਇਹ ਮਸਟਰਡ ਦਾ ਫੁੱਲ ਏ," ਉਸ ਫੁੱਲ ਨੂੰ ਪਛਾਣ ਕੇ ਦੱਸਿਆ।

"ਬਿਲਕੁਲ ਠੀਕ, ਇਹ ਸਰੋਂ ਦਾ ਪੌਦਾ ਹੈ ਅਤੇ ਇਹ ਸਾਰੀ ਸਰੋਂ ਦੀ ਪੈਲੀ ਹੈ।" ਉਸ ਪ੍ਰੋੜਤਾ ਕੀਤੀ।

"ਵੈਰੀ ਬਿਊਟੀਫੁੱਲ! ਬਹੁਤ ਖੂਬਸੂਰਤ, ਡਾ: ਮਾਹੀ ਇੰਝ ਲਗਦਾ ਜਿਵੇਂ ਪੀਲਾ ਸੋਨਾ ਪਿਘਲਾ ਕੇ ਖਿਲਾਰਿਆ ਹੋਵੇ। ਹਵਾ ਦੇ ਨਿੱਕੇ ਨਿੱਕੇ ਝੌਂਕਿਆਂ ਨਾਲ ਹਿਲਦਾ ਪੀਲੇ ਪਾਣੀ ਦਾ ਦਰਿਆ ਜਿਹਾ ਲਗਦਾ ਇਹ ਸਰੋਂ ਦੇ ਫੁੱਲਾਂ ਦਾ ਖੇਤ ਹੈ ਨਾ!" ਸਵਰੀਨਾ ਸਰੋਂ ਦੇ ਫੁੱਲਾਂ ਵਾਂਗ ਪੰਘਰੀ ਪਈ ਸੀ। ਮਾਹੀਪਾਲ ਦੇ ਭਰਾ ਭਰਜਾਈ ਉਹਦੇ ਵੱਲ ਵੇਖਦੇ ਮੰਦ ਮੰਦ ਮੁਸਕਰਾ ਰਹੇ ਸਨ।

ਹੌਲੀ ਹੌਲੀ ਤੁਰਦੇ ਉਹ ਸਬਜ਼ੀਆਂ ਵਾਲੇ ਪਾਸੇ ਨੂੰ ਹੋ ਗਏ। ਮਨਿੰਦਰ ਨੇ ਕਿਹਾ, "ਮੈਂ ਥੋੜ੍ਹੀ ਜਿਹੀ ਪਾਲਕ ਤੋੜ ਲੈਨੀ ਆਂ ਤੇ ਤੁਸੀਂ ਸ਼ਲਗਮ ਤੇ ਮੂਲੀਆਂ ਪੁੱਟ ਲਓ।" ਉਸ ਆਪਣੇ ਪਤੀ ਨੂੰ ਵੀ ਕੰਮ ਦੇ ਦਿੱਤਾ। ਮਨਿੰਦਰ ਫਟਾਫੱਟ ਪਾਲਕ ਤੋੜ ਸਿਰ ਤੇ ਲਈ ਚੁੰਨੀ ਦੀ ਝੋਲੀ ਵਿੱਚ ਪਾਉਣ ਲਗ ਪਈ। ਸਵਰੀਨਾ ਵੀ ਉਹਦੀ ਮਦਦ ਕਰਾਉਣ ਨੂੰ ਅਹੁਲੀ। ਉਹਦੇ ਕੋਲੋਂ ਮੁਸ਼ਕਲ ਨਾਲ ਇੱਕ ਇੱਕ ਪੱਤਾ ਹੀ ਤੋੜਿਆ ਜਾਂਦਾ ਸੀ। ਖ਼ੈਰ ਦੋਵੇਂ ਜਣੀਆਂ ਗੱਲਾਂ ਕਰਦੀਆਂ ਪਾਲਕ ਤੋੜਦੀਆਂ ਰਹੀਆਂ। ਉਨੇ ਸਿਰ ਵਿੱਚ ਬੰਟੀ ਸ਼ਲਗਮ ਤੇ ਮੂਲੀਆਂ ਨਾਲ ਲਗਦੇ ਖ਼ਾਲ ਵਿਚੋਂ ਧੋ ਸੁਆਰ ਕੇ ਵੱਟ ਤੇ ਰੱਖ ਆਇਆ ਸੀ।

ਜਾਂਦੇ ਜਾਂਦੇ ਮੁੱਠ ਕੁ ਹਰਾ ਧਨੀਆ ਪੁਦੀਨਾ ਤੇ ਚਾਰ ਪੰਜ ਹਰੇ ਗੰਢੇ ਲੈ ਉਹ ਵਾਪਸ ਮੋਟਰ ਵੱਲ ਨੂੰ ਤੁਰ ਪਏ। ਬੰਟੀ ਮੋਟਰ ਤੋਂ ਇੱਕ ਥੈਲਾ ਲੈ ਕੇ ਸ਼ਲਗਮ ਤੇ ਮੂਲੀਆਂ ਉਸ ਵਿੱਚ ਪਾ ਲਿਆਇਆ ਤੇ ਸਾਰਾ ਸਮਾਨ ਕਾਰ ਦੀ ਡਿੱਗੀ ਵਿੱਚ ਰੱਖ ਦਿੱਤਾ।

ਸ਼ਾਮ ਢੱਲ ਰਹੀ ਸੀ। ਸੂਰਜ ਪੱਛਮ ਵੱਲ ਨੂੰ ਸਰਕ ਰਿਹਾ ਸੀ। ਥੋੜ੍ਹੀ ਦੇਰ ਨੂੰ ਹਨੇਰਾ ਹੋ ਜਾਣਾ ਸੀ।

"ਬਾਪੂ ਜੀ, ਚਲੋ ਚਲੀਏ ਹੁਣ," ਮਾਹੀਪਾਲ ਨੇ ਆਪਣੇ ਬਾਪੂ ਨੂੰ ਨਾਲ ਚੱਲਣ ਲਈ ਕਿਹਾ। "ਡਾ: ਮਾਹੀ, ਤੁਹਾਡਾ ਖੂਹ ਤਾਂ ਬੜਾ ਸੁਹਣਾ ਹੈ!" ਸਵਰੀਨਾ ਨੇ ਸਿਫ਼ਤ ਕੀਤੀ।

"ਓਹ ਹੋ! ਸਵਰੀਨਾ ਨੂੰ ਖੂਹ ਤਾਂ ਵਿਖਾਇਆ ਹੀ ਨਹੀਂ ਆਪਾਂ। ਚੱਲ ਬੰਟੀ ਪਹਿਲਾਂ ਖੂਹ ਵਖਾ ਲਿਆਈਏ ਫਿਰ ਚਲਦੇ ਆਂ।" ਤੇ ਉਹ ਥੋੜ੍ਹੀ ਦੂਰੀ ਤੇ ਲੰਮੇ ਚੌੜ੍ਹੇ ਬੋਹੜ ਵੱਲ ਨੂੰ ਤੁਰ ਪਏ ਜਿਹਦੇ ਹੇਠਾਂ ਖੂਹ ਸੀ। ਖੂਹ ਹੁਣ ਤਾਂ ਬੇਕਾਰ ਹੀ ਸੀ ਪਰ ਫਿਰ ਵੀ ਜਿਉਂ ਦਾ ਤਿਉਂ ਕਾਇਮ ਸੀ। ਕਦੇ ਇਸੇ ਖੂਹ ਦੀ ਗਾਹੜ੍ਹੀ ਤੇ ਬੈਠ ਮਾਹੀਪਾਲ ਬਲਦਾਂ ਨੂੰ ਹਿੱਕਦਾ ਹੁੰਦਾ ਸੀ ਅਤੇ ਹੌਲੀ ਹੌਲੀ ਪਾੜਛੇ ਵਿੱਚ ਡਿਗਦੇ ਪਾਣੀ ਨੂੰ ਬੜੇ ਧਿਆਨ ਨਾਲ ਵੇਖਦਾ ਹੁੰਦਾ ਸੀ। ਤੁਰਦੇ ਬਲਦਾਂ ਦੀ ਕਦਮ-ਤਾਲ ਤੇ ਖੂਹ ਦੇ ਕੁੱਤੇ ਦੀ ਟਿੱਕ ਟਿੱਕ ਮਾਹੌਲ ਨੂੰ ਸੰਗੀਤਮਈ ਬਣਾ ਦੇਂਦੀ ਸੀ।

ਦਸਵੀਂ ਦੀ ਪੰਜਾਬੀ ਦੀ ਕਿਤਾਬ ਵਿਚਲੀਆਂ ਧਨੀ ਰਾਮ ਚਾਤ੍ਰਿਕ ਦੀ ਲਿਖੀ ਕਵਿਤਾ ਦੀਆਂ ਲਾਈਨਾਂ ਯਾਦ ਆ ਗਈਆਂ। 'ਰਿੱਕ ਰਿੱਕ ਰੀਂ ਰੀਂ ਖੂਹ ਵਗਦਾ, ਨੱਕੋ ਨੱਕ ਨੱਕਿਆਂ ਨੂੰ ਜਾਵੇ ਭਰਦਾ' ਇਨ੍ਹਾਂ ਨੂੰ ਮਨ ਹੀ ਮਨ ਦੁਹਰਾਉਂਦਾ ਉਹ ਮੁਸਕਰਾ ਪਿਆ। ਉਸ ਨੂੰ ਯਾਦ ਆਇਆ ਕਿ ਕਈ ਵਾਰੀ ਗਾਹੜ੍ਹ ਤੇ ਬੈਠਾ ਉਹ ਉਂਘਲਾ ਜਾਂਦਾ ਤੇ ਬਲਦਾਂ ਨੂੰ ਹਿੱਕਣਾ ਭੁੱਲ ਜਾਂਦਾ ਸੀ। ਬਲਦਾਂ ਦੀ ਮੱਠੀ ਹੁੰਦੀ ਤੋਰ ਨਾਲ ਉਹ ਤ੍ਰਭਕ ਕੇ ਜਾਗਦਾ ਤੇ ਜ਼ੋਰ ਨਾਲ ਪਰਾਣੀ ਬਲਦਾਂ ਦੀਆਂ ਖੁੱਚਾਂ ਵਿੱਚ ਮਾਰ ਉਹਦੀ ਚਾਲ ਤੇਜ਼ ਕਰ ਦੇਂਦਾ ਸੀ। ਸਵਰੀਨਾ ਨੂੰ ਪੁਰਾਣਾ ਖੂਹ ਵਿਖਾਉਂਦਿਆਂ ਤੇ ਇਹਦੇ ਬਾਰੇ ਦੱਸਦਿਆਂ ਉਸ ਆਪਣੇ ਬਚਪਨ ਦੀਆਂ ਕਈ ਗੱਲਾਂ ਉਹਦੇ ਨਾਲ ਸਾਂਝੀਆਂ ਕੀਤੀਆਂ। ਬੰਟੀ ਵੀ ਬੜੇ ਧਿਆਨ ਨਾਲ ਆਪਣੇ ਚਾਚੇ ਦੀਆਂ ਗੱਲਾਂ ਸੁਣ ਰਿਹਾ ਸੀ। ਕਦੇ ਕਿਸੇ ਗੱਲ ਤੇ ਠਹਾਕਾ ਮਾਰ ਕੇ ਹੱਸ ਵੀ ਪੈਂਦਾ ਸੀ।

"ਚਾਚਾ ਜੀ, ਤੁਸੀਂ ਡਿਗਦੇ ਨਹੀਂ ਸੀ ਹੁੰਦੇ ਇਸ ਉੱਭੜ ਖੁੱਭੜ ਜਿਹੀ ਗਾਹੜ੍ਹੀ ਤੋਂ," ਉਸ ਪੁੱਛਿਆ।

"ਸੰਭਲ ਕੇ ਬਹੀਦਾ ਸੀ ਕਾਕਾ, ਡਿੱਗ ਕੇ ਮੂੰਹ ਸਿਰ ਥੋੜ੍ਹੀ ਛਿਲਾਉਣਾ ਸੀ ਡੰਗਰਾਂ ਤੋਂ।" ਉਸ ਆਪਣੀ ਸਮਝ ਪ੍ਰਗਟਾਈ, ਪਰ ਬਚਪਨ ਦੀ ਇੱਕ ਘਟਨਾ ਚੇਤੇ ਕਰਦਿਆਂ ਕਿਹਾ, "ਹਾਂ ਬੰਟੀ, ਇੱਕ ਵਾਰ ਸੁਆਦ ਚੱਖਿਆ ਸੀ ਬੌਲਦਾਂ ਦੇ ਖੁਰਾਂ ਦਾ।"

"ਉਹ ਕਿਵੇਂ?" ਬੰਟੀ ਜਾਣਨ ਨੂੰ ਕਾਹਲਾ ਸੀ।

"ਆਪਣੀ ਹਵੇਲੀ ਵਿੱਚ ਗੰਨੇ ਪੀੜਨ ਵਾਲਾ ਵੇਲਣਾ ਚੱਲ ਰਿਹਾ ਸੀ। ਮੈਂ ਗੰਨਿਆਂ ਦੀ ਭਰੀ ਵਿਚੋਂ ਜ਼ੋਰ ਨਾਲ ਗੰਨਾ ਖਿੱਚਦਾ ਬੁੜ੍ਹਕ ਕੇ ਪੈੜਾਂ ਵਿੱਚ ਜਾ ਪਿਆ। ਚਾਚਾ ਜੀ ਨੇ ਭੱਜ ਕੇ ਮੈਨੂੰ ਆ ਫੜਿਆ ਪਰ ਉਦੋਂ ਤਕ ਬੌਲਦ ਦੇ ਖੁਰ ਨਾਲ ਮੇਰਾ ਪੈਰ ਮਿੱਧਿਆ ਗਿਆ ਸੀ।" ਘਟਨਾ ਬਿਆਨਦਿਆਂ ਉਹ ਵੇਲਾ ਉਹਦੀਆਂ ਅੱਖਾਂ ਅੱਗੇ ਆ ਖਲੋਤਾ।

"ਬੜੀ ਪੀੜ ਹੋਈ ਹੋਣੀ ਆ ਫਿਰ ਤਾਂ," ਡਾ: ਸਵਰੀਨਾ ਕੋਲੋਂ ਆਖ ਹੋ ਗਿਆ।

"ਹੋਰ ਕੀ, ਕਈ ਦਿਨ ਸਪਿਰਟ ਲਾਉਣੀ ਪਈ ਸੀ ਜ਼ਖ਼ਮ 'ਤੇ। ਹਰ ਵਾਰ ਮੈਂ ਉੱਚੀ ਉੱਚੀ ਚੀਕਾਂ ਮਾਰਦਾ ਸੀ। ਸਪਿਰਟ ਤੇ ਜ਼ਖ਼ਮ ਦਾ ਸੰਗਮ ਅੱਜ ਵੀ ਮੇਰੇ ਚੇਤਿਆਂ ਵਿੱਚ ਝੁਣਝੁਣੀ ਛੇੜ ਦੇਂਦਾ ਹੈ," ਮਾਹੀਪਾਲ ਨੇ ਵੀ ਭੋਲੇ ਭਾਅ ਅਤੀਤ ਦੀ ਸਥਿਤੀ ਦੁਹਰਾ ਦਿੱਤੀ। ਕੋਲ ਖੜਾ ਬੰਟੀ ਠਹਾਕਾ ਮਾਰ ਕੇ ਹੱਸ ਪਿਆ ਤਾਂ ਦੋਵਾਂ ਦਾ ਧਿਆਨ ਭੰਗ ਹੋਇਆ ਤਾਂ ਉਹ ਆਲੇ ਦੁਆਲੇ ਦਾ ਚੱਕਰ ਲਾਉਂਦੇ ਇੱਕ ਰੁੱਖ ਦੇ ਕਰੰਗ ਕੋਲ ਆ ਖੜੇ ਹੋਏ। "ਬੰਟੀ, ਤੈਨੂੰ ਪਤਾ ਇਹ ਕਿਹੜਾ ਰੁੱਖ ਏ ਭਲਾ?" ਉਸ ਬੰਟੀ ਨੂੰ ਪੁੱਛਿਆ।

"ਨਹੀਂ ਚਾਚਾ ਜੀ, ਮੈਂ ਤਾਂ ਕਦੇ ਧਿਆਨ ਈ ਨਹੀਂ ਦਿੱਤਾ ਇੱਧਰ!" ਉਸ ਲਾਪ੍ਰਵਾਹੀ ਨਾਲ ਆਖਿਆ।

"ਇਹ ਲਸੂੜੇ ਦਾ ਰੁੱਖ ਏ। ਇਹ ਕਦੇ ਬੜਾ ਭਰਵਾਂ ਰੁੱਖ ਹੁੰਦਾ ਸੀ ਤੇ ਐਡੇ ਐਡੇ ਲਸੂੜੇ ਲਗਦੇ ਸੀ ਇਹਦੇ 'ਤੇ," ਉਸ ਅੰਗੂਠੇ ਤੇ ਨਾਲ ਦੀਆਂ ਦੋ ਉਂਗਲਾਂ ਨਾਲ ਲਸੂੜੇ ਦਾ ਅਕਾਰ ਦੱਸਿਆ, "ਬੜੇ ਮਿੱਠੇ ਹੁੰਦੇ ਸੀ, ਉਂਗਲਾਂ ਜੁੜ ਜਾਂਦੀਆਂ ਸੀ ਇਨ੍ਹਾਂ ਨੂੰ ਖਾਂਦਿਆਂ ਖਾਂਦਿਆਂ। ਮੈਂ ਕਈ ਵਾਰ ਆਪਣੀਆਂ ਕਿਤਾਬਾਂ ਤੇ ਕਾਪੀਆਂ ਦੀਆਂ ਜਿਲਦਾਂ ਇਨ੍ਹਾਂ ਲਸੂੜਿਆਂ ਨਾਲ ਹੀ ਜੋੜ ਲੈਂਦਾ ਸੀ।" ਮਾਹੀਪਾਲ ਨੂੰ ਪਤਾ ਨਹੀਂ ਆਪਣੀਆਂ ਯਾਦਾਂ ਨਾਲ ਚੰਬੜੇ ਲਸੂੜੇ ਕਿਥੋਂ ਆ ਗਏ ਸੀ।!

"ਵਾਹ ਚਾਚਾ ਜੀ, ਤੁਸੀਂ ਤਾਂ ਬੜੇ ਜੁਗਤੀ ਹੁੰਦੇ ਸੀ।" ਬੰਟੀ ਨੇ ਦਾਦ ਦਿੱਤੀ।

"ਹੋਰ ਕੀ? ਅੱਜ ਕੱਲ੍ਹ ਵਾਂਗ ਹਰ ਚੀਜ਼ ਬਜ਼ਾਰੋਂ ਥੋੜ੍ਹੀ ਲੈਣ ਤੁਰ ਪਈਦਾ ਸੀ ਕਾਕਾ! ਗਰੋਂ ਹੀ ਸਾਰ ਲਈਦਾ ਸੀ।" ਉਸ ਬੜੇ ਮਾਣ ਨਾਲ ਕਿਹਾ ਸੀ।

"ਹਾਂ ਡਾ: ਮਾਹੀ, ਪਿੰਡਾਂ ਵਾਲਿਆਂ ਦਾ ਸ਼ਹਿਰਾਂ ਨਾਲ ਬਹੁਤਾ ਸਰੋਕਾਰ ਨਹੀਂ ਲਗਦਾ। ਕਿੰਨ੍ਹਾ ਕੁੱਝ ਤਾਂ ਇਨ੍ਹਾਂ ਦੇ ਘਰਾਂ ਵਿੱਚ ਆਪਣਾ ਹੈ ਪੈਦਾ ਕੀਤਾ ਹੁੰਦਾ। ਕਣਕ ਸਰੋਂ ਦਾਲਾਂ ਸਬਜ਼ੀਆਂ ਦੁੱਧ-ਘਿਓ ਤੇ ਹੋਰ ਕਈ ਕੁੱਝ," ਸਵਰੀਨਾ ਨੇ ਹੈਰਾਨ ਹੁੰਦਿਆਂ ਆਪਣੀ ਸੂਝ-ਬੂਝ ਸਾਂਝੀ ਕੀਤੀ।

"ਹਾਂ ਸਵੀ, ਪਹਿਲਾਂ ਤਾਂ ਪਿੰਡ ਆਪਣੇ ਆਪ ਵਿੱਚ ਇੱਕ ਇੰਡੀਪੈਂਡੈਂਟ ਯੂਨਿਟ ਹੁੰਦਾ ਸੀ। ਪਿੰਡ ਵਿੱਚ ਹੀ ਆਟੇ ਵਾਲੀ ਚੱਕੀ, ਜੁੱਤੀਆਂ ਬਣਾਉਣ  ਬਣਾਉਣ ਵਾਲਾ ਮੋਚੀ, ਕਪੜੇ ਸਿਉਣ ਵਾਲਾ ਦਰਜ਼ੀ, ਜ਼ਿੰਮੀਦਾਰਾਂ ਦੇ ਰੰਬੇ ਦਾਤੀਆਂ ਬਣਾਉਣ ਵਾਲੇ ਲੁਹਾਰ ਤਰਖਾਣ, ਕਪੜਾ ਬੁਣਨ ਵਾਲਾ ਜੁਲਾਹਾ ਤੇ ਸਭ ਤੋਂ ਉਪਰ ਅਨਾਜ ਪੈਦਾ ਕਰਨ ਵਾਲਾ ਕਿਸਾਨ। ਸਾਰੇ ਇੱਕ ਦੂਜੇ ਦੇ ਕੰਮ ਕਰਦੇ, ਕੰਮ ਆਉਂਦੇ ਤੇ ਢਿੱਡ ਭਰ ਕੇ ਖਾਂਦੇ। ਮੇਰੀ ਦਾਦੀ ਦੱਸਦੀ ਹੁੰਦੀ ਸੀ ਕਿ ਅਸੀਂ ਸਿਰਫ਼ ਲੂਣ ਹੀ ਮੁੱਲ ਲਿਆਉਂਦੇ ਹੁੰਦੇ ਸੀ, ਬਾਕੀ ਸਾਰਿਆਂ ਚੀਜ਼ਾਂ ਵਸਤਾਂ ਘਰ ਦੀਆਂ ਹੀ ਹੁੰਦੀਆਂ ਸੀ।

"ਪਰ ਸਵੀ, ਹੁਣ ਇੰਝ ਨਹੀਂ ਰਿਹਾ। ਹੁਣ ਕਿਸਾਨ ਵੀ ਕੈਸ਼ ਕਰਾਪਸ ਜਾਣੀ ਪੈਸੇ ਵੱਟਣ ਵਾਲੀਆਂ ਫ਼ਸਲਾਂ ਬੀਜਣ ਲਗ ਪਿਆ। ਉਨ੍ਹਾਂ ਪੈਸਿਆਂ ਨਾਲ ਬਾਕੀ ਚੀਜ਼ਾਂ ਵਸਤਾਂ ਲਈ ਸ਼ਹਿਰਾਂ 'ਤੇ ਨਿਰਭਰ ਹੋ ਗਿਆ। ਵੈਸੇ ਸਰਕਾਰੀ ਤੇ ਪ੍ਰਾਈਵੇਟ ਨੌਕਰੀਆਂ ਨੇ ਲੋਕਾਂ ਨੂੰ ਉਨ੍ਹਾਂ ਤੇ ਕਿੱਤਿਆਂ ਨਾਲੋਂ ਨਿਖੇੜ ਹੋਰ ਪਾਸੇ ਆਹਰੇ ਲਾ ਦਿੱਤਾ ਹੈ ਅਤੇ ਹੌਲੀ ਹੌਲੀ ਪੇਂਡੂ ਢਾਂਚਾ ਬਿਖਰ ਰਿਹਾ ਹੈ।" ਮਾਹੀਪਾਲ ਕਿੰਨ੍ਹਾ ਕੁੱਝ ਬਖਾਨ ਗਿਆ।

"ਇਹ ਚੰਗਾ ਹੋਇਆ ਕਿ ਮਾੜਾ," ਸਵਰੀਨਾ ਹੋਰ ਜਾਣਕਾਰੀ ਲੈਣਾ ਚਾਹੁੰਦੀ ਲਗਦੀ ਸੀ।

"ਸਵੀ, ਚੰਗੇ ਮਾੜੇ ਦਾ ਤਾਂ ਆਪਾਂ ਨਿਰਣਾ ਨਹੀਂ ਕਰ ਸਕਦੇ। ਵੇਖੋ, ਤਬਦੀਲੀ ਤਾਂ ਕੁਦਰਤ ਦਾ ਅਟੱਲ ਨਿਯਮ ਹੈ ਤੇ ਤਬਦੀਲੀ ਅਵੱਸ਼ ਆਉਣੀ ਹੀ ਹੁੰਦੀ ਹੈ। ਵਿ ਿਗਆਨਕ ਟੈਕਨਾਲੌਜੀ ਦੇ ਵਿਕਾਸ ਨਾਲ ਸ਼ਾਇਦ ਅਜਿਹਾ ਹੋਣਾ ਹੀ ਸੀ, ਪਰ ਇਸ ਨੇ ਜਿੱਥੇ ਕਿਸਾਨਾਂ ਦੇ ਹੱਥ ਵੱਧ ਪੈਸਾ ਫੜਾਇਆ ਉੱਥੇ ਇਸ ਨੂੰ ਸਵੈ-ਨਿਰਭਰ ਹੋਣ ਦੀ ਬਜਾਏ ਸਰਕਾਰ ਦਾ ਕਰਜਾਈ ਵੀ ਕਰ ਦਿੱਤਾ ਅਤੇ ਨਾਲ ਹੀ ਘਾਣ ਕਰ ਦਿੱਤਾ ਛੋਟੇ ਦਸਤਕਾਰੀ ਧੰਦਿਆਂ ਦਾ ਜਿਨ੍ਹਾਂ ਕਾਰੀਗਰ ਰੱਜ ਜੇ ਇੱਜ਼ਤ ਦੀ ਰੋਟੀ ਖਾਂਦਾ ਸੀ।" ਮਾਹੀਪਾਲ ਨੇ ਦੱਸਿਆ।

"ਉਹ ਕਿਵੇਂ?" ਸਵਰੀਨਾ ਹੋਰ ਜਾਨਣ ਲਈ ਉਤਸਕ ਸੀ।

"ਇਹ ਲੰਮਾ ਵਿਸ਼ਾ ਹੈ। ਕਿਸੇ ਵੇਲੇ ਫਿਰ ਗੱਲਬਾਤ ਕਰਾਂਗੇ। ਹਨੇਰਾ ਹੋ ਰਿਹਾ ਹੈ, ਭਾਬੀ ਹੁਰੀਂ ਉਡੀਕਦੇ ਹੋਣੇ ਘਰ ਜਾਣ ਨੂੰ।" ਤੇ ਉਹ ਛੋਹਲੇ ਕਦਮੀਂ ਟਿਊਬਵੈੱਲ ਵੱਲ ਨੂੰ ਤੁਰ ਪਏ।

ਥੋੜ੍ਹੀ ਦੇਰ ਬਾਦ ਬਾਪੂ ਜੀ ਨੂੰ ਕਾਰ ਦੀ ਅਗਲੀ ਸੀਟ 'ਤੇ ਅਤੇ ਸਵਰੀਨਾ ਭਾਬੀ ਤੇ ਬੰਟੀ ਨੂੰ ਪਿੱਛੇ ਬਠਾ ਮਾਹੀਪਾਲ ਨੇ ਕਾਰ ਪਿੰਡ ਵੱਲ ਨੂੰ ਤੋਰ ਲਈ। ਉਹਦੇ ਵੱਡੇ ਭਰਾ ਨੇ ਮੋਟਰ ਚਲਦੀ ਹੋਣ ਕਰਕੇ ਅਜੇ ਇੱਥੇ ਹੀ ਅਟਕਣਾ ਸੀ।

ਰਾਤ ਦੀ ਰੋਟੀ ਖਾ ਕੇ ਸਾਰਾ ਟੱਬਰ ਕਿੰਨ੍ਹਾ ਚਿਰ ਗੱਲਾਂ ਕਰਦਾ ਰਿਹਾ। ਘਰ ਦੀਆਂ, ਬਾਹਰ ਦੀਆਂ ਤੇ ਪਿੰਡ ਦੀਆਂ ਗੱਲਾਂ। ਮਾਹੀਪਾਲ ਬੜੀ ਦਿਲਚਸਪੀ ਨਾਲ ਭਰਾਵਾਂ ਦੀਆਂ ਗੱਲਾਂ ਸੁਣ ਰਿਹਾ ਸੀ ਤੇ ਯਥਾਯੋਗ ਜੁਆਬ ਜਾਂ ਸਲਾਹ ਵੀ ਦੇ ਰਿਹਾ ਸੀ। ਡਾ: ਸਵਰੀਨਾ ਨੂੰ ਵੀ ਇਨ੍ਹਾਂ ਗੱਲਾਂ ਵਿੱਚ ਸਿਲਚਸਪੀ ਹੋ ਗਈ ਲਗਦੀ ਸੀ ਕਿਉਂਕਿ ਉਹ ਵੀ ਚੁੱਪ ਕੀਤੀ ਬੜੇ ਧਿਆਮ ਨਾਲ ਸੁਣ ਰਹੀ ਸੀ। ਆਖ਼ਰ ਸਾਰਾ ਪਰਿਵਾਰ ਸੌਣ ਲਈ ਆਪੋ ਆਪਣੇ ਮੰਜਿਆਂ 'ਤੇ ਟੇਢਾ ਹੋ ਗਿਆ। ਸਵਰੀਨਾ ਨੂੰ ਮਾਹੀਪਾਲ ਦੀ ਵੱਡੀ ਭਰਜਾਈ ਆਪਣੇ ਘਰ ਲੈ ਗਈ ਜਿੱਥੇ ਇੱਕ ਵੱਖਰੇ ਕਮਰੇ ਵਿੱਚ ਉਸ ਦੇ ਸੌਣ ਦਾ ਇੰਤਜ਼ਾਮ ਕੀਤਾ ਹੋਇਆ ਸੀ।

ਅਗਲੇ ਦੋ ਦਿਨ ਪਤਾ ਹੀ ਨਹੀਂ ਲਗਾ ਕਿਵੇਂ ਅਤੇ ਮਾਹੀਪਾਲ ਦੇ ਮੁੜਨ ਦਾ ਸਮਾਂ ਆ ਗਿਆ। ਬੀਬੀ ਨੇ ਮਾਹੀਪਾਲ ਨੂੰ ਆਪਣੇ ਕੋਲ ਸੱਦਿਆ। ਉਹਦਾ ਸਿਰ ਪਲੋਸਿਆ, ਮੱਥਾ ਚੁੰਮਿਆ ਤੇ ਹੌਲੀ ਜਿਹੀ ਉਹਦੇ ਕੰਨ ਵਿੱਚ ਆਖਿਆ, "ਪੁੱਤ ਮਾਹੀ, ਮੈਨੂੰ ਤੇਰੇ ਨਾਲ ਆਈ ਕੁੜੀ ਪਸਿੰਦ ਆ, ਹੁਣ ਤੂੰ ਵਿਆਹ ਕਰ ਲਾ।" ਮਾਹੀਪਾਲ ਹਲਕਾ ਜਿਹਾ ਮੁਸਕਰਾਇਆ ਤੇ ਮਾਂ ਦੇ ਕੰਨ ਕੋਲ ਮੂੰਹ ਲਿਜਾ ਕੇ ਬੋਲਿਆ, "ਮੈਨੂੰ ਪਤਾ ਸੀ ਤੂੰ ਇਹੋ ਹੀ ਕਹਿਣਾ; ਅੱਛਾ ਬੀਬੀ, ਉਹ ਥੋੜ੍ਹੀ ਮੱਧਰੀ ਨਹੀਂ ਭਲਾ!" ਮਾਹੀਪਾਲ ਨੇ ਮਜ਼ਾਕ ਨਾਲ ਕਿਹਾ। "ਵੇਖਾਂ, ਮਾਂ ਨੂੰ ਮਸ਼ਕਰੀਆਂ ਕਰਦਾ! ਚੱਲ ਜਿੰਵੇਂ ਤੇਰੀ ਮਰਜ਼ੀ ਉਵੇਂ ਕਰਲੀਂ।" ਬੀਬੀ ਨੇ ਉਹਨੂੰ ਆਪਣੀ ਛਾਤੀ ਨਾਲ ਲਾ ਕੇ ਪਿਆਰ ਦਿੱਤਾ। ਸਾਰੇ ਟੱਬਰ ਨੂੰ ਮਿਲ ਡਾ: ਮਾਹੀਪਾਲ ਤੇ ਡਾ: ਸਵਰੀਨਾ ਦਿੱਲੀ ਨੂੰ ਰਵਾਨਾ ਹੋ ਗਏ।

ਤੇਜ਼ੀ ਨਾਲ ਭੱਜੀ ਜਾਂਦੀ ਕਾਰ ਵਿਚੋਂ ਸਵਰੀਨਾ ਨੂੰ ਪਿੱਛੇ ਰਹਿ ਗਈ ਹਰਿਆਲੀ ਅਜੇ ਵੀ ਦੀਂਹਦੀ ਸੀ ਅਤੇ ਉਹਦਾ ਮੁਸਕਰਾਂਦਾ ਚਿਹਰਾ ਸੁਆਦ ਸੁਆਦ ਹੋਇਆ ਪਿਆ ਸੀ।

**(12)**

ਛੁੱਟੀਆਂ ਬਿਤਾ ਕੇ ਆਉਣ ਤੋਂ ਬਾਦ ਦੋਵੇਂ ਆਪੋ ਆਪਣੇ ਕੰਮਾਂ ਵਿੱਚ ਰੁੱਝ ਗਏ। ਡਾ: ਮਾਹੀ ਨੇ ਆਪਣੇ ਕੰਮ ਨੂੰ ਅੱਗੇ ਵਧਾਉਣ ਲਈ ਅਜੇ ਢੇਰ ਸਾਰੇ ਤਜਰਬੇ ਕਰਨੇ ਸਨ। ਉਸ ਨੂੰ ਕਿਸੇ ਫੈਸਲਾਕੁੰਨ ਨਤੀਜੇ ਤੇ ਪਹੁੰਚਣ ਦੀ ਕਾਹਲੀ ਸੀ। ਇੰਝ ਲਗਨ ਨਾਲ ਅੱਗੇ ਵਧਦੇ ਡਾ: ਮਾਹੀ ਨੇ ਆਪਣੇ ਕਾਰਜ ਦੇ ਪਹਿਲਾ ਪੜਾਅ ਸੰਪਨ ਕਰ ਲਿਆ ਸੀ ਅਤੇ ਅਗਲੇਰੇ ਕੰਮ ਵਿੱਚ ਸਿਰ ਤੋਂ ਪੈਰਾਂ ਤੱਕ ਖੁੱਭਿਆ ਹੋਇਆ ਸੀ।

ਇੰਝ ਦਾ ਹੀ ਇੱਕ ਦਿਨ ਸੀ। ਡਾ: ਸਵੀ ਇੱਕ ਮੁਟਿਆਰ ਨੂੰ ਨਾਲ ਲੈ ਡਾ: ਮਾਹੀਪਾਲ ਦੀ ਲੈਬ ਵਿੱਚ ਦਾਖਲ ਹੋਈ ਤੇ 'ਹੈਲੋ, ਡਾ: ਮਾਹੀ' ਆਖ ਉਸ ਦੀ ਸਮਾਧੀ ਭੰਗ ਕਰ ਦਿੱਤੀ।

"ਓਹ, ਡਾ: ਸਵੀ ਤੁਸੀਂ!.....ਹੈਲੋ! ਸੁਣਾਓ ਕੀ ਹਾਲ ਹੈ?" ਉਸ ਥੋੜ੍ਹਾ ਸਿਰ ਉਪਰ ਚੁੱਕਦਿਆਂ ਜੁਆਬ ਦਿੱਤਾ। ਉਸ ਨਾਲ ਇੱਕ ਹੋਰ ਸੁਹਣੀ ਸੁਨੱਖੀ ਮੁਟਿਅਸਾਰ ਨੂੰ ਵੇਖ ਰਤਾ ਠਿਠਕ ਗਿਆ। ਡਾ: ਸਵੀ ਨੇ ਉਸ ਦੀ ਜਾਣ-ਪਛਾਣ ਕਰਵਾਰੀ, "ਡਾ: ਮਾਹੀ, ਇਹ ਐਨੀ ਹੈ ਤੇ ਐਨੀ, ਇਹ ਡਾ: ਮਾਹੀਪਾਲ ਨੇ ਜਿਨ੍ਹਾਂ ਬਾਰੇ ਪ੍ਰੋ: ਚੈਟਰਜੀ ਗੱਲ ਕਰਦੇ ਪਏ ਸੀ।

"ਹੈਲੋ ਡਾ: ਮਾਹੀਪਾਲ!" ਉਸ ਨਾਜ਼ੁਕ ਮੁਟਿਆਰ ਨੇ ਆਪਣਾ ਲੰਮਾ ਪਤਲਾ ਹੱਥ ਬੜੀ ਅਦਾ ਨਾਲ ਅੱਗੇ ਵਧਾਇਆ।

"ਹੈਲੋ!" ਡਾ: ਮਾਹੀਪਾਲ ਨੇ ਉਸ ਵੱਲ ਹੱਥ ਵਧਾਉਂਦੇ ਕਿਹਾ।

"ਡਾ: ਸਵੀ, ਐਨੀ......ਤੁਹਾਡੇ ਨਾਲ?" ਡਾ: ਮਾਹੀ ਨੇ ਸੰਕੇਤਕ ਜਿਹੀ ਗੱਲ ਸ਼ੁਰੂ ਕੀਤੀ। "ਡਾ: ਮਾਹੀ, ਐਨੀ ਆਪਣੇ ਪ੍ਰਜੈਕਟ ਦਾ ਹਿੱਸਾ ਬਣਨ ਜਾ ਰਹੀ ਹੈ। ਆਪਣੇ ਪ੍ਰਜੈਕਟ ਦਾ ਅਗਲਾ ਪੜਾਅ ਸਿਰੇ ਚੜ੍ਹਾਵੇਗੀ।" ਡਾ: ਸਵੀ ਨੇ ਵੀ ਸੰਕੇਤਕ ਜਿਹਾ ਜੁਆਬ ਦਿੱਤਾ।

"ਓ. ਕੇ. ਆਈ ਅੰਡਰਸਟੈਂਡ, ਨਾਈਸ ਟੂ ਮੀਟ ਯੂ ਮੈਡਮ ਐਨੀ!" ਡਾ: ਮਾਹੀ ਦੁਬਾਰਾ ਐਨੀ ਨੂੰ ਸੰਬੋਧਤ ਹੋਇਆ।

"ਕੌਲ ਮੀ ਓਨਲੀ 'ਐਨੀ' ਪਲੀਜ਼, 'ਮੈਡਮ' ਸੀਮਜ਼ ਅਵਾਕਵਰਡ!" ਐਨੀ ਨੇ ਹੱਸਦਿਆਂ ਕਿਹਾ।

"ਓਹ, ਆਈ ਐਮ ਸੌਰੀ ਐਨੀ!" ਉਸ ਮੁਆਫ਼ੀ ਮੰਗਦੇ ਲਹਿਜ਼ੇ ਵਿੱਚ ਕਿਹਾ।

"ਡਾ: ਮਾਹੀ, ਐਨੀ ਕਨੇਡਾ ਤੋਂ ਆਈ ਹੈ, ਕਹਿੰਦੇ ਨੇ ਉੱਥੇ 'ਮੈਡਮ' ਸੰਬੋਧਨ ਅਗਲੇ ਦੀ ਤੌਹੀਨ ਸਮਝੀ ਜਾਂਦੀ ਹੈ।" ਡਾ: ਸਵੀ ਨੇ ਸਪੱਸ਼ਟ ਕੀਤਾ।

"ਅੱਛਾ, ਮੈਨੂੰ ਤਾਂ ਪਤਾ ਨਹੀਂ ਸੀ ਭਈ ਇਹ ਖ਼ੂਬਸੂਰਤ ਬਲ਼ਾ ਪਰੀਆਂ ਦੇ ਦੇਸ਼ 'ਚੋਂ ਆਈ ਆ,' ਡਾ: ਮਾਹੀ ਦੇ ਸ਼ਰਾਰਤੀ ਬੋਲ ਸਨ।

"ਨਾਓ ਯੂ ਕਮ ਟੂ ਨੋ,' ਐਨੀ ਮੁਕਰਾਉਂਦੀ ਬੋਲੀ।

"ਓਹੋ! ਤੇ ਤੁਸੀਂ ਪੰਜਾਬੀ ਵੀ ਸਮਝਦੇ ਹੋ?" ਡਾ: ਮਾਹੀ ਰਤਾ ਕੁ ਹਕਲਾਉਂਦਾ ਹੋਇਆ ਬੋਲਿਆ।

"ਸਮਝਦੀ ਵੀ ਹਾਂ ਤੇ ਬੋਲਦੀ ਵੀ ਹਾਂ," ਐਨੀ ਨੇ ਪੰਜਾਬੀ ਵਿੱਚ ਉੱਤਰ ਦਿੱਤਾ।

"ਤੁਹਾਡੀ ਸ਼ਕਲ ਸੂਰਤ, ਤੁਹਾਡਾ ਨਾਂ ਤੇ ਤੁਹਾਡਾ ਅੰਦਾਜ਼। ਕਿਸੇ ਗੱਲ ਤੋਂ ਵੀ ਅੰਦਾਜ਼ਾ ਨਹੀਂ ਲਗਦਾ ਕਿ ਤੁਸੀਂ ਪੰਜਾਬੀ ਮੂਲ ਦੇ ਹੋ।" ਡਾ: ਮਾਹੀ ਦੀ ਐਨੀ ਬਾਰੇ ਜਾਣਨ ਦੀ ਜਗਿਆਸਾ ਵੱਧ ਗਈ ਸੀ।

"ਯੈੱਸ, ਅਐਮ ਬੌਰਨ ਕਨੇਡੀਅਨ।" ਐਨੀ ਨੇ ਬੜੇ ਮਾਣ ਨਾਲ ਦੱਸਿਆ। ਅਤੇ ਫਿਰ ਜੋ ਉਸ ਆਪਣੇ ਤੇ ਆਪਣੇ ਪਰਿਵਾਰ ਬਾਰੇ ਦੱਸਿਆ ਉਨ੍ਹਾਂ ਦੋਵਾਂ ਬੜੀ ਦਿਲਚਸਪੀ ਨਾਲ ਸੁਣਿਆ। ਜਿਸ ਦਾ ਸਾਰ ਇੰਝ ਸੀ।

ਐਨੀ ਦਾ ਪੂਰਾ ਨਾਂ ਅਨਾਲਦਾ ਹੈ। ਉਹ ਕਨੇਡਾ ਦੇ ਅਲਬਰਟਾ ਪ੍ਰਾਂਤ ਦੇ ਕੈਲਗਰੀ ਸ਼ਹਿਰ ਦੀ ਰਹਿਣ ਵਾਲੀ ਹੈ। ਉਸ ਦੇ ਫਾਦਰ ਦਾ ਕੈਲਗਰੀ ਦੇ ਨੇੜੇ ਹੀ ਖੇਤੀ-ਬਾੜੀ ਰੈਂਚ ਹੈ। ਕੋਏ ਸੌ ਕੁ ਸਾਲ ਪਹਿਲਾਂ ਇਸ ਪਰਿਵਾਰ ਦਾ ਵਡੇਰਾ ਗੁਰਨਾਮ ਸਿੰਘ ਪੰਜਾਬ ਤੋਂ ਕਨੇਡਾ ਆਇਆ ਸੀ। ਇੱਥੇ ਆਕੇ ਕੁੱਝ ਦੇਰ ਲੱਕੜ ਦੇ ਕਾਰਖਾਨਿਆਂ ਵਿੱਚ ਕਰੜੀ ਮਿਹਨਤ ਕਰਨ ਉਪਰੰਤ ਕੁੱਝ ਪੈਸੇ ਬਚਾ ਲਏ ਤਾਂ ਆਪਣੇ ਬਾਪ-ਦਾਦੇ ਦੇ ਕਿੱਤੇ ਖੇਤੀ-ਬਾੜੀ ਕਰਨ ਨੂੰ ਤਰਜੀਹ ਦਿੱਤੀ ਅਤੇ ਕੈਲਗਰੀ ਸ਼ਹਿਰ ਜਿਹੜਾ ਉਦੋਂ ਕੁੱਝ ਕੁ ਹਜ਼ਾਰ ਅਬਾਦੀ ਵਾਲਾ ਸ਼ਹਿਰ ਸੀ ਉਸਦੇ ਬਾਹਰਵਾਰ ਗੁਜ਼ਾਰੇ ਜੋਗੀ ਜ਼ਮੀਨ ਖ਼੍ਰੀਦ ਲਈ ਅਤੇ ਆਪਣੀ ਪਤਨੀ ਤੇ ਪੁੱਤਰ ਦੀ ਮਦਦ ਨਾਲ ਖੇਤੀ ਕਰਨੀ ਸ਼ੁਰੂ ਕਰ ਦਿੱਤੀ। ਉਹ ਕਣਕ ਤੇ ਕਨੋਲਾ (ਸਰੋਂ) ਬੀਜਦੇ ਸਨ ਜੋ ਕਿ ਕਨੇਡਾ ਦੀਆਂ ਮੁੱਖ ਫ਼ਸਲਾਂ ਹਨ। ਹੌਲ਼ੀ ਹੌਲ਼ੀ ਉਨ੍ਹਾਂ ਦੀ ਮਿਹਨਤ ਰੰਗ ਲਿਆਈ ਅਤੇ ਉਨ੍ਹਾਂ ਦਾ ਛੋਟਾ ਜਿਹਾ ਫਾਰਮ ਅੱਜ ਹਜ਼ਾਰਾਂ ਏਕੜਾਂ ਵਿੱਚ ਫੈਲਿਆ 'ਗੈਰੀਆਲਟਾ ਰੈਂਚ ਲਿਮਟਿਡ' ਹੈ। ਇਹ ਪਰਿਵਾਰ 'ਗੈਰੀ ਪਰਿਵਾਰ' ਵਜੋਂ ਜਾਣਿਆ ਜਾਣ ਵਾਲਾ ਅਲਬਰਟਾ ਦਾ ਮਸ਼ਹੂਰ ਪਰਿਵਾਰ ਹੈ। ਜਿਸਨੇ ਇਥੋਂ ਦੇ ਠੰਢੇ ਮੌਸਮ ਦੀਆਂ ਬਰਫ਼ਾਂ ਨਾਲ ਜੂਝਦੇ ਹੋਏ ਖੇਤੀ-ਬਾੜੀ ਦੇ ਨਵੀਨ ਢੰਗ ਤਰਕੇ ਖੋਜਣ ਵਿੱਚ ਮੱਲਾਂ ਮਾਰੀਆਂ ਹਨ ਅਤੇ ਉੱਤਮ ਕਿਸਾਨ ਹੋਣ ਦਾ ਸਨਮਾਨ ਪ੍ਰਾਪਤ ਕੀਤਾ ਹੈ। ਐਨੀ ਇਸ ਮਾਣਮੱਤੇ ਪਰਿਵਾਰ ਦੀ ਚੌਥੀ ਪੀੜ੍ਹੀ ਦੀ ਸੰਤਾਨ ਹੈ।

"ਐਨੀ ਇਸ ਦਾ ਮਤਲਬ ਸ੍ਰ: ਗੁਰਨਾਮ ਸਿੰਘ ਤੇਰੇ ਨਕੜਦਾਦਾ ਸੀ।" ਡਾ: ਮਾਹੀ ਨੇ ਐਨੀ ਦੇ ਆਪਣੇ ਵਡੇਰੇ ਨਾਲ ਰਿਸ਼ਤੇ ਦੀ ਬਾਤ ਪਾਈ।

"ਵੱਅਟ......ਨ..ਕਰ...ਦਾ...ਦਾ?" ਐਨੀ ਥੋੜ੍ਹੀ ਝੁੰਝਲਾਈ ਬੋਲੀ।

"ਨਕੜਦਾਦਾ ਮੀਨਜ਼ ਗ੍ਰੈਂਡ ਫਾਦਰ ਆਫ਼ ਯੁਅਰ ਗ੍ਰੈਂਡਫਾਦਰ......ਐਨੀ ਗ੍ਰੈਂਡਫਾਦਰ ਮੀਨਜ਼ ਦਾਦਾ ਇਨ ਪੰਜਾਬੀ ਅਤੇ ਦਾਦੇ ਦੇ ਦਾਦਾ 'ਨਕੜਦਾਦਾ' ਹੁੰਦਾ," ਡਾ: ਮਾਹੀ ਉਸ ਨੂੰ ਸਮਝਾਓਂਦਿਆ ਬੋਲਿਆ, "ਹੋਰ ਸੁਣ, ਪੰਜਾਬੀ ਵਿੱਚ ਮਾਂ ਦੀ ਭੈਣ ਨੂੰ ਮਾਸੀ ਤੇ ਬਾਪ ਦੀ ਭੈਣ ਨੂੰ ਭੂਆ ਆਖਦੇ ਨੇ, ਜਿਹਦੇ ਨਾਲ ਮਾਸੀ-ਮਾਸੜ, ਭੂਆ-ਫੁੱਫੜ, ਚਾਚਾ-ਚਾਚੀ, ਤਾਇਆ-ਤਾਈ ਵਰਗੇ ਰਿਸ਼ਤਿਆਂ ਦੀ ਲੜੀ ਜੁੜ ਜਾਂਦੀ ਹੈ। ਸਮਝੀ! ਅੰਗਰੇਜ਼ੀ ਵਿੱਚ ਤਾਂ ਇਨ੍ਹਾਂ ਸਾਰੇ ਰਿਸ਼ਤਿਆਂ ਲਈ ਆਂਟੀ ਅੰਕਲ ਨਾਲ ਹੀ ਸਾਰ ਲਿਆ ਜਾਂਦਾ।" ਡਾ: ਮਾਹੀ ਰਿਸ਼ਤਿਆਂ ਦੀ ਸ਼ਬਦਾਵਲੀ ਸਮਝਾਉਂਦਾ ਵਾਹਵਾ ਈ ਭਾਵੁਕ ਹੋ ਗਿਆ ਸੀ।

"ਡਾ: ਮਾਹੀ, ਤੁਸੀਂ ਤਾਂ ਐਨੀ ਨੂੰ ਪੰਜਾਬੀ ਹੀ ਪੜ੍ਹਾਉਣ ਲਗ ਪਏ ਜੇ," ਡਾ: ਸਵੀ ਨੇ ਗੱਲ ਨੂੰ ਬਰੇਕ ਲਾਈ।

"ਸੌਰੀ!....ਐਨੀ ਤੁਹਾਡੀ ਫੈਮਿਲੀ ਐਨੇ ਲੰਮੇ ਸਮੇਂ ਤੋਂ ਕਨੇਡਾ ਵਿੱਚ ਰਹਿ ਰਿਹਾ, ਤੁਹਾਡੇ ਘਰ ਅਜੇ ਵੀ ਪੰਜਾਬੀ ਬੋਲਦੇ ਨੇ ਭਲਾ?"

"ਹਾਂ, ਮੇਰੇ ਗ੍ਰੈਂਡਫਾਦਰ ਤੇ ਗ੍ਰੈਂਡਮਦਰ ਨੂੰ ਪੰਜਾਬੀ ਆਉਂਦੀ ਹੈ ਬਟ ਵੈਰੀ ਲਿਟਲ, ਐਟ ਹੋਮ ਵੁਈ ਸਪੀਕ ਇੰਗਲਿਸ਼ ਓਨਲੀ।" "ਫਿਰ ਤੁਸੀਂ ਪੰਜਾਬੀ ਕਿਥੋਂ ਸਿੱਖ ਲਈ?" ਡਾ: ਮਾਹੀ ਦੀ ਦਿਲਚਸਪੀ ਵਧਦੀ ਜਾ ਰਹੀ ਸੀ।

"ਮੈਂ ਪਹਿਲਾਂ ਗੁਰਦੁਆਰੇ ਵਿੱਚ ਥੋੜ੍ਹੀ ਬਹੁਤ ਪੰਜਾਬ ਬੋਲਣੀ ਤੇ ਲਿਖਣੀ ਸਿੱਖੀ ਤੇ ਫਿਰ ਯੂਨੀਵਰਸਿਟੀ ਵਿੱਚ ਪੰਜਾਬੀ ਐਜ਼ ਸਬਜੈਕਟ ਲੈ ਲਈ। ਮੈਨੂੰ ਆਪਣੀ ਬੈਕਗ੍ਰਾਊਂਡ ਨਾਲ ਬੜਾ

ਮੋਹ ਆਉਂਦਾ। ਮੈਂ ਆਪਣੇ ਗ੍ਰੈਂਡਫਾਦਰ ਦੇ ਗ੍ਰੈਂਡਫਾਦਰ ਮੀਨਜ਼ ਨਕੜਦਾਦਾ ਦੇ ਕਲਚਰ ਬਾਰੇ ਸਭ ਕੁੱਝ ਜਾਣਨਾ ਚਾਹੁੰਦੀ ਹਾਂ।" ਉਸ ਬੜੀ ਪਿਆਰੀ ਪੰਜਾਬੀ ਵਿੱਚ ਦਿਲ ਦੀ ਗੱਲ ਕੀਤੀ। "ਹਾਂ, ਡਾ: ਮਾਹੀ ਮੈਂ ਤੁਹਾਨੂੰ ਸ਼ਾਇਦ ਦੱਸਿਆ ਨਹੀਂ ਕਿ ਐਨੀ ਇੱਥੇ ਪੰਜਾਬ ਯੂਨੀਵਰਸਿਟੀ ਵਿੱਚ ਸ਼ੋਸ਼ਅਲੋਜੀ ਦੀ ਮਾਸਟਰਜ਼ ਕਰਨ ਲਈ ਦਾਖਲ ਹੋਈ ਹੈ।" ਡਾ: ਸਵੀ ਨੇ ਜਾਣਕਾਰੀ ਦਿੱਤੀ।

"ਵੈਰੀ ਗੁੱਡ! ਵੈਰੀ ਗੁੱਡ! ਆਈ ਐਮ ਪਰਾਉਡ ਆਫ ਐਨੀ ਤੇ ਐਨੀ ਦੇ ਆਪਣੇ ਪਰਿਵਾਰ ਤੇ ਪਰਿਵਾਰ ਦੀਆਂ ਜੜ੍ਹਾਂ ਨਾਲ ਇਤਨੇ ਮੋਹ ਤੇ ਪਿਆਰ ਲਈ," ਉਸ ਅਗਾਂਹ ਹੋ ਐਨੀ ਨੂੰ ਗਲਵੱਕੜੀ ਵਿੱਚ ਲੈ ਲਿਆ।

"ਥੈਂਕਯੂ ਡਾ: ਮਾਹੀਪਾਲ! ਆਈ ਫੀਲ ਮੈਨੂੰ ਮੇਰੀ ਫੈਮਿਲੀ ਦਾ ਕੋਈ ਬੜਾ ਪਿਆਰਾ ਮੈਂਬਰ ਮਿਲ ਗਿਆ। ਮੇਰੇ ਗ੍ਰੈਂਡਫਾਦਰ ਦੇ ਫਾਦਰ......," ਉਸ ਦੀ ਗੱਲ ਪੂਰੀ ਹੋਣ ਤੋਂ ਪਹਿਲਾਂ ਹੀ ਮਾਹੀਪਾਲ ਨੇ ਉਸ ਨੂੰ ਟੋਕ ਦਿੱਤਾ, "ਐਨੀ! ਗ੍ਰੈਂਡਫਾਦਰ ਨੂੰ ਪੰਜਾਬੀ ਵਿੱਚ 'ਦਾਦਾ ਜੀ' ਕਹਿੰਦੇ ਨੇ ਤੇ ਗ੍ਰੈਂਡਫਾਦਰ ਦੇ ਫਾਦਰ ਨੂੰ 'ਪੜਦਾਦਾ ਜੀ' ਆਖਦੇ ਨੇ।"

"ਯੈੱਸ! ਮੇਰੇ ਪੜਦਾਦਾ ਜੀ ਵੀ ਤੁਹਾਡੇ ਵਾਂਗ ਟਰਬਨ ਬੰਨ੍ਹਦੇ ਸੀ ਪਰ ਉਨ੍ਹਾਂ ਦੀ ਦਾੜ੍ਹੀ ਖੁਲ੍ਹੀ ਹੁੰਦੀ ਸੀ। ਸਾਡੇ ਘਰ ਉਨ੍ਹਾਂ ਦੀ ਫੋਟੋ ਲਗੀ ਹੋਈ ਹੈ।" ਐਨੀ ਨੇ ਆਪਣੀ ਗੱਲ ਪੂਰੀ ਕੀਤੀ।

"ਡਾ: ਮਾਹੀ ਨੂੰ ਐਨੀ ਛੋਟੀ ਭੈਣ ਵਾਂਗ ਲਗੀ ਜੋ ਵਰ੍ਹਿਆਂ ਤੋਂ ਵਿਛੜੀ ਹੋਈ ਬੇਗਾਨੀ ਧਰਤੀ ਤੇ ਵੱਧ ਫੁੱਲ ਰਹੀ ਸੀ ਅਤੇ ਹੁਣ ਅਚਾਨਕ ਉਹਦੇ ਨਾਲ ਆ ਜੁੜੀ ਸੀ।

"ਓ. ਕੇ. ਐਨੀ, ਤੈਨੂੰ ਪਤਾ ਤੇਰਾ ਇਸ ਪ੍ਰਾਜੈਕਟ ਵਿੱਚ ਕੀ ਰੋਲ ਹੈ?" ਡਾ: ਮਾਹੀ ਨੇ ਕੁੱਝ ਲਗਾਓ ਜਿਹੇ ਨਾਲ ਪੁੱਛਿਆ। "ਯੈਸ, ਆਈ ਐਮ ਟੂ ਬੀ ਏ ਸਰੋਗੇਟ ਮਦਰ," ਐਨੀ ਨੇ ਬੜੀ ਬੇਬਾਕੀ ਨਾਲ ਜੁਆਬ ਦਿੱਤਾ। "ਮਤਲਬ ਤੈਨੂੰ ਆਪਣੀ ਕੁਆਰੀ ਕੁੱਖ ਵਿੱਚ ਮਸਨੂਈ ਢੰਗ ਨਾਲ ਇੱਕ ਬੱਚਾ ਪਾਲਣ ਵਿੱਚ ਕੋਈ ਗੁਰੇਜ਼ ਨਹੀਂ," ਡਾ: ਮਾਹੀਪਾਲ ਨੇ ਗੱਲ ਖੋਲ੍ਹਣੀ ਚਾਹੀ। "ਨੋ ਪ੍ਰਾਬਲਮ, ਇਹ ਤਾਂ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਮੇਰੀ ਕੋਆਪਰੇਸ਼ਨ ਹੈ। ਆਈ ਟੇਕ ਇਟ ਲਾਈਕ ਦਿਸ," ਉਸ ਆਪਣੀ ਗੱਲ ਸਪੱਸ਼ਟ ਕੀਤੀ।

"ਐਨੀ, ਇਹ ਸੋਚ ਤੇਰੇ ਕਨੇਡਾ ਵਿੱਚ ਪਲੇ ਹੋਣ ਦਾ ਨਤੀਜਾ ਏ। ਵਰਨਾ ਇਥੋਂ ਦੀ ਜੰਮੀ ਪਲੀ ਲੜਕੀ ਇਨੀ ਸਹਿਜਤਾ ਨਾਲ ਇਹ ਗੱਲ ਆਖ ਵੀ ਨਾ ਸਕੇ ਕਰਨੀ ਤਾਂ ਸ਼ਾਇਦ ਦੂਰ ਦੀ ਗੱਲ ਏ। ਕਿਉਂ ਡਾ: ਸਵੀ, ਤੁਸੀਂ ਕੀ ਸੋਚ ਰਹੇ ਹੋ?" ਉਸ ਚੁੱਪ ਬੈਠੀ ਡਾ: ਸਵੀ ਨੂੰ ਪੁੱਛਿਆ। ਉਨ੍ਹਾਂ ਦੋਵਾਂ ਦੀਆਂ ਗੱਲਾਂ ਸੁਣ ਐਨੀ ਬੋਲੀ," ਵੈੱਲ! ਜਦੋਂ ਸਾਡੇ ਡੀਪਾਰਟਮੈਂਟ ਦੇ ਹੈੱਡ ਰਾਹੀਂ ਇਹ ਗੱਲ ਮੇਰੇ ਕੰਨੀਂ ਪਈ ਤਾਂ ਮੈਨੂੰ ਇਹ ਪ੍ਰਾਜੈਕਟ ਬੜਾ ਇੰਟ੍ਰੈਸਟਿੰਗ ਲਗਾ ਤੇ ਮੈਂ ਝੱਟਪਟ ਇਹਦੇ ਵਿੱਚ ਸ਼ਾਮਲ ਹੋਣ ਲਈ ਵਲੰਟੀਅਰ ਕਰ ਦਿੱਤਾ।"

"ਤੁਹਾਡੇ ਡਿਪਾਰਟਮੈਂਟ ਤੱਕ ਗੱਲ ਕਿਵੇਂ ਪਹੁੰਚੀ? ਪ੍ਰੋ: ਚੈਟਰਜੀ ਨੇ ਤਾਂ ਇਹ ਪ੍ਰਾਜੈਕਟ ਬੜਾ ਗੁਪਤ ਰਖਿਆ ਹੋਇਆ।" ਡਾ: ਮਾਹੀਪਾਲ ਤੇ ਡਾ: ਸਵੀ ਦੋਵੇਂ ਹੀ ਹੈਰਾਨ ਸਨ।

"ਆਈ ਡੌਂਟ ਨੋਅ ਮੱਚ। ਬਟ ਜਦੋਂ ਮੈਨੂੰ ਸਾਡੇ ਹੈੱਡ ਮਾਸਟਰ ਦਿਆਲ ਨੇ ਪ੍ਰੋ: ਚੈਟਰਜੀ ਨਾਲ ਇੰਟਰੋਡਿਊਸ ਕਰਵਾਇਆ ਤਾਂ ਉਨ੍ਹਾਂ ਉਸ ਨੂੰ ਆਪਣਾ ਫਾਸਟ ਫ੍ਰੈਂਡ ਹੀ ਦੱਸਿਆ ਸੀ।" ਐਨੀ ਨੇ ਬੜੀ ਸਰਲਤਾ ਨਾਲ ਜੋ ਉਹ ਜਾਣਦੀ ਸੀ ਦੱਸ ਦਿੱਤਾ।

"ਇੰਝ ਹੀ ਹੋਣਾ ਹੈ। ਇਹ ਸੋਚ ਕੇ ਕਿ ਐਨੀ ਕਨੇਡਾ ਵਰਗੇ ਦੇਸ਼ ਵਰਗੇ ਦੇਸ਼ ਤੋਂ ਆਈ ਨਿੱਡਰ ਕੁੜੀ ਹੈ। ਉਨ੍ਹਾਂ ਆਪਣੀ ਪ੍ਰਪੋਜ਼ਲ ਇਹਦੇ ਅੱਗੇ ਰੱਖ ਦਿੱਤੀ ਜੋ ਇਸ ਐਡਵੈਂਚਰੈਸ ਕੁੜੀ ਨੇ ਹੱਸ ਕੇ ਦਬੋਚ ਲਈ," ਡਾ: ਮਾਹੀਪਾਲ ਨੇ ਹੱਸਦੇ ਹੋਏ ਕਿਹਾ। ਇਸ ਤਰ੍ਹਾਂ ਉਹ ਤਿੰਨੇ ਜਣੇ ਕਿੰਨੀ ਦੇਰ ਇਸ ਵਿਸ਼ੇ ਤੇ ਗੱਲਾਂ ਕਰਦੇ ਰਹੇ। ਇਸ ਕੰਮ ਦੀ ਜਟਲਤਾ, ਇਹਦੇ ਤੇ ਲਗਣ ਵਾਲਾ ਲੰਮਾ ਸਮਾਂ ਤੇ ਹੋਰ ਕਈ ਕੁੱਝ। ਉਸ ਸ਼ਾਮ ਉਨ੍ਹਾਂ ਖਾਣਾ ਵੀ ਇਕੱਠਿਆਂ ਖਾਧਾ ਅਤੇ ਫਿਰ ਐਨੀ ਨੂੰ ਉਹਦੇ ਰੈਜ਼ੀਡੈਂਸ ਤੱਕ ਛੱਡ ਉਨ੍ਹਾਂ ਇੱਕ ਦੂਜੇ ਤੋਂ ਵਿਦਾ ਲਈ। ਡਾ: ਮਾਹੀਪਾਲ ਉਸ ਰਾਤ ਬੈੱਡ 'ਤੇ ਪਿਆ ਕਿੰਨ੍ਹੀ ਦੇਰ ਐਨੀ ਦੇ ਖੁਲਾਸੇ ਤੇ ਬੇਬਾਕ ਸੁਭਾਓ ਬਾਰੇ ਸੋਚਦਾ ਰਿਹਾ ਜਿਹਦੇ ਵਿੱਚ ਕੋਈ ਵਲ਼ ਛਲ਼ ਨਹੀਂ ਸੀ।

**(13)**

ਸਮੇਂ ਦੀ ਚਰਖੜੀ ਲਗਾਤਾਰ ਗਿੜਦੀ ਜਾ ਰਹੀ ਸੀ। ਸੈਕਿੰਡ ਮਿੰਟ ਘੰਟੇ ਘੜੀ ਦੀ ਸੂਈ ਦੀ ਟਿਕ ਟਿਕ ਨਾਲ ਪਲ ਪਲ ਬਦਲਦੇ ਸਮੇਂ ਨੂੰ ਅਗਾਂਹ ਤੋਰੀ ਜਾ ਰਹੇ ਸਨ। ਉਹਦਾ ਨਾਂ ਐਲਸ ਸੀ ਅਤੇ ਉਹ ਬੰਬਈ ਸ਼ਹਿਰ ਦੀ ਰਹਿਣ ਵਾਲੀ ਸੀ। ਹੁਣ ਐਨੀ ਤੇ ਐਲਸ ਦੋਵਾਂ ਦੀਆਂ ਕੁੱਖਾਂ ਵਿੱਚ ਪੁਲਾੜ ਯਾਤਰੀ ਤਰੁਣ ਘੋਸ਼ ਤੇ ਕਨਿਕਾ ਨਾਇਡੋ ਦੇ ਲਗਪਗ ਮੁਰਦਾ ਜਿਸਮਾਂ ਵਿਚੋਂ ਲਏ ਸੋਮੈਟਿਕ ਸੈੱਲ, ਬਲਸਟੋਸਿਸਟ ਦੇ ਰੂਪ ਵਿੱਚ ਗਰੋਅ ਕੀਤੇ ਹੋਏ ਕਲੋਨ ਪਲ਼ ਰਹੇ ਸਨ। ਡਾ: ਮਾਹੀਪਾਲ ਨੇ ਤਰੁਣ ਘੋਸ਼ ਦੇ ਕਲੋਨ ਦਾ ਨਾਂ 'ਤਿਸ਼' ਅਤੇ ਕਨਿਕਾ ਨਾਇਡੋ ਦੇ ਕਲੋਨ ਦਾ ਨਾਂ 'ਕਿਨ' ਰੱਖਿਆ ਸੀ।

'ਤਿਸ਼' ਤੇ 'ਕਿਨ' ਦੀਆਂ ਸਰੋਗੇਟ ਮਾਵਾਂ ਐਨੀ ਤੇ ਐਲਸ ਨੂੰ ਹਸਪਤਾਲ ਦੇ ਗਾਈਨੀ ਡਿਪਾਰਟਮੈਂਟ ਦੀ ਮੁੱਖੀ ਦੀ ਦੇਖ-ਰੇਖ ਵਿੱਚ ਬਿਲਕੁਲ ਵੱਖਰੀ ਜਗ੍ਹਾ ਤੇ ਸਪੈਸ਼ਲ ਕਮਰਿਆਂ ਵਿੱਚ

ਰੱਖਿਆ ਗਿਆ ਸੀ। ਇੱਥੇ ਹਰ ਪਲ ਡਾ: ਸਵਰੀਨਾ, ਡਾ: ਮਾਹੀ ਤੇ ਡਾ: ਜੌਨ੍ਹ ਉਨ੍ਹਾਂ ਦੇ ਆਸ ਪਾਸ ਹੀ ਵਿਚਰਦੇ ਸਨ। ਭਰੂਣ ਨੂੰ ਐਕਟੀਵੇਟ ਕਰਨ ਲਈ ਕਦੇ ਕੋਈ ਦਵਾਈ, ਕਦੇ ਕੋਈ ਹਾਰਮੋਨ ਜਾਂ ਕੋਈ ਹੋਰ ਲੋੜੀਂਦਾ ਫਲਿਊਡ ਲਗਾਤਾਰ ਇਨ੍ਹਾਂ ਦੀ ਹਾਜ਼ਰੀ ਵਿੱਚ ਦਿੱਤਾ ਜਾਂਦਾ ਸੀ। ਜਦੋਂ ਕੁੱਝ ਦਿਨਾਂ ਬਾਦ ਭਰੂਣਾਂ ਨੇ ਵਧਣਾ ਜਾਰੀ ਰੱਖਿਆ ਅਤੇ ਫਿਰ ਹੌਲੀ ਹੌਲੀ ਉਨ੍ਹਾਂ ਆਪਣੀ ਮਾਂ ਦੀ ਕੁੱਖ ਵਿੱਚ ਆਪਣੇ ਖਾਣ ਪੀਣ ਦਾ ਪ੍ਰਬੰਧ ਕਰਨਾ ਸ਼ੁਰੂ ਕਰ ਦਿੱਤਾ ਅਤੇ ਆਖਰ ਕਰ ਲਿਆ ਤਾਂ ਇਨ੍ਹਾਂ ਤਿੰਨਾਂ ਸੁੱਖ ਦਾ ਸਾਹ ਲਿਆ।

"ਅਬ ਸਭੀ ਕੁੱਝ ਭਗਵਾਨ ਕੇ ਹਾਥ ਮੇਂ ਹੈ। ਅਗਰ ਯਹਾਂ ਤੱਕ ਕਾਮਯਾਬ ਹੋ ਗਏ ਹੈਂ ਤੋ ਆਗੇ ਭੀ ਭਗਵਾਨ ਭਲੀ ਕਰੇਗਾ।" ਪ੍ਰੋ: ਚੈਟਰਜੀ ਦੇ ਇਨ੍ਹਾਂ ਬੋਲਾਂ ਨੇ ਸਭ ਨੂੰ ਹੌਸਲਾ ਤੇ ਸੰਤੁਸ਼ਟੀ ਦੇ ਦਿੱਤੀ ਸੀ ਅਤੇ ਸਾਰੇ ਭਵਿੱਖ ਲਈ ਆਸਵੰਦ ਹੋ ਗਏ ਸਨ।

ਸਮਾਂ ਪੋਲੇ ਪੋਲੇ ਪੈਰੀਂ ਅਗਾਂਹ ਵਧਦਾ ਗਿਆ। ਐਨੀ ਵੱਡੀ ਦੁਨੀਆਂ ਵਿੱਚ ਹਰ ਪਲ ਹਰ ਛਿਣ ਕੁੱਝ ਨਾ ਕੁੱਝ ਅਜੀਬ ਤੇ ਅਲੋਕਾਰ, ਦੁਖਾਂਤ ਤੇ ਸੁਖਾਂਤ ਲਗਾਤਾਰ ਵਾਪਰਦਾ ਰਹਿੰਦਾ ਹੈ। ਪ੍ਰੰਤੂ ਜੋ ਕੁੱਝ ਸਾਡੇ ਬਹੁਤ ਨੇੜੇ ਵਾਪਰਦਾ ਹੈ ਅਸੀਂ ਉਸ ਤੋਂ ਹੀ ਪ੍ਰਭਾਵਤ ਹੁੰਦੇ ਹਾਂ ਕਿਉਂ ਜੁ ਇਹ ਮਨੁੱਖੀ ਸੁ੍ਭਾਅ ਦੀ ਤਾਸੀਰ ਹੈ।

ਤੇ ਹੁਣ ਲੰਘਦੇ ਸਮੇਂ ਨਾਲ ਡਾ: ਮਾਹੀਪਾਲ, ਡਾ: ਸਵਰੀਨਾ ਅਤੇ ਡਾ: ਜੌਨ੍ਹ ਹੋਰ ਸਾਰੀ ਦੁਨੀਆਂ ਤੋਂ ਬੇਖ਼ਬਰ ਸਨ। ਉਨ੍ਹਾਂ ਦੀ ਦੁਨੀਆਂ ਤਾਂ ਕੇਵਲ ਐਨੀ ਤੇ ਐਲਸ ਤੱਕ ਸੀਮਤ ਹੋ ਰਹਿ ਗਈ ਸੀ। ਐਨੀ ਤੇ ਐਲਸ ਵੀ ਪੂਰਾ ਪੂਰਾ ਸਹਿਯੋਗ ਦੇ ਰਹੀਆਂ ਸਨ। ਡਾ: ਜੌਨ੍ਹ ਦੀ ਸਟੱਡੀ ਅਨੁਸਾਰ ਸਮੇਂ ਸਮੇਂ ਸਿਰ ਤਰੁਣ ਘੋਸ਼ ਤੇ ਕਨਿਕਾ ਨਾਇਡੋ ਦੇ ਬਰੇਨ ਦੇ ਫਲਿਊਡ ਜਾਂ ਕੋਈ ਹਾਰਮੋਨਜ਼ ਇਨ੍ਹਾਂ ਦੇ ਪੇਟ ਵਿੱਚ ਪਲ਼ ਰਹੇ ਕਲੋਨਾਂ ਨੂੰ ਦਿੱਤੇ ਜਾਂਦੇ ਸਨ। ਇਹ ਸਾਰਾ ਕੰਮ ਤਿੰਨੇ ਮਾਹਿਰ ਆਪਸੀ ਵਿਚਾਰ-ਵਟਾਂਦਰੇ ਤੋਂ ਬਾਦ ਤਹਿ ਕਰਦੇ ਅਤੇ ਯਥਾਯੋਗ ਕਾਰਵਾਈ ਚਲਦੀ ਰਹਿੰਦੀ।

ਆਖਰ ਨਿਯਤ ਸਮੇਂ ਤੇ ਕੁਦਰਤ ਮਿਹਰਬਾਨ ਹੋਈ, ਐਨੀ ਤੇ ਐਲਸ ਨੇ ਸਿਹਤਮੰਦ ਕਲੋਨਜ਼ 'ਤਿਸ਼' ਤੇ 'ਕਿਨ' ਨੂੰ ਜਨਮ ਦਿੱਤਾ। ਹੂ-ਬਹੂ ਤਰੁਣ ਘੋਸ਼ ਤੇ ਕਨਿਕਾ ਨਾਇਡੋ ਦਾ ਰੂਪ ਦਾ। ਉਨ੍ਹਾਂ ਦੇ ਜਨਮ ਤੋਂ ਕੁੱਝ ਹਫ਼ਤਿਆਂ ਬਾਦ ਐਨੀ ਤੇ ਐਲਸ ਦਾ ਇਸ ਪ੍ਰਾਜੈਕਟ ਦਾ ਕੰਮ ਪੂਰਾ ਹੋ ਚੁੱਕਾ ਸੀ ।

"ਅਬ ਯਹ ਦੋਨੋਂ ਕਲੋਨ ਡਾ: ਮਾਹੀਪਾਲ ਤੇ ਡਾ: ਸਵਰੀਨਾ ਕੀ ਦੇਖ-ਰੇਖ ਮੇਂ ਬੜੇ ਹੋਂਗੇ।" ਇੱਕ ਦਿਨ ਪ੍ਰੋ: ਚੈਟਰਜੀ ਨੇ ਇਹ ਘੋਸ਼ਣਾ ਕਰ ਦਿੱਤੀ। ਐਨੀ ਤੇ ਐਲਸ ਦੇ ਸਿਰ ਤੇ ਪਿਆਰ ਨਾਲ ਹੱਥ ਰੱਖ ਪ੍ਰੋ: ਚੈਟਰਜੀ ਨੇ ਉਨ੍ਹਾਂ ਨੂੰ ਚੇਤਾ ਕਰਵਾਇਆ, "ਐਨੀ ਔਰ ਐਲਸ ਨੇ ਅਪਨੀ ਪੜ੍ਹਾਈ ਕੀ ਤਰਫ਼ ਭੀ ਤੋ ਤਵਜੋ ਦੇਨੀ ਹੈ।"

"ਯੈਸ ਸਰ!" ਦੋਵਾਂ ਨੇ ਲਗਪਗ ਇਕੱਠਿਆਂ ਜੁਆਬ ਦਿੱਤਾ।

"ਵੈਲ ਡਨ ਐਨੀ! ਵੈਲ ਡਨ ਐਲਸ! ਆਈ ਐਮ ਗ੍ਰੇਟਫੁੱਲ ਟੂ ਯੂ ਫਾਰ ਯੂਅਰ ਕੌਂਟ੍ਰੀਬਿਊਸ਼ਨ ਫਾਰ ਦਿਸ ਪ੍ਰਾਜੈਕਟ। ਆਈ ਥਿੰਕ ਕੋਈ ਔਰ ਇਤਨਾ ਮਹਾਨ ਕਾਮ ਨਹੀਂ ਕਰ ਸਕਤਾ ਥਾ; ਓਨਲੀ ਯੂ ਲਿਟਲ ਬ੍ਰੇਵ ਗਰਲਜ਼!" ਪ੍ਰੋ: ਚੈਟਰਜੀ ਦੇ ਚਿਹਰੇ ਤੇ ਬੋਲਾਂ ਵਿਚੋਂ ਧੰਨਵਾਦ ਵਰਗੀਆਂ ਭਾਵਨਾਵਾਂ ਡੁੱਲ ਡੁੱਲ੍ਹ ਪੈਂਦੀਆਂ ਸਨ।

"ਇਟਸ ਮਾਈ ਪਲੈਜ਼ਰ ਸਰ! ਇਸ ਧਰਤੀ ਨਾਲ ਪਿਆਰ ਹੀ ਮੈਨੂੰ ਇੱਥੇ ਖਿੱਚ ਲਿਆਇਆ ਹੈ। ਅਸਲੀਅਤ ਇਹ ਹੈ ਕਿ ਮੈਂ ਆਪਣੇ ਵੱਡਿਆਂ ਦੀ ਧਰਤੀ ਲਈ ਕੁੱਝ ਕਰਨਾ ਚਾਹੁੰਦੀ ਸੀ। ਇਸ ਪ੍ਰਾਜੈਕਟ ਦਾ ਹਿੱਸਾ ਬਣਨ ਨਾਲੋਂ ਅਹਿਮ ਕੰਮ ਤਾਂ ਹੋਰ ਹੋ ਹੀ ਨਹੀਂ ਸੀ ਸਕਦਾ। ਆਈ ਐਮ ਰੀਅਲੀ ਹੈਪੀ ਟੂ ਡੂ ਦਿਸ," ਇਹ ਬੋਲ ਬੋਲਦਿਆਂ ਐਨੀ ਪੂਰੀ ਦੀ ਪੂਰੀ ਪੰਘਰੀ ਪਈ ਸੀ।

"ਆਈ ਐਮ ਪਰਾਊਡ ਬੋਥ ਆਫ਼ ਯੂ! ਯੂ ਮੇਡ ਇਮਪਾਸੀਬਲ ਪਾਸੀਬਲ, ਮੈਂਨੇ ਤੋ ਕਭੀ ਸੋਚਾ ਭੀ ਨਹੀਂ ਥਾ ਇਤਨੀ ਅਸਾਨੀ ਸੇ ਯਹ ਸਭ ਹੋ ਜਾਏਗਾ। ਐਲਸ! ਯੂ ਡਿ ਡਏ ਡੇਅਰਿੰਗ ਜਾਬ," ਪ੍ਰੋ: ਚੈਟਰਜੀ ਨੇ ਐਲਸ ਦਾ ਸਿਰ ਪਲੋਸਿਆ।

"ਸਰ! ਸੱਚ ਤੋ ਯਹ ਹੈ ਕਿ ਮੈਂ ਐਨੀ ਕੀ ਵਜਹ ਸੇ ਯਹ ਕਰ ਪਾਈ ਹੂੰ। ਐਨੀ ਸੇ੍ ਮੁੱਝੇ ਇਸ ਪ੍ਰਾਜੈਕਟ ਮੇਂ ਵਲੰਟੀਅਰ ਕਰਨੇ ਕੇ ਲੀਏ ਪ੍ਰੇਰਨਾ ਮਿਲੀ। ਮੈਂਨੇ ਸੋਚਾ ਅਗਰ ਐਨੀ ਅਪਨੀ ਜੜੇਂ ਖੋਜਨੇ ਯਹਾਂ ਆ ਗਈ ਔਰ ਅਪਨੇ ਪਿਤਰੋਂ ਕੇ ਦੇਸ਼ ਕੇ ਲੀਏ ਇਤਨੀ ਬੜੀ ਸੈਕਰੀਫਾਈਸ ਕਰ ਰਹੀ ਹੈ ਤੋ ਮੈਂ ਭੀ ਸ਼ਿਵਾ ਜੀ ਮਰਹੱਟਾ ਕੀ ਸੰਤਾਨ ਹੂੰ ਮੈ ਕਿਉਂ ਨਹੀਂ ਕਰ ਸਕਤੀ? ਬਸ ਇਸੀ ਸੋਚ ਕੋ ਲੇਕਰ ਮੈਂ ਭੀ ਐਨੀ ਕੇ ਸਾਥ ਹੋ ਲੀ," ਐਲਸ ਨੇ ਆਪਣੀ ਗਾਥਾ ਕਹਿ ਸੁਣਾਈ।

ਐਨੀ ਤੇ ਐਲਸ ਦੋਵੇਂ ਪੰਘਰੀਆਂ ਖੜ੍ਹੀਆਂ ਸਨ। ਉਨ੍ਹਾਂ ਦੇ ਸਾਹਮਣੇ ਪੰਘੂੜਿਆਂ ਵਿੱਚ ਤਿਸ਼ ਤੇ ਕਿਨ ਆਪਣੇ ਨੰਨ੍ਹੇ ਮੁੰਨ੍ਹੇ ਹੱਥ ਪੈਰ ਹਿਲਾ ਰਹੇ ਸਨ। ਬੇਸ਼ਕ ਉਨ੍ਹਾਂ ਨੇ ਇਹ ਭਰੂਣ ਆਪਣੀ ਕੁੱਖ ਵਿੱਚ ਇੱਕ ਪ੍ਰਯੋਗ ਖਾਤਰ ਪਾਲਣੇ ਸ਼ੁਰੂ ਕੀਤੇ ਸਨ ਪਰ ਸਮੇਂ ਦੇ ਨਾਲ ਇਹ ਇਨ੍ਹਾਂ ਦੇ ਜਿਸਮ ਦਾ ਹਿੱਸਾ ਬਣ ਗਏ। ਇਨ੍ਹਾਂ ਦੇ ਖੂਨ ਨਾਲ ਵਧੇ ਫੁੱਲੇ ਤੇ ਨੇਪਰੇ ਚੜ੍ਹੇ। ਇਹ ਨਹੀਂ ਹੋ ਸਕਦਾ ਕਿ ਇਨ੍ਹਾਂ ਦੇ ਹਿਰਦਿਆਂ ਨੇ ਮਾਤਰਤੱਵ ਦਾ ਉਛਾਲ਼ ਨਾ ਮਾਰਿਆ ਹੋਵੇ। ਪ੍ਰੰਤੂ ਇਸ ਵੇਲੇ ਦੋਵੇਂ ਬੜੀਆਂ ਵਿਵਹਾਰਕ ਬਣੀਆਂ ਖਲੋਤੀਆਂ ਸਨ।

ਆਖਰ ਉਹ ਇਨ੍ਹਾਂ ਸਾਰਿਆਂ ਤੋਂ ਵਿਦਾ ਲੈ ਨੰਨ੍ਹੇ ਤਿਸ਼ ਤੇ ਕਿਨ ਨੂੰ ਪਿਆਰ ਨਾਲ ਸਹਿਲਾਉਣ ਉਪਰੰਤ ਕਾਰ ਵਿੱਚ ਸਵਾਰ ਹੋ ਗਈਆਂ ਤੇ ਡਰਾਈਵਰ ਉਨ੍ਹਾਂ ਨੂੰ ਲੈ ਉਨ੍ਹਾਂ ਦੀ ਮੰਜ਼ਿਲ ਵੱਲ ਰਵਾਨਾ ਹੋ ਗਿਆ। ਉਨ੍ਹਾਂ ਦੇ ਜਾਣ ਬਾਦ ਪ੍ਰੋ: ਚੈਟਰਜੀ ਬੜੇ ਸਹਿਜ ਭਾਵ ਨਾਲ ਬੋਲੇ, "ਡਾ: ਮਾਹੀਪਾਲ ਔਰ ਡਾ: ਸਵਰੀਨਾ, ਅਬ ਇਨ ਦੋਨੋਂ ਕੇ ਪਾਲਨੇ ਪੋਸ਼ਨੇ ਕੀ ਜਿੰਮੇਦਾਰੀ ਆਪ ਦੋਨੋਂ ਕੀ ਹੈ। ਯਹ ਕਾਮ ਤੋਂ ਕਠਿਨ ਹੈ ਪ੍ਰੰਤੂ ਮੁਝੇ ਯਕੀਨ ਹੈ ਆਪ ਮੁਝੇ ਨਿਰਾਸ਼ ਨਹੀਂ ਕਰੇਂਗੇ। ਔਰ ਡਾ: ਜੌਨ੍ਹ ਆਪ ਜਬ ਤਕ ਜ਼ਰੂਰਤ ਸਮਝੇਂ ਇਨਕੇ ਸਾਥ ਰਹੇਂਗੇ।"

"ਓ. ਕੇ. ਸਰ! ਡੌਂਟ ਵਰੀ, ਆਈ ਨੋਅ ਮਾਈ ਡਿਊਟੀ,' ਡਾ : ਜੌਨ੍ਹ ਨੇ ਪ੍ਰੋ" ਚੈਟਰਜੀ ਨੂੰ ਨਿਸ਼ਚਿੰਤ ਕਰ ਦਿੱਤਾ।

"ਓ.ਕੇ. ਅਬ ਮੁੱਝੇ ਭੀ ਜਾਨਾ ਚਾਹੀਏ ਡਾ: ਮਾਹੀਪਾਲ ਐਂਡ ਸਵਰੀਨਾ!"

"ਸਰ! ਆਪ ਬੇਫ਼ਿਕਰ ਰਹੇਂ। ਵੁਈ ਵਿਲ ਟ੍ਰਾਈ ਅਵਰ ਬੈਸਟ। ਜਦੋਂ ਜਦੋਂ ਲੋੜ ਹੋਵੇਗੀ ਅਸੀਂ ਤੁਹਾਨੂੰ ਕਾਂਟੈਕਟ ਕਰਤੇ ਰਹੇਂਗੇ।" ਡਾ: ਮਾਹੀਪਾਲ ਦੇ ਹੌਂਸਲੇ ਭਰੇ ਬੋਲ ਸੁਣ ਪ੍ਰੋ: ਚੈਟਰਜੀ ਨੇ ਉਸ ਦਾ ਮੋਢਾ ਥਪਥਪਾਇਆ ਅਤੇ ਤਿੰਨ੍ਹਾਂ ਨਾਲ ਹੱਥ ਮਿਲਾ ਕੇ ਕਮਰੇ ਵਿਚੋਂ ਬਾਹਰ ਚਲੇ ਗਏ। ਉਹ ਤਿੰਨੇ ਨੰਨ੍ਹੇ ਮੁਨ੍ਹੇ ਕਲੋਨਜ਼ ਕੋਲ ਖੜੇ ਆਪਣੀ ਇਸ ਕਾਰੀਗਰੀ ਨੂੰ ਨੀਝ ਨਾਲ ਵੇਖ ਰਹੇ ਸਨ।

"ਵੱਟ ਏ ਮਿਰੇਕਲ!" ਡਾ: ਜੌਨ੍ਹ ਦੇ ਮੂੰਹੋਂ ਨਿਕਲ ਗਿਆ।

"ਡਾ: ਜੌਨ੍ਹ, ਯਕੀਨ ਹੀ ਨਹੀਂ ਆਉਂਦਾ ਕਿ ਅਸੀਂ ਇਹ ਮਨੁੱਖੀ ਕਲੋਨ ਪੈਦਾ ਕਰਨ ਵਿੱਚ ਕਾਮਯਾਬ ਹੋ ਗਏ ਹਾਂ। ਹੂ-ਬਹੂ ਆਪਣੇ ਡੋਨਰਜ਼ ਵਰਗੇ!" ਡਾ: ਮਾਹੀਪਾਲ ਦੇ ਚਿਹਰੇ ਤੋਂ ਹੈਰਾਨੀ ਟਪਕ ਰਹੀ ਸੀ। "ਡਾ: ਮਾਹੀ, ਯਕੀਨ ਕਿਉਂ ਨਹੀਂ ਆਉਂਦਾ? ਸਬੂਤ ਸਾਡੇ ਸਾਹਮਣੇ ਹੈ। ਪਰ ਅਜੇ ਸਾਰਾ ਕੰਮ ਨੇਪਰੇ ਚਾੜ੍ਹਨ ਲਈ ਬੜਾ ਲੰਮਾ ਸਮਾਂ ਲਗਣਾ।" ਡਾ: ਸਵੀ ਨੇ ਚੇਤਾ ਕਰਵਾਇਆ। "ਹਾਂ ਸਵੀ, ਮੈਨੂੰ ਪਤਾ ਅਜੇ ਤਾਂ ਪ੍ਰਾਜੈਕਟ ਦਾ ਮੁੱਢਲਾ ਕੰਮ ਹੀ ਪੂਰਾ ਹੋਇਆ ਹੈ, ਪਰ ਜਦੋਂ ਤੁਸੀਂ ਨਾਲ ਹੋ ਤਾਂ ਆਪਾਂ ਅਗਲਾ ਕੰਮ ਵੀ ਸਰ ਕਰ ਲਵਾਂਗੇ।

"ਮੈਂ ਹਮੇਸ਼ਾਂ ਤੁਹਾਡੇ ਨਾਲ ਹਾਂ ਡਾ: ਮਾਹੀ!" ਉਹ ਵੀ ਭਾਵੁਕ ਹੋਈ ਪਈ ਸੀ।

"ਹਾਂ, ਤੇ ਡਾ: ਜੌਨ੍ਹ ਹੁਣ ਅਗਾਂਹ ਤੁਹਾਡਾ ਕੀ ਪ੍ਰੋਗਰਾਮ ਹੈ?" "ਵੈੱਲ! ਡਾ: ਮਾਹੀ, ਤਿੰਨ ਮਹੀਨੇ ਤਕ ਇਨ੍ਹਾਂ ਦਾ ਬ੍ਰੇਨ ਟ੍ਰਾਂਸਫਿਊਜ਼ਨ ਦਾ ਕੰਮ ਚਲੇਗਾ, ਕਿਉਂਕਿ ਬਰੇਨ ਦਾ ਮੈਕਸੀਮਮ ਡਿਵੈਲਪਮੈਂਟ ਤਿੰਨ ਮਹੀਨੇ ਦੇ ਵਿੱਚ ਵਿੱਚ ਹੋਣਾ ਹੁੰਦਾ ਹੈ। ਆਈ ਵਿਲ ਟ੍ਰਾਈ ਟੂ ਟ੍ਰਾਂਸਫਰ ਡੋਨਰਜ਼ ਬਰੇਨ (ਗਰੇ ਮੈਟਰ ਐਂਡ ਵਾਈਟ ਮੈਟਰ) ਇੰਟੂ ਦੀਜ਼ ਕਲੋਨਜ਼।"

"ਕੀ ਮਤਲਬ?" ਡਾ: ਮਾਹੀ ਨੇ ਪੁੱਛਿਆ।

"ਮਤਲਬ ਇਹ ਹੈ ਕਿ ਜੋ ਕੁਝ ਪੁਲਾੜ ਯਾਤਰੀ ਤਰੁਣ ਘੋਸ਼ ਤੇ ਕਨਿਕਾ ਨਾਇਡੋ ਦੇ ਦਿਮਾਗ ਵਿੱਚ ਸਾਂਭਿਆ ਪਿਆ ਹੈ, ਉਹ ਸਾਰੇ ਅਨੁਭਵ ਵਿਚਾਰ ਜਾਂ ਇਮੇਜਜ਼ ਜੋ ਉਨ੍ਹਾਂ ਚੰਦਰਮਾ ਦੀ ਯਾਤਰਾ ਵੇਲੇ ਆਪਣੇ ਦਿਮਾਗ ਵਿੱਚ ਮਹਿਸੂਸ ਕੀਤੇ ਜਾਂ ਬਣਾਏ ਉਹ ਜਿਉਂ ਦੇ ਤਿਉਂ ਉਨ੍ਹਾਂ ਦੇ ਦਿਮਾਗ ਦੇ ਸੈੱਲਾਂ ਵਿੱਚ ਹਨ। ਮੈਂ ਉਨ੍ਹਾਂ ਦੇ ਦਿਮਾਗ ਦਾ ਉਹ ਹਿੱਸਾ ਇਨ੍ਹਾਂ ਕਲੋਨਾਂ ਵਿੱਚ ਸ਼ਿਫ਼ਟ ਕਰ ਦੇਵਾਂਗਾ। ਜਿਉਂ ਜਿਉਂ ਇਹ ਕਲੋਨ ਵੱਡੇ ਹੋਣਗੇ ਉਹ ਇਨ੍ਹਾਂ ਦੇ ਬਰੇਨ ਵਿੱਚ ਆਟੋਮੈਟੀਕਲੀ ਐਕਟਿਵ ਹੁੰਦੇ ਜਾਣਗੇ ਅਤੇ ਉਨ੍ਹਾਂ ਨੂੰ ਸਭ ਕੁੱਝ ਯਾਦ ਆ ਜਾਵੇਗਾ।

"ਵੈਰੀ ਇੰਟ੍ਰੈਸਟਿੰਗ! ਪਰ ਕੀ ਇਹ ਪੂਰੀ ਤਰ੍ਹਾਂ ਸੰਭਵ ਹੋ ਸਕੇਗਾ?" ਡਾ: ਸਵੀ ਨੇ ਸ਼ੰਕਾ ਜਾਹਿਰ ਕੀਤੀ।

"ਡਾ: ਸਵੀ, ਉਮੀਦ ਤਾਂ ਇਹੋ ਹੀ ਹੈ। ਬਾਕੀ ਮੈਂ ਇੰਨਾਂ ਨੂੰ ਕੁੱਝ ਨਵੀਂ ਕਿਸਮ ਦੇ ਹਾਰਮੋਨਜ਼ ਵੀ ਇਨਸਰਟ ਕਰਾਂਗਾ ਜਿਹਦੇ ਨਾਲ ਇਨ੍ਹਾਂ ਦਾ ਸਰੀਰਕ ਵਿਕਾਸ ਵੀ ਆਮ ਬੱਚਿਆਂ ਨਾਲੋਂ ਵੱਖਰੀ ਤਰ੍ਹਾਂ ਦਾ ਹੋਵੇਗਾ। ਇਹ ਕੁੱਝ ਸਾਲਾਂ ਵਿੱਚ ਹੀ ਜੁਆਨ ਹੋ ਕੇ ਤਰੁਣ ਘੋਸ਼ ਤੇ ਕਨਿਕਾ ਨਾਇਡੋ ਵਾਂਗ ਜ਼ਹੀਨ ਹੋ ਜਾਣਗੇ।" ਡਾ: ਜੌਨ੍ਹ ਨੇ ਸਾਰਾ ਕੁੱਝ ਤਫ਼ਸੀਲ ਨਾਲ ਬਿਆਨ ਕੀਤਾ।

"ਡਾ: ਜੌਨ੍ਹ, ਯੂ ਨੈਵਰ ਸ਼ੇਅਰਡ ਦਿਸ ਬੀਫੋਰ!" ਡਾ: ਮਾਹੀ ਦੇ ਹੈਰਾਨੀਜਨਕ ਬੋਲ ਸਨ।

"ਐਵਰੀ ਥਿੰਗ ਕਮਜ਼ ਵਿਦ ਟਾਈਮ। ਯੂ ਨੋਅ ਡਾ: ਮਾਹੀ, ਸਮਾਂ ਆਉਣ ਤੇ ਹਰ ਚੀਜ਼ ਬਾਰੇ ਪਤਾ ਚਲਦਾ ਜਾਂਦਾ ਹੈ ਉਸ ਤੋਂ ਪਹਿਲਾਂ ਕਹਿਣਾ ਮੁਸ਼ਕਲ ਹੁੰਦਾ ਹੈ।" ਡਾ: ਜੌਨ੍ਹ ਨੇ ਆਪਣਾ ਪੱਖ ਸਪੱਸ਼ਟ ਕੀਤਾ।

ਚੱਲਦਾ...

ਗੁਰਚਰਨ ਕੌਰ ਥਿੰਦ ਲੇਖਕ, ਸੋਸ਼ਲ ਐਕਟਵਿਸਟ ਅਤੇ ਰਿਟਾਇਰਡ ਅਧਿਆਪਕ ਹੈ। ਉਸਦੇ ਹੁਣ ਤੱਕ ਪੰਜ ਕਹਾਣੀ ਸੰਗ੍ਰਿਹ, ਚਾਰ ਨਾਵਲ (ਦੋ ਸਾਇੰਸ ਫਿਕਸ਼ਨ) ਦੋ ਲੇਖ-ਸੰਗ੍ਰਿਹ ਅਤੇ ਇੱਕ ਸਫ਼ਰਨਾਮਾ ਛੱਪ ਚੁੱਕਾ ਹੈ। ਉਹ ਪਿੰਡ ਚੁਹਾਨ, ਜ਼ਿਲਾ ਅੰਮ੍ਰਿਤਸਰ ਤੋਂ ਹਨ ਤੇ ਅੱਜ-ਕੱਲ ਕੈਲਗਰੀ, ਕੈਨੇਡਾ ਵਿੱਚ ਰਹਿੰਦੇ ਹਨ।






ਉਹ ਜੀਪ ਤੇ ਕਾਫ਼ੀ ਦੂਰ ਨਿੱਕਲ ਆਏ ਸਨ। ਰੌਬਰਟ ਸਿੰਘ ਜੀਪ ਚਲਾ ਰਿਹਾ ਸੀ। ਉਹਨਾਂ ਨੇ ਇੱਕ ਗੱਲ ਨੋਟ ਕੀਤੀ ਕਿ ਕਾਈ ਦੇ ਉੱਪਰੋਂ ਦੀ ਜੀਪ ਚਲਾਉਣਾ ਬਹੁਤ ਔਖਾ ਸੀ, ਕਾਈ ਜੀਪ ਦੇ ਪਹੀਆਂ ਵਿੱਚ ਫਸ ਕੇ ਉਹਨਾਂ ਨੂੰ ਜਾਮ ਕਰਨ ਦੇ ਸਮਰੱਥ ਸੀ, ਕਿਉਂਕਿ ਜਿਵੇਂ ਹੀ ਉਨ੍ਹਾਂ ਨੇ ਉੱਪਰੋਂ ਦੀ ਜੀਪ ਲੰਘਾਉਣ ਦੀ ਕੋਸ਼ਿਸ ਕੀਤੀ ਤਾਂ ਜੀਪ ਫਸ ਗਈ ਤੇ ਇੱਕ ਤਿੱਖੀ ਤੇ ਅਜੀਬ ਜਿਹੀ ਚੀਖ਼ ਸੁਣਾਈ ਦਿੱਤੀ - ਜਿਵੇਂ ਕਿ ਕਾਈ ਦਰਦ ਨਾਲ਼ ਕਰਾਹ ਉੱਠੀ ਹੋਵੇ। ਉਹਨਾਂ ਨੇ ਜੀਪ ਨੂੰ ਪਾਵਰ ਗੇਅਰ ਦੇ ਵਿੱਚ ਪਾ ਕੇ ਮਸੀਂ ਕੱਢਿਆ। ਫੇਰ ਉਹਨਾਂ ਨੇ ਜੀਪ ਨੂੰ ਸਿਰਫ਼ ਪਥਰੀਲੇ ਰਸਤੇ ਤੇ ਹੀ ਚਲਾਇਆ।

'ਸਾਨੂੰ, ਇਸ ਅਜਨਬੀ ਕਾਈ ਦਾ ਸਤਿਕਾਰ ਕਰਨਾ ਚਾਹੀਦਾ ਹੈ। ਤੇ ਇਸ ਉੱਤੇ ਜੀਪ ਨਹੀਂ ਚਲਾਉਣੀ ਚਾਹੀਦੀ!' ਰੌਬਰਟ ਨੇ ਕਿਹਾ।

'ਬਿਲਕੁਲ ਠੀਕ, ਇਸਦੀ ਚੀਖ਼ ਸੁਣਕੇ ਇੰਝ ਲੱਗਿਆ ਜਿਵੇਂ ਕਾਈ ਜੀਵਤ ਹੋਵੇ। ਤੇ ਇੰਨੀ ਸਾਰੀ ਕਾਈ ਨੂੰ ਜੇ ਗੁੱਸਾ ਆ ਗਿਆ ਤਾਂ ਸਾਨੂੰ ਆਪਣੀ ਲਪੇਟ ਵਿੱਚ ਨਾ ਲੈ ਲਵੇ।' ਡਾ: ਥੌਮਸ ਨੇ ਹਾਮੀ ਭਰੀ।

ਡਾ: ਚੰਦਰ ਬੜੇ ਗੌਰ ਨਾਲ਼ ਆਲੇ-ਦੁਆਲੇ ਦੇਖ ਰਿਹਾ ਸੀ।

'ਸਭ ਕੁੱਝ ਕਿੰਨਾ ਹੈਰਾਨੀ ਭਰਿਆ ਹੈ। ਕੁਦਰਤ ਕਿਸ ਤਰ੍ਹਾਂ ਦੀ ਹੈ ਤੇ ਕਿਵੇਂ ਦਾ ਅਲੌਕਿਕ ਵਰਤਾਰਾ ਸਿਰਜਦੀ ਹੈ। ਅਸੀਂ ਆਪਣੀ ਧਰਤੀ ਤੋਂ ਕਿੰਨੀ ਦੂਰ ਆ ਗਏ ਹਾਂ।'

'ਹਾਂ, ਪਹਿਲੀ ਵਾਰ ਮਾਨਵ ਜਾਤੀ ਆਪਣੀ ਧਰਤੀ ਤੋਂ ਇੰਨੀ ਦੂਰ, ਸਿਤਾਰਿਆਂ ਤੋਂ ਪਾਰ ਪਹੁੰਚੀ ਹੈ।'

'ਇਸਦੇ ਪਿੱਛੇ ਕਿੰਨੇ ਵਿਗਿਆਨਕ, ਇੰਜਨੀਅਰ, ਡਾਕਟਰ ਤੇ ਖੋਜਕਾਰਾਂ ਦੀ ਅੱਧੀ ਸਦੀ ਤੋਂ ਉੱਪਰ ਦੀ ਅਣਥੱਕ ਮਿਹਨਤ ਹੈ।'

'ਪ੍ਰਥਮ ਕਿੰਨਰ ਤੇ ਜੀ ਆਈਆਂ ਨੂੰ!' ਰੌਬਰਟ ਸਿੰਘ ਬੋਲਿਆ।

ਉਹ ਆਪਣੇ ਸਾਹਮਣੇ ਅਜਨਬੀ ਗੰਧਰਵ ਗ੍ਰਹਿ ਦਾ ਅਦਭੁਤ ਨਜ਼ਾਰਾ ਦੇਖ ਰਹੇ ਸਨ। ਕਿੰਨਾ ਅਜੀਬੋ-ਗਰੀਬ, ਤੇ ਖਾਲੀ ਗ੍ਰਹਿ ਸੀ। ਚਾਰੇ ਪਾਸੇ ਪੱਥਰ ਤੇ ਜਾਮਣੀ ਕਾਈ ਸੀ। ਹੋਰ ਕੋਈ ਬਨਸਪਤੀ ਜਾਂ ਜੀਵ-ਜੰਤੂ ਕਿਤੇ ਵੀ ਨਜ਼ਰ ਨਹੀਂ ਆ ਰਿਹਾ ਸੀ। ਇੰਨਾ ਖਾਲੀ ਗ੍ਰਹਿ, ਦੂਰ ਦੂਰ ਤੱਕ ਸੁੰਨਮਸਾਨ ਪਸਰੀ ਹੋਈ ਸੀ! ਉਹ ਸਮਝਣ ਦੀ ਕੋਸ਼ਿਸ਼ ਕਰ ਰਹੇ ਸਨ ਕਿ ਇਹ ਗ੍ਰਹਿ ਕਿਵੇਂ ਚੱਲ ਰਿਹਾ ਹੈ?

'ਇੱਕ ਨਵਾਂ ਸੰਸਾਰ! ਪਰ ਕਿੰਨਾ ਖਾਲੀ ਤੇ ਬੰਜਰ!' ਥੌਮਸ ਕਹਿ ਰਿਹਾ ਸੀ - 'ਕੀ ਇੱਥੇ ਅਸੀਂ ਬਸਤੀ ਵਸਾ ਸਕਦੇ ਹਾਂ? ਮੈਨੂੰ ਨਹੀਂ ਲਗਦਾ ਇਹ ਜਗ੍ਹਾ ਰਹਿਣ ਦੇ ਕਾਬਿਲ ਹੈ। ਅਜੇ ਤਾਂ ਅਸਾਂ ਇਸ ਵਿੱਚ ਸਾਹ ਲੈਣ ਦੀ ਵੀ ਕੋਸ਼ਿਸ਼ ਨਹੀਂ ਕੀਤੀ। ਹਾਲਾਂਕਿ ਹਵਾ ਵਿੱਚ ਆਕਸੀਜਨ ਹੈ, ਪਰ ਨਾਈਟ੍ਰੋਜਨ ਆਕਸਾਈਡ, ਹੋਰ ਗੈਸਾਂ ਤੇ ਪ੍ਰਦੂਸ਼ਣ ਬਹੁਤ ਹੈ, ਜੋ ਕਿ ਮਨੁੱਖੀ ਸਿਹਤ ਲਈ ਜ਼ਹਿਰੀਲਾ ਤੇ ਖਤਰਨਾਕ ਹੈ।'

'ਬਿਲਕੁਲ ਸਹੀ, ਇੰਝ ਲਗਦਾ ਹੈ ਕਿ ਇੱਥੇ ਕੋਈ ਵੱਡੀ ਘਟਨਾ ਵਾਪਰੀ ਹੋਵੇਗੀ ਜਿਸ ਨਾਲ਼ ਸਭ ਜੀਵ-ਜੰਤੂ ਤੇ ਬਨਸਪਤੀ ਤਬਾਹ ਹੋ ਗਈ ਹੋਵੇਗੀ। ਜਾਂ ਹੋ ਸਕਦਾ ਹੈ ਇਸ ਕਾਈ ਤੋਂ ਇਲਾਵਾ ਹੋਰ ਜੀਵ-ਜੰਤੂ ਤੇ ਬਨਸਪਤੀ ਕਦੇ ਪਣਪ ਹੀ ਨਹੀਂ ਸਕੀ। ' ਡਾ: ਚੰਦਰ ਨੇ ਆਪਣਾ ਵਿਚਾਰ ਪੇਸ਼ ਕੀਤਾ।

'ਹੁਣ ਅਸੀਂ ਕਿੱਧਰ ਚਲੀਏ?' ਰੋਬਰਟ ਨੇ ਸਾਹਮਣੇ ਸਕਰੀਨ ਤੇ ਪ੍ਰਦਰਸ਼ਿਤ ਨਕਸ਼ੇ ਵੱਲ ਵੇਖ ਕੇ ਦੱਸਿਆ।

'ਕੀ ਇਹ ਮੈਂ ਸਹੀ ਦੇਖ ਰਿਹਾ ਹਾਂ ਕਿ ਸਮੁੰਦਰ ਨੇੜੇ ਹੀ ਹੈ।' ਥੌਮਸ ਬੋਲਿਆ।

'ਹਾਂ, ਪੰਦਰਾਂ ਕੁ ਮੀਲ ਦੂਰ ਲੱਗ ਰਿਹਾ ਹੈ। ਕੀ ਉੱਧਰ ਚੱਲੀਏ।'

'ਬਿਲਕੁਲ, ਕੁੱਝ ਨਵਾਂ ਦਿਖੇਗਾ। ਪੱਥਰ ਤੇ ਕਾਈ ਦੇਖ ਕੇ ਮਨ ਅੱਕ ਗਿਆ ਹੈ। ਨਾਲ਼ੇ ਥੋੜੀ ਗਰਮੀ ਤੋਂ ਰਾਹਤ ਮਿਲੇਗੀ। ਬਹੁਤ ਗਰਮੀ ਹੈ।' ਡਾ: ਚੰਦਰ ਨੇ ਕਿਹਾ - 'ਸਪੇਸ ਸੂਟ ਵਿੱਚ ਦਮ ਘੁੱਟ ਰਿਹਾ ਹੈ।'

ਵੀਹ ਕੁ ਮਿੰਟ ਬਾਅਦ ਉਹ ਸਮੁੰਦਰ ਤੱਟ ਦੇ ਕੋਲ਼ ਪਹੁੰਚ ਗਏ। ਬਿਲਕੁਲ ਪ੍ਰਿਥਵੀ ਦੇ ਵਰਗਾ ਸਮੁੰਦਰ ਸੀ, ਪਰ ਕਾਈ ਦੇ ਪ੍ਰਭਾਵ ਕਰਕੇ ਜਾਮਣੀ ਰੰਗ ਦੀ ਭਾਹ ਮਾਰਦਾ ਸੀ। ਲਹਿਰਾਂ ਉਛਾਲੇ ਮਾਰ ਰਹੀਆਂ ਸਨ ਤੇ ਅਜੀਬ ਕਿਸਮ ਦੀ ਝੱਗ ਜਿਹੀ ਵਖੇਰ ਰਹੀਆਂ ਸਨ। ਦੁਪਹਿਰ ਢਲ ਰਹੀ ਸੀ। ਦੋਵੇਂ ਸੂਰਜ ਖੂਬਸੂਰਤ ਨਜ਼ਾਰਾ ਪੇਸ਼ ਕਰ ਰਹੇ ਸਨ। ਪ੍ਰਥਮ ਕਿੰਨਰ ਇੱਕ, ਜੋ ਕਿ ਗ੍ਰਹਿ ਦਾ ਮੁੱਖ ਸੂਰਜ ਸੀ, ਪ੍ਰਿਥਵੀ ਦੇ ਸੂਰਜ ਵਰਗਾ ਹੀ ਦਿਖ ਰਿਹਾ ਸੀ। ਪ੍ਰਥਮ ਕਿੰਨਰ ਦੋ ਥੋੜਾ ਛੋਟਾ ਤੇ ਸੰਗਤਰੀ ਰੰਗਾ ਦਿਖ ਰਿਹਾ ਸੀ। ਦੂਜੇ ਪਾਸੇ ਨਜ਼ਰ ਫੇਰਨ ਨਾਲ਼ ਛੋਟਾ ਜਿਹਾ ਲਾਲ ਰੰਗ ਦਾ ਅਗਾਮੀ ਕਿੰਨਰ (ਪ੍ਰਥਮ ਕਿੰਨਰ ਸੀ) ਦਿਖਾਈ ਦੇ ਰਿਹਾ ਸੀ।

'ਵਾਹ, ਅਸੀਂ ਕਿੰਨੇ ਖ਼ੁਸ਼ਕਿਸਮਤ ਹਾਂ ਜੋ ਅਜਿਹਾ ਅਲੌਕਿਕ ਨਜ਼ਾਰਾ ਦੇਖ ਰਹੇ ਹਾਂ!' ਡਾ: ਥੌਮਸ ਨੇ ਹੈਰਾਨੀ ਨਾਲ਼ ਆਖਿਆ।

'ਹਾਂ, ਬਹੁਤ ਖ਼ੁਸ਼ਕਿਸਮਤ ਤੇ ਪਹਿਲੇ ਮਨੁੱਖ। ਜੇ ਇਹ ਜੁੜਵੇਂ ਸਿਤਾਰੇ ਨਾ ਹੋਣ ਤਾਂ ਇਹ ਜਗ੍ਹਾ ਪ੍ਰਿਥਵੀ ਦਾ ਭੁਚੱਕਾ ਪਾਉਂਦੀ ਹੈ।'

ਉਹ ਜੀਪ ਰੇਤ ਤੇ' ਖੜੀ ਕਰਕੇ, ਸਮੁੰਦਰ-ਤੱਟ 'ਤੇ ਚੱਲਣ ਲੱਗੇ। ਉਹ ਪਾਣੀ ਤੇ ਰੇਤ ਨੂੰ ਛੂਹ ਕੇ ਦੇਖਣਾ ਚਾਹੁੰਦੇ ਸੀ, ਪਰ ਅਜਿਹਾ ਕਰਨਾ ਉਹਨਾਂ ਦੇ ਨਿਯਮਾਂ ਦੇ ਵਿਰੁੱਧ ਸੀ। ਡਾ: ਥੌਮਸ ਨੇ ਆਪਣੇ ਨਾਲ਼ ਲਿਆਂਦੀ ਪਰਖਨਲੀਆਂ ਵਿੱਚ ਪਾਣੀ ਤੇ ਰੇਤ ਦੇ ਨਮੂਨੇ ਪਾ ਲਏ।

ਆਪਣੇ ਸਪੇਸ ਸੂਟ ਕਰਕੇ ਉਹ ਚੱਲ ਰਹੀ ਕੂਲੀ ਹਵਾ ਦਾ ਕਿਆਸ ਹੀ ਕਰ ਸਕਦੇ ਸਨ, ਅਹਿਸਾਸ ਨਹੀਂ!

'ਇੱਥੇ ਤਾਂ ਹਵਾ ਪ੍ਰਦੂਸ਼ਿਤ ਨਹੀਂ ਲੱਗ ਰਹੀ!' ਰੌਬਰਟ ਨੇ ਪੁੱਛਿਆ।

'ਨਹੀਂ, ਪਰ ਕੁੱਝ ਨਹੀਂ ਕਹਿ ਸਕਦੇ। ਮੈਂ ਸਮਝ ਸਕਦਾ ਹਾਂ ਕਿ ਤੂੰ ਕੀ ਸੋਚ ਰਿਹਾ ਹੋਵੇਂਗਾ। ਅਸੀਂ ਆਪਣੇ ਸਪੇਸ ਸੂਟ ਦਾ ਹੈਲਮਟ ਨਹੀਂ ਉਤਾਰ ਸਕਦੇ।' ਡਾ: ਥੌਮਸ ਨੇ ਉੱਤਰ ਦਿੱਤਾ।

ਉਹ ਉੱਥੇ ਤੱਟ 'ਤੇ ਇੱਧਰ-ਉੱਧਰ ਫਿਰਦੇ ਰਹੇ।

'ਕੀ ਕਿਤੇ ਸਿੱਪੀਆਂ ਤੇ ਘੋਗੇ ਦਿਖ ਰਹੇ ਨੇ।' ਡਾ: ਚੰਦਰ ਨੇ ਪੁੱਛਿਆ।

'ਕਾਸ਼! ਪਰ ਕੁੱਝ ਨਹੀਂ ਦਿਖ ਰਿਹਾ, ਕਿੰਨਾ ਪਾਕ ਤੇ ਸਾਫ਼ ਹੈ ਇਹ ਤੱਟ। ਪ੍ਰਿਥਵੀ 'ਤੇ ਸਮੁੰਦਰ ਕਿੰਨੇ ਗੰਧਲੇ ਹੋ ਗਏ ਹਨ।' ਡਾ: ਥੌਮਸ ਨੇ ਕਿਹਾ।

'ਇਸਦਾ ਮਤਲਬ ਇੱਥੇ ਕੁੱਝ ਨਹੀਂ ਹੈ, ਮੱਛੀਆਂ ਵੀ ਨਹੀਂ।' ਰੌਬਰਟ ਨੇ ਕਿਹਾ।

'ਸਾਨੂੰ ਇੱਕ ਪ੍ਰੋਬ ਸਮੁੰਦਰ ਵਿੱਚ ਭੇਜਣੀ ਚਾਹੀਦੀ ਹੈ।' ਚੰਦਰ ਨੇ ਸਲਾਹ ਦਿੱਤੀ।

'ਹਾਂ, ਅਸੀਂ ਵਾਪਿਸ ਮੁੜ ਕੇ ਨੀਲ ਤੇ ਸ਼ਕੀਲ ਨੂੰ ਕੁੱਝ ਇੱਕ ਸਮੁੰਦਰੀ ਪ੍ਰੋਬ ਦੀ ਤਿਆਰੀ ਕਰਨ ਲਈ ਆਖਾਂਗੇ।' ਰੌਬਰਟ ਨੇ ਕਿਹਾ।

ਫੇਰ ਉਹ ਜੀਪ ਦੇ ਵਿੱਚ ਸਵਾਰ ਹੋ ਕੇ ਕਈ ਮੀਲ ਸਮੁੰਦਰ ਤੱਟ ਦਾ ਸਰਵੇਖਣ ਕਰਦੇ ਰਹੇ। ਉਹ ਹੈਰਾਨੀ ਭਰੇ ਅੰਦਾਜ਼ ਨਾਲ਼ ਕੁਦਰਤ ਦੇ ਅਲੌਕਿਕ ਨਜ਼ਾਰੇ ਨੂੰ ਤੱਕਦੇ ਰਹੇ।

'ਬ੍ਰਹਿਮੰਡ ਇੰਨਾ ਵਿਸ਼ਾਲ ਹੈ, ਸਿਤਾਰੇ ਤੇ ਗ੍ਰਹਿ ਕਿੰਨੇ ਮਿਲਦੇ-ਜੁਲਦੇ ਸਮਰੂਪ ਹਨ, ਪ੍ਰੰਤੂ ਕਿੰਨੇ ਅੱਲਗ ਹਨ। ਇਹ ਸਮਝ ਆਉਂਦੀ ਹੈ ਕਿ ਸਿਤਾਰੇ ਇੱਕ ਦੂਜੇ ਤੋਂ ਕਈ ਕਈ ਪ੍ਰਕਾਸ਼-ਵਰ੍ਹੇ ਦੂਰ ਕਿਓਂ ਹਨ। ਪਰ ਇਹ ਨਹੀਂ ਸਮਝ ਆਉਂਦੀ ਕਿ ਬ੍ਰਹਿਮੰਡ ਵਿੱਚ ਜੀਵਨ ਇੰਨਾ ਦੁਰਲੱਭ ਕਿਓਂ ਹੈ? ਤੇ ਪ੍ਰਿਥਵੀ ਤੇ ਇੰਨਾ ਪ੍ਰਫ਼ੁੱਲਿਤ ਕਿਓਂ ਹੈ? ਇੰਝ ਤਾਂ ਅਸੀਂ ਕਿੰਨੇ ਖ਼ੁਸ਼ਕਿਸਮਤ ਹਾਂ, ਫੇਰ ਵੀ ਆਦਮੀ ਇੱਕ ਦੂਜੇ ਨਾਲ਼ ਲੜਦੇ ਕਿਓਂ ਹਨ?'

'ਕਿਤੇ ਇਸੇ ਕਰਕੇ ਕੁਦਰਤ ਨੇ ਜੀਵਨ ਇੰਨਾ ਦੁਰਲੱਭ ਤਾਂ ਨਹੀਂ ਬਣਾਇਆ। ਜੇ ਜੀਵਨ ਹਰ ਇੱਕ ਸਿਤਾਰਾ-ਮੰਡਲ ਵਿੱਚ ਨੇੜੇ ਨੇੜੇ ਹੁੰਦਾ ਤਾਂ ਜੀਵਾਂ ਨੇ ਲੜ ਲੜ ਮਰ ਜਾਣਾ ਸੀ ਤੇ ਤਬਾਹੀ ਮਚਾ ਦੇਣੀ ਸੀ।' ਚੰਦਰ ਨੇ ਦਾਰਸ਼ਨਿਕ ਜਵਾਬ ਦਿੱਤਾ।

'ਤੁਹਾਨੂੰ ਪਤਾ ਹੈ ਕਿ ਪ੍ਰਿਥਵੀ 'ਤੇ ਸਿਰਫ਼ ਇੱਕ ਆਦਮੀ ਹੀ ਬੁੱਧੀਮਾਨ ਜੀਵ ਕਿਓਂ ਹੈ, ਦੂਜੇ ਨੰਬਰ ਦੇ ਬੁੱਧੀਮਾਨ ਜੀਵ ਵ੍ਹੇਲ ਮੱਛੀ ਤੇ ਡੌਲਫਿਨ ਬੁੱਧੀਮਤਾ ਤੱਕੜੀ 'ਤੇ ਆਦਮੀ ਦੇ ਮੁਕਾਬਲੇ ਬਹੁਤ ਘੱਟ ਭਾਰ ਰੱਖਦੇ ਹਨ।' ਡਾ: ਥੌਮਸ ਨੇ ਪੁੱਛਿਆ।

'ਹਾਂ , ਬੜੀ ਹੈਰਾਨੀਕੁੰਨ ਗੱਲ ਹੈ।' ਰੌਬਰਟ ਨੇ ਕਿਹਾ।

'ਕਿਓਂਕਿ, ਕਾਰਲ ਸੈਗਨ ਦੇ ਅਨੁਸਾਰ ਆਦਮੀ ਜਾਤੀ (Homo sapiens) ਨੇ ਆਪਣੇ ਬਰਾਬਰ ਦੇ ਹਰੇਕ ਬੁੱਧੀਮਾਨ ਜੀਵ ਜਿਵੇਂ ਕਿ ਨਿਐਂਡਰਥਲ ਮਨੁੱਖੀ ਜਾਤ ਨੂੰ ਇੱਕ ਬਕਾਇਦਾ ਵਿਵਸਥਿਤ ਢੰਗ ਨਾਲ਼ ਖਤਮ ਕਰ ਦਿੱਤਾ।' ਡਾ: ਥੌਮਸ ਨੇ ਦੱਸਿਆ।

'ਰੁਕੋ!' ਡਾ: ਚੰਦਰ ਨੇ ਇੱਕ ਦਮ ਕੁੱਝ ਦੇਖ ਕੇ ਬੋਲਿਆ - 'ਘੋਗੇ ਸਿੱਪੀਆਂ ਤਾਂ ਨਹੀਂ ਦਿਖੀਆਂ, ਪਰ ਲਗਦਾ ਹੈ ਮੈਨੂੰ ਸਲੇਟ ਜਿਹੇ ਪੱਥਰ ਦਿਖ ਰਹੇ ਹਨ।'

ਰੌਬਰਟ ਨੇ ਜੀਪ ਰੋਕ ਲਈ। ਉਹ ਸੱਚਮੁੱਚ ਹੀ ਇੱਕ ਸਲੇਟ ਸੀ, ਜਿਸਤੇ ਕੁੱਝ ਉੱਕਰਿਆ ਹੋਇਆ ਸੀ - ਜਿਵੇਂ ਕੋਈ ਅਭਿਲੇਖ ਹੋਵੇ!

'ਵਾਹ! ਸੱਚਮੁੱਚ ਅੱਜ ਸਾਡਾ ਭਾਗਾਂ ਵਾਲ਼ਾ ਦਿਨ ਹੈ। ਇੰਝ ਲੱਗ ਰਿਹਾ ਹੈ ਜਿਵੇਂ ਕੋਈ ਇਬਾਰਤ ਲਿਖੀ ਹੋਈ ਹੋਵੇ। ਕੀ ਇੱਥੇ ਬੁੱਧੀਮਾਨ ਜੀਵ ਹਨ ਜਾਂ ਕਦੇ ਸੀ।' ਡਾ: ਥੌਮਸ ਨੇ ਖ਼ਿਆਲ ਪੇਸ਼ ਕੀਤਾ।

'ਹੁਣ, ਤਾਂ ਨਹੀਂ ਲਗਦੇ ਪਰ ਭੂਤਕਾਲ ਵਿੱਚ ਹੋ ਸਕਦੇ ਹਨ।' ਡਾ: ਚੰਦਰ ਨੇ ਆਪਣਾ ਵਿਚਾਰ ਦੱਸਿਆ।

'ਹਾਂ, ਮੈਂ ਇੱਕ ਪਲ ਲਈ ਭੁੱਲ ਗਿਆ ਸੀ ਕਿ ਉੱਪਰ 'ਕਲਪਨਾ' ਯਾਨ ਨੇ ਸਾਰੇ ਗ੍ਰਹਿ ਦੀ ਜਾਂਚ-ਪੜਤਾਲ ਕਰ ਲਈ ਤੇ ਨਕਸ਼ਾ ਵੀ ਤਿਆਰ ਕਰ ਲਿਆ ਹੈ।' ਡਾ: ਥੌਮਸ ਬੋਲਿਆ।

'ਹਾਂ, ਉੱਪਰੋਂ ਟੀਮ ਦੀ ਸੂਚਨਾ ਲਗਾਤਾਰ ਆ ਰਹੀ ਹੈ।' ਰੌਬਰਟ ਨੇ ਦੱਸਿਆ।

ਉਹਨਾਂ ਨੇ ਸਲੇਟ ਜੋ ਕਿ ਚਾਰ ਕੁ ਵਰਗ ਫ਼ੁੱਟ ਦੀ ਲੱਗ ਰਹੀ ਸੀ ਨੂੰ ਜੀਪ ਦੇ ਪਿੱਛੇ ਰੱਖ ਲਿਆ। ਉਹ ਹੈਰਾਨ ਤੇ ਪ੍ਰੇਸ਼ਾਨ ਵੀ ਸਨ!

'ਸੱਚਮੁੱਚ ਹੀ ਕੋਈ ਇਬਾਰਤ ਲਿਖੀ ਹੋਈ ਹੈ। ਕੁਦਰਤੀ ਲਿਖਾਈ ਨਹੀਂ ਲੱਗ ਰਹੀ, ਲਗਦਾ ਹੈ ਜਿਵੇਂ ਕਿਸੇ ਬੁੱਧੀਮਾਨ ਸੱਭਿਅਤਾ ਦੇ ਜੀਵਾਂ ਨੇ ਲਿਖੀ ਹੈ।'

'ਕੀ ਅਸੀਂ ਮਨੁੱਖੀ ਜਾਤੀ ਨੇ ਅਜਨਬੀ ਵਸ਼ਿੰਦੇ ਜਾਂ ਉਹਨਾਂ ਦਾ ਇੱਕ ਅੰਸ਼ ਲੱਭ ਲਿਆ ਹੈ। ਮੈਨੂੰ ਯਕੀਨ ਨਹੀਂ ਹੋ ਰਿਹਾ!' ਡਾ: ਥੌਮਸ ਨੇ ਕਿਹਾ।

ਹੁਣ ਸ਼ਾਮ ਹੋ ਰਹੀ ਸੀ। ਉਹਨਾਂ ਨੇ ਜੀਪ ਵਾਪਿਸ ਸ਼ਟਲ ਵੱਲ ਨੂੰ ਮੋੜ ਲਈ।

'ਸਾਨੂੰ ਹੋਰ ਟੀਮ ਮੰਗਾ ਕੇ ਗ੍ਰਹਿ ਦਾ ਹੋਰ ਸਰਵੇਖਣ ਕਰਨਾ ਚਾਹੀਦਾ ਹੈ। ਹੋਰ ਪ੍ਰੋਬ ਤੇ ਚਿੱਤਰ ਲੈਣੇ ਚਾਹੀਦੇ ਹਨ, ਜੇ ਹੋ ਸਕੇ ਖੁਦਾਈ ਵੀ ਕਰਨੀ ਚਾਹੀਦੀ ਹੈ।' ਡਾ: ਥੌਮਸ ਜੋਸ਼ ਨਾਲ਼ ਬੋਲ ਰਿਹਾ ਸੀ। ਉਸਨੂੰ ਕਾਫ਼ੀ ਮਹਤਵਪੂਰਨ ਖੋਜ ਮਿਲ਼ ਗਈ ਸੀ। ਉਹ ਹੁਣ ਉਸ ਇਬਾਰਤ ਨੂੰ ਸਮਝਣ ਦੇ ਤਰੀਕਿਆਂ ਬਾਰੇ ਸੋਚ ਰਿਹਾ ਸੀ, ਜੋ ਕੰਮ ਕੰਪਿਊਟਰਾਂ ਨੇ ਕਰ ਲੈਣਾ ਸੀ।

ਸ਼ਾਮ ਹੋ ਰਹੀ ਸੀ, ਦੋ ਸੂਰਜ ਸੰਗਤਰੀ ਭਾਹ ਵਖੇਰਦੇ ਸਮੁੰਦਰ ਤੱਟ ਤੇ ਖਿਤਿਜ ਤੇ ਅਦੁੱਤੀ ਦ੍ਰਿਸ਼ ਪੇਸ਼ ਕਰ ਰਹੇ ਸਨ। ਉਹਨਾਂ ਨੇ ਉਸ ਮਨਮੋਹਕ ਦ੍ਰਿਸ਼ ਦੀਆਂ ਕਿੰਨੀਆਂ ਹੀ ਫ਼ੋਟੋ ਖਿੱਚੀਆਂ।

ਆਕਾਸ਼ ਵਿੱਚ ਪੂਰੇ ਚੰਦਰਮਾ ਚੜ੍ਹਨ ਦੀ ਤਿਆਰੀ ਕਰ ਰਹੇ ਸਨ। ਸਮੁੰਦਰ ਦੀਆਂ ਲਹਿਰਾਂ ਜੋਸ਼ ਨਾਲ਼ ਉਹਨਾਂ ਵੱਲ ਉਛਲਣ ਲਈ ਮਚਲ ਰਹੀਆਂ ਸਨ।

## ਜੀਵਨ ਦੇ ਚਿੰਨ੍ਹ

ਰੋਵਰ ਜੀਪ ਤੇ ਜਦੋਂ ਉਹ ਵਾਪਿਸ ਆ ਰਹੇ ਸਨ, ਤਾਂ ਉਹਨਾਂ ਨੇ ਇੱਕ ਹੋਰ ਅਜਬ ਨਜ਼ਾਰਾ ਵੇਖਿਆ। ਸੱਚਮੁੱਚ ਹੀ ਅੱਜ ਉਹਨਾਂ ਦਾ ਕਿਸਮਤ ਵਾਲ਼ਾ ਦਿਨ ਸੀ। ਉਹਨਾਂ ਨੇ ਸਭ ਤੋਂ ਪਹਿਲਾਂ ਅਜਨਬੀ ਗ੍ਰਹਿ ਤੇ ਜੀਵਨ ਦੀ ਲੋਅ ਵੇਖੀ। ਉਹਨਾਂ ਦੀਆਂ ਅੱਖਾਂ ਨੂੰ ਯਕੀਨ ਨਹੀਂ ਹੋ ਰਿਹਾ ਸੀ। ਉਹਨਾਂ ਨੇ ਜਗ੍ਹਾ-ਜਗ੍ਹਾ ਪੱਥਰਾਂ 'ਤੇ ਕਾਈ 'ਤੇ ਜੁਗਨੂੰ ਵਰਗੇ ਚਮਕਦੇ ਪਤੰਗੇ ਦੇਖੇ।

'ਇੰਝ ਲੱਗ ਰਿਹਾ ਹੈ, ਕੋਈ ਜੁਗਨੂੰ ਵਰਗੇ ਪਤੰਗੇ ਹਨ।' ਡਾ: ਥੌਮਸ ਨੇ ਕਿਹਾ।

'ਹਾਂ, ਅੱਜ ਦਾ ਦਿਨ ਤਾਂ ਸੱਚਮੁੱਚ ਹੈਰਾਨ ਕਰ ਦੇਣ ਵਾਲ਼ਾ ਹੈ। ਕਾਈ ਦੇ ਸਹਿਜੀਵਨ ਸਾਥੀ ਜੁਗਨੂੰ।' ਡਾ: ਚੰਦਰ ਬੋਲਿਆ।

'ਮੈਨੂੰ ਯਕੀਨ ਨਹੀਂ ਹੋ ਰਿਹਾ! ਫੇਰ ਤਾਂ ਇੱਥੇ ਹੋਰ ਵੀ ਕੀੜੇ-ਮਕੌੜੇ ਜਾਂ ਜਾਨਵਰ ਹੋਣ ਦੇ ਅਸਾਰ ਹੋ ਸਕਦੇ ਹਨ।' ਰੌਬਰਟ ਨੇ ਕਿਆਸ ਕੀਤਾ।

'ਹੋ ਵੀ ਸਕਦਾ ਹੈ ਤੇ ਨਹੀਂ ਵੀ। ਪਰ ਮੈਨੂੰ ਡਰ ਹੈ ਕਿਤੇ ਅਦਿੱਖ ਬੈਕਟੀਰੀਆ ਜਾਂ ਵਾਇਰਸ ਨਾ ਹੋਵੇ। ਦਿਖਣ ਵਾਲ਼ੀ ਚੀਜ਼ ਨਾਲ਼ੋਂ ਨਾ-ਦਿਖਣ ਵਾਲ਼ੀ ਚੀਜ਼ ਜ਼ਿਆਦਾ ਖਤਰਨਾਕ ਹੁੰਦੀ ਹੈ।' ਡਾ: ਚੰਦਰ ਨੇ ਕਿਹਾ।

ਅੱਧੇ ਘੰਟੇ ਬਾਅਦ ਉਹ ਦੁਬਾਰਾ ਸ਼ਟਲ ਦੇ ਕੋਲ਼ ਆ ਗਏ। ਯੂਰੀ ਤੇ ਨੀਲ ਨੇ ਅਜੇ ਵੀ ਸ਼ਟਲ ਨੂੰ ਠੀਕ ਕਰਨ ਵਿੱਚ ਲੱਗੇ ਹੋਏ ਹਨ।

'ਕੀ ਅਜੇ ਸ਼ਟਲ ਠੀਕ ਨਹੀਂ ਹੋਈ?' ਰੌਬਰਟ ਨੇ ਪੁੱਛਿਆ।

'ਲੱਗਭੱਗ ਹੋ ਗਈ ਹੈ, ਪਰ ਇੱਕ ਪੁਰਜ਼ਾ ਜੋ ਸੜ ਗਿਆ ਹੈ, ਉੱਪਰੋਂ ਯਾਨ ਤੋਂ ਮੰਗਵਾਉਣਾ ਪੈਣਾ ਹੈ।' ਯੂਰੀ ਨੇ ਦੱਸਿਆ।

'ਕੀ ਤੁਸੀਂ ਉੱਪਰ ਕੰਟਰੋਲ ਰੂਮ ਨੂੰ ਪੁਰਜ਼ਾ ਭੇਜਣ ਦੀ ਬੇਨਤੀ ਕਰ ਦਿੱਤੀ ਹੈ?'

'ਹਾਂ ਕਰ ਦਿੱਤੀ ਹੈ ਤੇ ਉਹ ਕੱਲ੍ਹ ਦਿਨ ਨੂੰ ਰੋਬੋਟ ਪ੍ਰੋਬ ਦੇ ਨਾਲ਼ ਭੇਜ ਦੇਣਗੇ।'

'ਹਾਂ, ਸਾਨੂੰ ਇੱਕ ਹੋਰ ਰੋਬੋਟ ਪ੍ਰੋਬ ਸਮੁੰਦਰ ਦੇ ਵਿੱਚ ਭੇਜਣ ਲਈ ਵੀ ਚਾਹੀਦੀ ਹੈ। ਨੀਲ ਕੀ ਤੂੰ ਉਹ ਬੇਨਤੀ ਵੀ ਭੇਜ ਸਕਦਾ ਏਂ?'

'ਜ਼ਰੂਰ।' ਨੀਲ ਬੋਲਿਆ।

ਫੇਰ ਉਹਨਾਂ ਨੇ ਉਪਰ ਯਾਨ ਦੇ ਕੰਟਰੋਲ ਰੂਮ ਨਾਲ਼ ਸੰਪਰਕ ਕੀਤਾ ਤੇ ਆਪਣੀਆਂ ਦਿਨ ਭਰ ਦੀਆਂ ਗਤੀ ਵਿਧੀਆਂ ਦੱਸੀਆਂ। ਉਹਨਾਂ ਨੇ ਦੱਸਿਆ ਕਿ ਕਿਵੇਂ ਉਹਨਾਂ ਨੂੰ ਅਭਿਲੇਖ ਵਾਲ਼ੀ ਸਲੇਟ ਤੇ ਜੁਗਨੂੰ ਦਿਖੇ। ਤੇ ਉਹ ਪਹਿਲੇ ਮਨੁੱਖ ਹਨ ਜਿਨ੍ਹਾਂ ਨੇ ਅਜਨਬੀ ਜੀਵਨ ਲੱਭਿਆ ਹੈ।

'ਸਿਰਫ਼ ਤੁਸੀਂ ਹੀ ਨਹੀਂ, ਸਾਨੂੰ ਵੀ ਅਗਾਮੀ ਕਿੰਨਰ ਬੀ ਤੇ ਜੀਵਨ ਦੇ ਚਿੰਨ੍ਹ ਪ੍ਰਾਪਤ ਹੋਏ ਹਨ।' ਰੀਨਾ ਨੇ ਉਹਨਾਂ ਨੂੰ ਦੱਸਿਆ, 'ਜੁਗਨੂੰਆਂ ਤੋਂ ਵੀ ਗੁੰਝਲਦਾਰ ਜੀਵਨ - ਇੱਕ ਤਰ੍ਹਾਂ ਦੇ ਜੀਵ ਜੋ ਗ੍ਰਹਿ ਦੇ ਵਿਚਕਾਰਲੇ ਹਿੱਸੇ ਵਿੱਚ ਵੱਸਦੇ ਹਨ, ਜਿੱਥੇ ਨਾ ਬਹੁਤੀ ਗਰਮੀ ਹੈ ਤੇ ਨਾ ਹੀ ਬਹੁਤੀ ਸਰਦੀ। ਰੋਬੋਟ ਪ੍ਰੋਬ ਨੇ ਅਜੀਬ ਕਿਸਮ ਦੇ ਜੀਵਾਂ ਦੇ ਵੀਡੀਓ ਭੇਜੇ ਹਨ। ਤੁਸੀਂ ਆ ਕੇ ਉਹਨਾਂ ਨੂੰ ਦੇਖਣਾ।'

'ਠੀਕ ਹੈ ਕੱਲ੍ਹ ਜੇ ਸ਼ਟਲ ਠੀਕ ਹੋ ਗਈ ਤਾਂ ਅਸੀਂ ਵਾਪਿਸ ਆ ਜਾਵਾਂਗੇ। ਪਰ ਸਾਡਾ ਅਗਲਾ ਪਲਾਨ ਡਾ: ਥੌਮਸ ਦੀ ਮਦਦ ਲਈ ਭੂਗੋਲ ਸ਼ਾਸ਼ਤਰੀ, ਇੰਜਨੀਅਰ ਤੇ ਰੋਬੋਟ ਲੈ ਕੇ ਆਉਣ ਦਾ ਹੈ ਤਾਂ ਜੋ ਉਹ ਗੰਧਰਵ ਗ੍ਰਹਿ ਦੀ ਹੋਰ ਛਾਣਬੀਣ ਕਰਨ ਤੇ ਜੇ ਲੋੜ ਪਈ ਤਾਂ ਖੁਦਾਈ ਵੀ ਕਰਨ।'

'ਠੀਕ ਹੈ।' ਰੀਨਾ ਨੇ ਹਾਮੀ ਭਰੀ।

ਜਦੋਂ ਉਹ ਸੌਣ ਦੀ ਤਿਆਰੀ ਕਰ ਰਹੇ ਸਨ ਤਾਂ ਬਾਹਰ ਉਹਨਾਂ ਨੂੰ ਅਜੀਬੋ-ਗਰੀਬ ਅਵਾਜ਼ਾਂ ਸੁਣਾਈ ਦੇ ਰਹੀਆਂ ਸਨ। ਜਿਵੇਂ ਕਾਈ ਤੇ ਜੁਗਨੂੰ ਮਿਲ਼ ਕੇ ਕੋਈ ਗੀਤ ਗਾ ਰਹੇ ਸਨ।

'ਵਾਹ, ਜ਼ਿੰਦਗੀ! ਕਿੱਥੇ ਕਿੱਥੇ ਤੇ ਕਿਸ ਤਰ੍ਹਾਂ ਪੈਦਾ ਹੁੰਦੀ ਹੈ ਤੇ ਵਿਚਰਦੀ ਹੈ।' ਡਾ: ਚੰਦਰ ਨੇ ਆਖਿਆ।

'ਸੱਚਮੁੱਚ ਹੀ। ਕਿਸ ਤਰ੍ਹਾਂ ਦੇ ਹਾਲਾਤਾਂ ਵਿੱਚ ਪੈਦਾ ਹੁੰਦੀ ਹੈ। ਅਗਾਮੀ ਕਿੰਨਰ ਜਿਸਦਾ ਇੱਕ ਪਾਸਾ ਹਮੇਸ਼ਾਂ ਅਪਣੇ ਸਿਤਾਰੇ ਵੱਲ ਰਹਿੰਦਾ ਹੈ ਤੇ ਬਹੁਤ ਗਰਮ ਹੈ। ਦੂਜਾ ਪਾਸਾ ਬਹੁਤ ਹਨੇਰਾ ਤੇ ਠੰਡਾ ਹੈ। ਸਿਰਫ਼ ਵਿਚਕਾਰਲੀ ਜਗ੍ਹਾ ਜੋ ਕਿ ਜੀਵਨ ਲਈ ਅਨੁਕੂਲ ਹੋ ਸਕਦੀ ਹੈ, ਤੇ ਉੱਥੇ ਸੱਚਮੁੱਚ ਜੀਵਨ ਪਣਪ ਰਿਹਾ ਹੈ।' ਡਾ: ਥੌਮਸ ਨੇ ਕਿਹਾ।

'ਪੂਰੇ ਬ੍ਰਹਿਮੰਡ ਵਿੱਚ ਜੀਵਨ ਬਹੁਤ ਜਗ੍ਹਾ ਹੋ ਸਕਦਾ ਹੈ। ਸਿਰਫ਼ ਸਾਡੀ ਉੱਥੇ ਤੱਕ ਪਹੁੰਚ ਨਹੀਂ ਹੈ। ਕਈ ਜਗ੍ਹਾ ਜੀਵਨ ਪਣਪ ਕੇ ਖਤਮ ਵੀ ਹੋ ਚੁੱਕਾ ਹੋਣਾ ਤੇ ਕਿਤੇ ਸਾਡੇ ਤੋਂ ਬਾਅਦ ਵਿੱਚ

ਪਣਪੇਗਾ। ਡਰੇਕ ਸਮੀਕਰਨ ਦੇ ਇੱਕ ਅਨੁਮਾਨ ਅਨੁਸਾਰ ਸਿਰਫ਼ ਸਾਡੀ ਆਕਾਸ਼ਗੰਗਾ ਵਿੱਚ ਹੀ ਘੱਟੋ-ਘੱਟ ਹਜ਼ਾਰ ਤੋਂ ਲੈ ਕੇ ਦਸ ਕਰੋੜ ਤੱਕ ਗ੍ਰਹਿਆਂ ਤੇ ਜੀਵਨ ਹੋ ਸਕਦਾ ਹੈ। ਵਿਗਿਆਨਕਾਂ ਦੇ ਅਨੁਸਾਰ ਉਹਨਾਂ ਵਿੱਚੋਂ ਚਾਰ ਤੋਂ ਲੈ ਕੇ ਦੋ ਸੌ ਗਿਆਰਾਂ ਤੱਕ ਬੁੱਧੀਮਾਨ ਸਭਿਅਤਾਵਾਂ ਹੋ ਸਕਦੀਆਂ ਹਨ, ਜੋ ਇੱਕ ਦੂਸਰੇ ਨਾਲ਼ ਸੰਪਰਕ ਕਰਨ ਦੇ ਸਮਰੱਥ ਹਨ। ਬ੍ਰਹਿਮੰਡ ਤਾਂ ਫੇਰ ਵੀ ਬਹੁਤ ਅਸੀਮ ਹੈ। ਇੱਕ ਬ੍ਰਹਿਮੰਡ ਕੀ, ਅਨੰਤ ਬ੍ਰਹਿਮੰਡ ਹਨ ਤੇ ਜੀਵਨ ਦੇ ਅਨੁਕੂਲ ਵੀ ਅਨੰਤ ਗ੍ਰਹਿ ਹਨ!'

***

ਅਗਲੇ ਦਿਨ 'ਕਲਪਨਾ' ਯਾਨ ਤੋਂ ਰੋਬੋਟ ਪ੍ਰੋਬ ਪਹੁੰਚ ਗਈ, ਜਿਸ ਵਿੱਚ ਸ਼ਟਲ ਦਾ ਖਰਾਬ ਪੁਰਜ਼ਾ ਸੀ। ਯੂਰੀ ਤੇ ਨੀਲ ਤੁਰੰਤ ਉਸਨੂੰ ਸ਼ਟਲ ਵਿੱਚ ਫਿੱਟ ਕਰਨ ਲੱਗੇ। ਰੌਬਰਟ, ਡਾ: ਚੰਦਰ ਤੇ ਥੌਮਸ ਰੋਬੋਟ ਪ੍ਰੋਬ ਨੂੰ ਲੈ ਕੇ ਸਮੁੰਦਰ ਦੇ ਵਿੱਚ ਉਤਾਰਨ ਚਲੇ ਗਏ।

ਜਦ ਤੱਕ ਸ਼ਟਲ ਠੀਕ ਹੋਈ ਤਾਂ ਰੌਬਰਟ, ਡਾ: ਚੰਦਰ ਤੇ ਥੌਮਸ ਰੋਬੋਟ ਪ੍ਰੋਬ ਸਮੁੰਦਰ 'ਚ ਉਤਾਰ ਕੇ ਵਾਪਿਸ ਆ ਗਏ। ਹੁਣ ਉਹ ਯਾਨ ਨੂੰ ਵਾਪਿਸ ਜਾਣ ਲਈ ਤਿਆਰ ਸਨ। ਸ਼ਾਮ ਤੱਕ ਉਹਨਾਂ ਨੇ ਸ਼ਟਲ ਨੂੰ ਸਹੀ ਸਮਾਂ ਦੇਖ ਕੇ ਆਕਾਸ਼ ਵੱਲ ਲਾਂਚ ਕਰ ਦਿੱਤਾ। ਤਕਰੀਬਨ ਸੱਤ ਘੰਟਿਆਂ ਵਿੱਚ ਸ਼ਟਲ ਨੇ 'ਕਲਪਨਾ' ਯਾਨ ਨਾਲ਼ ਮਿਲਾਪ (Rendezvous) ਕਰ ਲਿਆ। ਸਭ ਤੋਂ ਪਹਿਲਾਂ ਉਹ ਕੁਆਰਨਟੀਨ ਚੈਂਬਰ ਵਿੱਚ ਪਹੁੰਚੇ ਤੇ ਆਪਣੇ ਆਪ ਨੂੰ ਰੋਗਾਣੂ-ਮੁਕਤ ਕੀਤਾ ਤੇ ਕੁੱਝ ਘੰਟੇ ਉੱਥੇ ਬਿਤਾਏ।

ਅਗਲੇ ਕੁੱਝ ਦਿਨ ਉਹਨਾਂ ਨੇ ਗੰਧਰਵ ਗ੍ਰਹਿ ਤੇ ਕੈਂਪ ਲਗਾਉਣ ਦੀਆਂ ਤਿਆਰੀਆਂ ਸ਼ੁਰੂ ਕਰ ਦਿੱਤੀਆਂ।

ਡਾ: ਚੰਦਰ ਤੇ ਥੌਮਸ ਅਭਿਲੇਖ ਸਲੇਟ ਨੂੰ ਪੜ੍ਹਨ ਤੇ ਸਮਝਣ ਲਈ ਟੀਮ ਤਿਆਰ ਕਰਨ ਵਿੱਚ ਜੁਟ ਗਏ। ਉਹਨਾਂ ਨੂੰ ਉਮੀਦ ਸੀ ਕਿ ਸ਼ਕਤੀਸ਼ਾਲੀ ਕੰਪਿਊਟਰਾਂ ਦੀ ਸਹਾਇਤਾ ਨਾਲ਼ ਸਲੇਟ ਤੇ ਉੱਕਰੀ ਇਬਾਰਤ ਜਲਦੀ ਹੀ ਸਮਝੀ ਜਾ ਸਕਦੀ ਹੈ।

ਉਹਨਾਂ ਨੇ ਅਗਾਮੀ ਕਿੰਨਰ ਬੀ ਤੇ ਲੱਭੇ ਜੀਵਨ ਦੇ ਵੀਡੀਓ ਵੀ ਦੇਖੇ, ਜੋ ਹੈਰਾਨ ਕਰ ਦੇਣ ਵਾਲ਼ੇ ਸਨ। ਉਥੋਂ ਦੇ ਸਭ ਤੋਂ ਹਾਵੀ ਜੀਵ ਕਾਕਰੋਚ ਤੇ ਬਿੱਛੂਆਂ ਵਰਗੇ ਵੱਡੇ ਵੱਡੇ ਜੀਵ ਸਨ, ਰੇਗਿਸਤਾਨ ਵਰਗੇ ਇਲਾਕੇ ਵਿੱਚ ਕਿਤੇ ਕਿਤੇ ਪਾਣੀ ਤੇ ਬਨਸਪਤੀ ਵੀ ਸੀ। ਜਿਨ੍ਹਾਂ ਦੇ ਖੋਲ ਰੇਡੀਓ ਐਕਟਿਵ ਤਰੰਗਾਂ ਤੋਂ ਬਚਾਅ ਕਰਨ ਵਾਲ਼ੇ ਲਗਦੇ ਸਨ। ਵਿਕਰਿਨਾਂ ਦੇ ਮਾਹੌਲ ਵਿੱਚ ਵੀ ਜੀਵਨ ਆਪਣੇ ਆਪ ਨੂੰ ਕਿਸ ਤਰ੍ਹਾਂ ਢਾਲ਼ ਲੈਂਦਾ ਹੈ, ਇਹ ਦੇਖ ਉਹਨਾਂ ਦਾ ਯਕੀਨ ਪੱਕਾ ਹੋ ਗਿਆ ਬ੍ਰਹਿਮੰਡ ਵਿੱਚ ਬਹੁਤ ਸਿਤਾਰਿਆਂ 'ਤੇ ਜੀਵਨ ਦੀ ਹੋਂਦ ਹੋਏਗੀ, ਤੇ ਹੋ ਸਕਦਾ ਹੈ ਉੱਥੇ ਬੁੱਧੀਮਾਨ ਜੀਵ ਵੀ ਹੋਣ। ਖ਼ਾਸ ਕਰਕੇ ਜਿੱਥੇ ਪਾਣੀ ਹੋਏਗਾ, ਉੱਥੇ ਜੀਵਨ ਵੀ ਹੋਏਗਾ! ਕਿਉਂਕਿ ਪਾਣੀ ਕੁਦਰਤੀ ਤੌਰ ਤੇ ਪੌਸ਼ਟਿਕ ਤੱਤਾਂ ਤੇ ਰਸਾਇਣਾਂ ਨੂੰ ਘੋਲਣ ਵਾਲ਼ਾ ਹੁੰਦਾ ਹੈ। ਪ੍ਰਿਥਵੀ 'ਤੇ ਵੀ ਸਭ ਤੋਂ ਪਹਿਲਾਂ ਪਾਣੀ ਵਿੱਚ ਹੀ ਜੀਵਨ ਦੀ ਉੱਤਪਤੀ ਹੋਈ ਸੀ। ਪਾਣੀ ਤੇ ਜੀਵਨ ਦੇ ਵਿਚਕਾਰਲੀ ਕੜੀ ਬਹੁਤ ਮਜ਼ਬੂਤ ਹੈ, ਪਾਣੀ ਤੋਂ ਵਗੈਰ ਕਿਤੇ ਵੀ ਜੀਵਨ ਦਾ ਕਿਆਸ ਕਰਨਾ ਸੰਭਵ ਨਹੀਂ ਹੈ। ਅਗਾਮੀ ਕਿੰਨਰ ਤੇ ਜੀਵਨ ਗੁੰਝਲਦਾਰ ਸੀ ਪਰ ਬੁੱਧੀਮਾਨ ਨਹੀਂ ਸੀ। ਕਿਉਂਕਿ ਅਗਾਮੀ ਕਿੰਨਰ ਤੇ ਤਾਪਮਾਨ ਤੇ ਵਿਕਿਰਨਾਂ ਦੇ ਪ੍ਰਭਾਵ ਸਦਕਾ ਮਨੁੱਖ ਦਾ ਜਾਣਾ ਸੰਭਵ ਨਹੀਂ ਸੀ, ਇਸ ਕਰਕੇ ਉਹਨਾਂ ਨੇ ਹੋਰ ਰੋਬੋਟ ਪ੍ਰੋਬ ਭੇਜਣ ਦੀ ਯੋਜਨਾ ਬਣਾਈ। ਉਹਨਾਂ ਦਾ ਇੱਕ ਟੀਚਾ ਉੱਥੇ ਬਨਾਵਟੀ ਉਪਗ੍ਰਹਿ ਸਟੇਸ਼ਨ ਸਥਾਪਤ ਕਰਨਾ ਸੀ, ਪਰ ਉਹ ਪਹਿਲਾਂ ਗੰਧਰਵ ਗ੍ਰਹਿ ਦੇ ਦੁਆਲੇ ਉਪਗ੍ਰਹਿ ਸਟੇਸ਼ਨ ਸਥਾਪਿਤ ਕਰਨਾ ਚਾਹੁੰਦੇ ਸੀ।

ਅਖਿਰ ਉਹ ਦਿਨ ਵੀ ਆ ਗਿਆ, ਜਦੋਂ ਉਹ ਗੰਧਰਵ ਗ੍ਰਹਿ ਤੇ ਕੈਂਪ ਲਗਾਉਣ ਪਹੁੰਚੇ। ਉਹਨਾਂ ਦੀ ਯੋਜਨਾ ਇੱਕ ਸਮੇਂ ਸਿਰਫ਼ ਦਸ ਮੈਂਬਰਾਂ ਦੀ ਟੀਮ ਭੇਜਣ ਦਾ ਸੀ, ਤੇ ਬਾਕੀ ਦੇ ਮੈਂਬਰ 'ਕਲਪਨਾ' ਵਿੱਚ ਰਹਿ ਕੇ ਹੀ ਉਹਨਾਂ ਨੂੰ ਸਹਾਇਤਾ ਕਰਨ ਦਾ ਸੀ। ਇਸ ਤਰ੍ਹਾਂ ਉਹ ਟੀਮ ਮੈਂਬਰਾਂ ਨੂੰ ਕਿਸੇ ਸੰਭਾਵੀ ਬਿਮਾਰੀ ਤੋਂ ਵੀ ਸੁਰੱਖਿਅਤ ਰੱਖ ਸਕਦੇ ਸਨ।

## ਮਿਸ਼ਨ

ਸੂਰਜ-ਮੰਡਲ ਦਾ ਸਭ ਤੋਂ ਨੇੜਲਾ ਸਿਤਾਰਾ-ਮੰਡਲ ਹੋਣ ਕਰਕੇ, ਪ੍ਰਥਮ ਕਿੰਨਰ ਬਾਰੇ ਜਾਣਕਾਰੀ ਤੇ ਖੋਜ ਕਰਨਾ ਬਹੁਤ ਜ਼ਰੂਰੀ ਸੀ, ਤੇ ਇਸਦਾ ਅਨੁਮਾਨ ਲਗਾਉਣਾ ਮੁਸ਼ਕਿਲ ਸੀ ਕਿ ਉਹ ਕਿੰਨੀ ਕੁ ਜਾਣਕਾਰੀ ਇਕੱਠੀ ਕਰ ਸਕਦੇ ਸਨ। ਜੇ ਕਦੇ ਮਨੁੱਖਾਂ ਨੂੰ ਪ੍ਰਿਥਵੀ ਛੱਡ ਕੇ ਕਿਤੇ ਹੋਰ ਜਾਣਾ ਪਵੇ, ਜੋ ਕਿ ਪ੍ਰਿਥਵੀ ਦੇ ਹਾਲਾਤਾਂ ਤੇ ਪ੍ਰਦੂਸ਼ਣ ਕਰਕੇ ਸੰਭਵ ਸੀ, ਜਾਂ ਫੇਰ ਜਦੋਂ ਸੂਰਜ ਭਵਿੱਖ ਵਿੱਚ ਸੁਪਰ-ਨੋਵਾ ਬਣ ਜਾਵੇਗਾ, ਤਾਂ ਉਹ ਜਾਣਕਾਰੀ ਬਹੁਤ ਵਡਮੁੱਲੀ ਸਾਬਿਤ ਹੋਵੇਗੀ। ਵੈਸੇ ਵੀ ਪ੍ਰਿਥਵੀ ਤੇ ਮਨੁੱਖ ਇੱਕ ਮਹਾਂਦੀਪ ਤੋਂ ਦੂਜੇ ਮਹਾਂਦੀਪ ਤੱਕ ਪਰਵਾਸ ਕਰਦੇ ਰਹੇ ਹਨ, ਤੇ ਜੇ ਉਹ ਪਰਵਾਸ ਨਾ ਕਰਦੇ ਤਾਂ ਮਨੁੱਖ ਦਾ ਵਿਗਿਆਨ ਇੰਨੀ ਤਰੱਕੀ ਨਾ ਕਰਦਾ ਕਿ ਉਹ ਪ੍ਰਥਮ ਕਿੰਨਰ ਤੱਕ ਪਹੁੰਚਣ ਦਾ ਸੁਪਨਾ ਵੀ ਵੇਖ ਸਕਦੇ!

ਉਹਨਾਂ ਦੇ ਮਿਸ਼ਨ ਦੇ ਹੇਠ ਲਿਖੇ ਮੰਤਵ ਸਨ -

1. ਗੰਧਰਵ ਗ੍ਰਹਿ ਦੇ ਜਲਵਾਯੂ ਦਾ ਜਾਇਜ਼ਾ ਲੈਣਾ

2. ਗੰਧਰਵ ਗ੍ਰਹਿ ਦੇ ਭੂਗੋਲ ਦਾ ਅਧਿਐਨ ਕਰਨਾ ਤੇ ਵਿਸ਼ਲੇਸ਼ਣ ਕਰਨਾ ਕਿ ਕੀ ਉਸਨੂੰ ਪ੍ਰਿਥਵੀ ਵਰਗੇ ਜੀਵਨ ਦੇ ਰਹਿਣ ਦੇ ਯੋਗ ਬਣਾਇਆ (Terraforming) ਜਾ ਸਕਦਾ ਹੈ ਕਿ ਨਹੀਂ?

3. ਇਹ ਦੇਖਣਾ ਕਿ ਉੱਥੇ ਪਹਿਲਾਂ ਕਿਸ ਤਰ੍ਹਾਂ ਦਾ ਜੀਵਨ ਸੀ?

4. ਦੁਰਲੱਭ ਖਣਿਜ ਪਦਾਰਥ ਤੇ ਹੋਰ ਨਮੂਨੇ ਇਕੱਠੇ ਕਰਨੇ !

5. ਗੰਧਰਵ ਗ੍ਰਹਿ ਦੇ ਗਿਰਦ ਬਨਾਵਟੀ ਉਪਗ੍ਰਹਿ ਸਥਾਪਿਤ ਕਰਨਾ

ਉਹਨਾਂ ਨੂੰ ਲੱਭੀ ਹੋਈ ਅਭਿਲੇਖ ਸਲੇਟ ਇਹ ਦੱਸ ਰਹੀ ਲਗਦੀ ਸੀ ਕਿ ਉੱਥੇ ਕਦੇ ਬੁੱਧੀਮਾਨ ਜੀਵਨ ਸੀ ਜੋ ਕਿ ਲਿਖਣ ਦੇ ਕਾਬਿਲ ਸੀ, ਪਰ ਉਹ ਜੀਵਨ ਹੁਣ ਉੱਥੇ ਨਹੀਂ ਸੀ ਦਿਖ ਰਿਹਾ! ਇਸਦਾ ਪਤਾ ਗ੍ਰਹਿ ਦੇ ਭੂਗੋਲ ਨੂੰ ਸਮਝ ਕੇ ਹੀ ਲੱਗ ਸਕਦਾ ਸੀ। ਹੋ ਸਕਦਾ ਹੈ ਉੱਥੇ ਕਦੇ ਬੁੱਧੀਮਾਨ ਜੀਵਨ ਸੀ ਹੀ ਨਹੀਂ, ਸਿਰਫ਼ ਕਾਈ ਤੇ ਜੁਗਨੂੰ ਹੀ ਸਨ।

ਸਭ ਤੋਂ ਪਹਿਲਾ ਕੰਮ ਉਹਨਾਂ ਨੇ ਉੱਥੇ ਮੌਸਮ ਦਾ ਜਾਇਜ਼ਾ ਤੇ ਪੂਰਵ ਅਨੁਮਾਨ ਲਗਾਉਣ ਲਈ ਇੱਕ ਛੋਟਾ ਜਿਹਾ ਸਟੇਸ਼ਨ ਸਥਾਪਿਤ ਕੀਤਾ, ਜੋ ਕਿ 'ਕਲਪਨਾ' ਦੇ ਨਾਲ਼ ਮਿਲ਼ ਕੇ ਰੋਜ਼ਾਨਾ ਮੌਸਮ ਬਾਰੇ ਜਾਣਕਾਰੀ ਲੈਣ ਲਈ ਸੀ। ਗੰਧਰਵ ਗ੍ਰਹਿ ਤੇ ਉਹਨਾਂ ਨੇ ਦੇਖ ਲਿਆ ਸੀ ਕਿ ਮੌਸਮ ਬਹੁਤ ਅਸਥਿਰ ਸੀ, ਕਦੇ ਵੀ ਤੂਫ਼ਾਨ, ਮੀਂਹ ਤੇ ਸੂਰਜੀ ਚਮਕਾਂ ਆ ਸਕਦੀਆਂ ਸਨ।

ਤੂਫ਼ਾਨਾਂ ਤੇ ਸੂਰਜੀ ਚਮਕਾਂ ਤੋਂ ਬਚਣ ਲਈ ਉਹਨਾਂ ਨੇ ਅਜਿਹੀ ਜਗ੍ਹਾ ਚੁਣੀ ਜਿੱਥੇ ਕਿ ਇੱਕ ਵੱਡੀ ਸਾਰੀ ਗੁਫ਼ਾ ਸੀ, ਜਿਸਨੂੰ ਆਲੇ-ਦੁਆਲੇ ਤੋਂ ਕਾਈ ਨੇ ਢਕਿਆ ਹੋਇਆ ਸੀ, ਜੋ ਕਿ ਸੂਰਜੀ ਵਿਕਿਰਨਾਂ ਤੋਂ ਬਚਾਅ ਕਰ ਸਕਦੀ ਸੀ। ਉੱਥੇ ਉਹਨਾਂ ਨੇ ਆਪਣਾ ਅਧਾਰ ਕੈਂਪ ਲਗਾ ਲਿਆ ਜਿਸ ਵਿੱਚ ਦਸ ਟੀਮ ਮੈਂਬਰਾਂ ਲਈ ਦਸ ਕੁਆਰਟਰ ਸਨ, ਤੇ ਇੱਕ ਪ੍ਰਯੋਗਸ਼ਾਲਾ ਸੀ।

'ਕਲਪਨਾ' ਦੀ ਕਮਾਂਡ ਰੀਨਾ ਨੂੰ ਦੇ ਕੇ ਕੈਪਟਨ ਰੌਬਰਟ ਸਿੰਘ ਨੇ ਆਪਣੇ ਨੌਂ ਸਾਥੀਆਂ ਨਾਲ਼ ਤੇ ਵੀਹ ਰੋਬੋਟਾਂ ਤੇ ਹੋਰ ਸਾਧਨਾਂ ਨਾਲ਼ ਗੰਧਰਵ ਗ੍ਰਹਿ ਤੇ ਆ ਡੇਰੇ ਲਾਏ। ਡਾ. ਚੰਦਰ, ਥੌਮਸ, ਯੂਰੀ ਤੇ ਨੀਲ ਦੇ ਨਾਲ਼ ਉਹਨਾਂ ਨੇ ਪੰਜ ਹੋਰ ਕਰੂ ਮੈਂਬਰ ਚੁਣੇ ਜੋ ਕਿ ਗੰਧਰਵ ਗ੍ਰਹਿ ਬਾਰੇ ਖੋਜ ਕਰਨ ਵਿੱਚ ਸਭ ਤੋਂ ਲਾਭਦਾਇਕ ਹੋ ਸਕਦੇ ਸਨ। ਉਹਨਾਂ ਨੇ ਆਪਣੇ ਨਾਲ. ਇੱਕ ਡਾਕਟਰ, ਤੇ ਉਸਦਾ ਸਹਾਇਕ ਰੋਬੋਟ ਤੇ ਹੋਰ ਜ਼ਰੂਰੀ ਮਸ਼ੀਨਾਂ ਤੇ ਦਵਾਈਆਂ ਵੀ ਲਿਆਂਦੀਆਂ। ਇਸਦੇ ਨਾਲ਼ ਹੀ ਉਹਨਾਂ ਨੇ ਖਾਣ-ਪੀਣ ਦਾ ਸਮਾਨ ਵੀ ਲਿਆਂਦਾ, ਕਿਉਂਕਿ ਉਹਨਾਂ ਦਾ ਵਿਚਾਰ ਇੱਕ ਸਾਲ ਗੰਧਰਵ 'ਤੇ ਰਹਿਣ ਦਾ ਸੀ ਤਾਂ ਜੋ ਰੋਬੋਟਾਂ ਦੀ ਸਹਾਇਤਾ ਨਾਲ਼ ਗ੍ਰਹਿ ਦੀ ਛਾਣ-ਬੀਣ ਕਰ ਸਕਣ।

ਸਭ ਤੋਂ ਪਹਿਲਾਂ ਤਾਂ ਉਹਨਾਂ ਨੇ ਗੰਧਰਵ ਗ੍ਰਹਿ ਦੀ ਭੂਗੋਲਿਕ ਜਾਣਕਾਰੀ ਦਿੰਦਾ ਤਿੰਨ-ਅਯਾਮੀ (3-D) ਨਕਸ਼ਾ ਬਣਾਇਆ, ਜੋ ਕਿ 'ਕਲਪਨਾ' ਦੀ ਟੀਮ ਨੇ ਹੀ ਬਣਾਇਆ ਸੀ, ਕਿਉਂਕਿ ਉਪਗ੍ਰਹਿ ਹੋਣ ਕਰਕੇ ਉਹ ਪੂਰੇ ਗੰਧਰਵ ਗ੍ਰਹਿ ਦਾ ਸਰਵੇਖਣ ਕਰ ਸਕਦੇ ਸਨ। ਤਿੰਨ-ਅਯਾਮੀ ਨਕਸ਼ੇ ਦਾ ਇਹ ਫ਼ਾਇਦਾ ਸੀ ਕਿ ਉਸ ਵਿੱਚ ਪੂਰੇ ਗ੍ਰਹਿ ਦੀ ਤਹਿ ਤੱਕ ਦੀ ਜਾਣਕਾਰੀ ਸੀ, ਜਿਸ ਕਰਕੇ ਉਹਨਾਂ ਨੂੰ ਫ਼ਾਲਤੂ ਦੀ ਛਾਣ-ਬੀਣ ਤੇ ਖੁਦਾਈ ਨਹੀਂ ਸੀ ਕਰਨੀ ਪੈਣੀ। ਉਹ ਸਭ ਕੁੱਝ ਨਕਸ਼ੇ ਦੇ ਵਿੱਚੋਂ ਹੀ ਵੇਖ ਸਕਦੇ ਸਨ। ਪਰ ਗ੍ਰਹਿ ਦੇ ਨਕਸ਼ੇ ਵਿੱਚੋਂ ਉਹਨਾਂ ਨੂੰ ਕੁੱਝ ਜ਼ਬਰਦਸਤ ਨਹੀਂ ਲੱਭਿਆ ਸੀ। ਕੋਈ ਇਮਾਰਤੀ ਖੰਡਰ ਨਹੀਂ ਸਨ ਲੱਭੇ, ਕੋਈ ਚੱਲਦੀ-ਫਿਰਦੀ ਜਿਉਂਦੀ ਜਾਗਦੀ ਚੀਜ਼ ਨਹੀਂ ਸੀ ਲੱਭੀ, ਸਿਰਫ਼ ਗ੍ਰਹਿ ਦੀਆਂ ਟੈਕਟੋਨਿਕ ਪਲੇਟਾਂ ਹੀ ਦਿਖੀਆਂ ਸਨ, ਮੈਗਮਾ ਤੇ ਲਾਵਾ ਹੀ ਦੀਖਿਆ ਸੀ! ਸਮੁੰਦਰ ਦੇ ਵਿੱਚ ਵੀ ਉਹਨਾਂ ਨੂੰ ਸਿਵਾਏ ਕਾਈ ਦੇ ਕੋਈ ਮੱਛੀ ਜਾਂ ਹੋਰ ਜੀਵ ਜੰਤੂ ਨਹੀਂ ਨਜ਼ਰ ਆਏ ਸਨ। ਪਰ ਡਾ: ਥੌਮਸ ਦੀ ਸਲਾਹ ਨਾਲ਼ ਰੌਬਰਟ ਨੇ ਗੋਤਾਖੋਰ ਰੋਬੋਟ ਭੇਜਣ ਦੀ ਯੋਜਨਾ ਬਣਾਈ।

ਅਗਲੇ ਦਿਨ ਡਾ: ਥੌਮਸ ਆਪਣੇ ਦੋ ਸਹਾਇਕ ਤੇ ਦੋ ਗੋਤਾਖੋਰ ਰੋਬੋਟ ਲੈ ਕੇ ਸਮੁੰਦਰ ਤੱਟ ਤੇ ਸਵੇਰੇ ਜਲਦੀ ਜਲਦੀ ਪਹੁੰਚ ਗਿਆ। ਆਪਣੀ ਯੌਜਨਾ ਅਨੁਸਾਰ ਉਹਨਾਂ ਨੇ ਰੋਬੋਟਾਂ ਨੂੰ ਸਮੁੰਦਰ ਵਿੱਚ ਉਤਾਰ ਦਿੱਤਾ। ਰੋਬੋਟਾਂ ਦਾ ਪੂਰਾ ਵੀਡੀਓ ਕੰਪਿਊਟਰ ਸਕਰੀਨ 'ਤੇ ਆ ਰਿਹਾ ਸੀ। ਸਮੁੰਦਰ ਦਾ ਕਾਈ-ਯੁਕਤ ਜਾਮਣੀ ਪਾਣੀ ਬਹੁਤ ਸਾਫ਼ ਤੇ ਸੁੰਦਰ ਲੱਗ ਰਿਹਾ ਸੀ, ਹਾਲਾਂਕਿ ਉਸ ਵਿੱਚ ਜੀਵਨ ਦੀ ਰੌਅ ਨਹੀਂ ਰਮਕ ਰਹੀ ਸੀ। ਪਰ ਫੇਰ ਵੀ ਉਹ ਬਹੁਤ ਖੂਬਸੂਰਤ ਸੀ!

'ਕਾਦਰ ਦੀ ਕੁਦਰਤ ਹੈ ਹੀ ਬਹੁਤ ਖੂਬਸੂਰਤ। ਬਣਾਉਣ ਵਾਲ਼ੇ ਨੇ ਕਿੰਨੀ ਖੂਬਸੂਰਤ ਦੁਨੀਆਂ ਬਣਾਈ ਹੈ।' ਇੱਕ ਵਾਰ ਤਾਂ ਉਸਦੇ ਮੂੰਹੋਂ ਅਸਚਰਜ ਭਰੇ ਬੋਲ ਨਿੱਕਲੇ।

'ਸਰ, ਕੀ ਬ੍ਰਹਿਮੰਡ ਸੈਭੰ (ਆਪੇ ਪ੍ਰਗਟ ਹੋਣ ਵਾਲਾ) ਨਹੀਂ ਹੈ!' ਉਸਦਾ ਸਹਾਇਕ ਮੁਸਕਰਾ ਕੇ ਬੋਲਿਆ।

'ਹਾਂ, ਪਰ ਆਓ ਇਸ ਬਹਿਸ ਵਿੱਚ ਨਾ ਹੀ ਪਈਏ ਤੇ ਕੰਮ 'ਤੇ ਧਿਆਨ ਦੇਈਏ।'

'ਸਰ, ਉਹ ਦੇਖੋ ਰੋਬੋਟ ਨੂੰ ਹੋਰ ਸਲੇਟਾਂ ਦਿਖ ਰਹੀਆਂ ਹਨ।' ਦੋਵੇਂ ਰੋਬੋਟ ਸਮੁੰਦਰ ਤੱਲ ਤੇ ਪਹੁੰਚ ਚੁੱਕੇ ਸਨ।'

'ਹਾਂ,ਵਧੀਆ! ਚਲੋ ਉਹਨਾਂ ਨੂੰ ਉਹ ਸਲੇਟਾਂ ਉੱਪਰ ਲਿਆਉਣ ਦਾ ਆਦੇਸ਼ ਦੇਵੋ।'

ਤਕਰੀਬਨ ਤਿੰਨ-ਚਾਰ ਘੰਟਿਆਂ ਬਾਅਦ ਉਹਨਾਂ ਨੇ ਸੌ ਤੋਂ ਵੀ ਵੱਧ ਸਲੇਟਾਂ ਉੱਪਰ ਕੱਢ ਲਿਆਂਦੀਆਂ। ਪਰ ਅਜੇ ਹੋਰ ਵੀ ਸਲੇਟਾਂ ਸਨ।

ਨਾਲ. ਦੀ ਨਾਲ. ਰੋਬੋਟ ਸਲੇਟਾਂ ਦੀਆਂ ਫੋਟੋਆਂ ਸਕੈਨ ਕਰਕੇ ਕੰਪਿਊਟਰ ਵਿੱਚ ਸੰਭਾਲ ਰਹੇ ਸਨ, ਜੋ ਕਿ ਉਹਨਾਂ ਦਾ ਵਿਸ਼ਲੇਸ਼ਣ ਕਰਨ ਲਈ ਬਹੁਤ ਜ਼ਰੂਰੀ ਸੀ।

'ਆਖਿਰਕਾਰ ਲੱਖਾਂ-ਕਰੋੜਾਂ ਸਾਲ ਪੁਰਾਣੀਆਂ ਇਹਨਾਂ ਸਲੇਟਾਂ ਦਾ ਕੀ ਮਤਲਬ ਹੋਵੇਗਾ?' ਡਾ: ਥੌਮਸ ਸੋਚਾਂ ਦੇ ਵਿੱਚ ਪੈ ਗਿਆ।

## ਸਹਾਇਕ ਕੈਂਪ

ਉਹਨਾਂ ਨੇ 'ਕਲਪਨਾ' ਤੋਂ ਹੋਰ ਟੀਮ ਮੈਂਬਰ ਮੰਗਵਾ ਕੇ, ਸਮੁੰਦਰ ਦੇ ਕਿਨਾਰੇ ਤੇ ਇੱਕ ਹੋਰ ਜਗ੍ਹਾ 'ਤੇ ਅੱਲਗ ਅੱਲਗ ਕੈਂਪ ਸਥਾਪਿਤ ਕਰ ਦਿੱਤੇ। ਤਾਂ ਜੋ ਗ੍ਰਹਿ ਦਾ ਚੰਗੇ ਤਰੀਕੇ ਨਾਲ਼ ਅਧਿਐਨ ਕੀਤਾ ਜਾ ਸਕੇ ਤੇ ਅਧਾਰ ਕੈਂਪ ਨੂੰ ਸਹਿਯੋਗ ਦਿੱਤਾ ਜਾ ਸਕੇ।

ਇੰਜੀਨੀਅਰਾਂ ਨੇ ਰੋਬੋਟਾਂ ਦੀ ਸਹਾਇਤਾ ਨਾਲ਼ ਹਰ ਇੱਕ ਕੈਂਪ ਵਿੱਚ ਸੂਰਜੀ ਰੌਸ਼ਨੀ ਨੂੰ ਬਿਜਲਈ ਊਰਜਾ ਵਿੱਚ ਬਦਲਣ ਲਈ ਸੋਲਰ-ਸੈੱਲ ਲਗਾ ਦਿੱਤੇ, ਜੋ ਕਿ ਮੁਫ਼ਤ ਦੀ ਰੌਸ਼ਨੀ ਸੀ, ਤੇ ਇੱਥੇ ਤਾਂ ਇੱਕ ਨਹੀਂ ਦੋ ਸੂਰਜ ਸਨ! ਉਸਤੋਂ ਇਲਾਵਾ ਉੱਥੇ ਦਰਪਣ ਲਗਾ ਕੇ ਲੈਂਜ਼ਾਂ ਦੇ ਨਾਲ਼ ਸੂਰਜ ਦੀ ਰੌਸ਼ਨੀ ਨੂੰ ਫ਼ੋਕਸ ਕਰ ਕੇ ਸੂਰਜੀ ਸੈੱਲਾਂ ਦੀ ਸ਼ਕਤੀ ਨੂੰ ਹੋਰ ਵੀ ਦੁੱਗਣਾ ਕਰ ਦਿੱਤਾ ਸੀ।

ਰੌਬਰਟ ਨੇ ਜਦ ਡਾ: ਚੰਦਰ ਤੇ ਥੌਮਸ ਨਾਲ਼ ਤੀਜੇ ਕੈਂਪ ਦਾ ਦੌਰਾ ਕੀਤਾ ਤਾਂ ਅਚਾਨਕ ਉਹਨਾਂ ਦੇ ਮਨ ਵਿੱਚ ਸਵਾਲ ਆਇਆ - 'ਕੀ ਇੱਥੇ ਖੇਤੀ ਸੰਭਵ ਹੋ ਸਕਦੀ ਹੈ? ਸਾਡੇ ਕੋਲ਼ ਇੱਕ ਸਾਲ ਤੋਂ ਜ਼ਿਆਦਾ ਖਾਣਾ ਹੈ, ਪਰ ਫੇਰ ਵੀ ਜੇ ਇੱਥੇ ਖੇਤੀ ਸੰਭਵ ਹੋ ਸਕਦੀ ਹੋਵੇ ਤਾਂ ਬਹੁਤ ਹੀ ਵਧੀਆ ਹੋ ਸਕਦਾ ਹੈ?'

ਡਾ: ਥੌਮਸ ਜੋ ਕਿ ਇਹ ਸਭ ਨਿਰੀਖਣ ਕਰ ਹੀ ਰਿਹਾ ਸੀ ਨੇ ਦੱਸਿਆ - 'ਬਦਕਿਸਮਤੀ ਨਾਲ਼ ਇੱਥੇ ਖੇਤੀਬਾੜੀ ਸੰਭਵ ਨਹੀਂ ਲਗਦੀ, ਹਾਲਾਂਕਿ ਗ੍ਰਹਿ ਵਿੱਚ ਕਾਫ਼ੀ ਨਮੀ ਤੇ ਹਰਿਆਲੀ ਹੈ ਜਾਂ ਫਿਰ ਜਾਮਣੀ ਕਾਈ ਹੈ। ਮੂਲ ਜੀਵਨ ਵੀ ਪ੍ਰਿਥਵੀ ਦੇ ਮੁਕਾਬਲੇ ਘੱਟ ਹੈ। ਪਰ ਖ਼ੁਸ਼ੀ ਤੇ ਹੈਰਾਨੀ ਵਾਲ਼ੀ ਗੱਲ ਹੈ ਕਿ ਇੱਥੋਂ ਦਾ ਜੀਵਨ ਵੀ ਪ੍ਰਿਥਵੀ ਵਰਗਾ ਹੀ ਹੈ, ਤੇ ਉਹਨਾਂ ਦੇ ਡੀ. ਐੱਨ. ਏ. ਤੇ ਪ੍ਰੋਟੀਨ ਅਮੀਨੋ ਤੇਜ਼ਾਬਾਂ ਤੋਂ ਹੀ ਬਣੇ ਹਨ। ਜੇ ਪ੍ਰਿਥਵੀ ਤੋਂ ਜੀਵ ਲਿਆਕੇ ਇੱਥੇ ਵਸਾਏ ਜਾਣ ਤਾਂ ਉਹ ਇੱਥੇ ਵੱਸ ਸਕਦੇ ਹਨ।'

'ਬਸ਼ਰਤੇ ਕਿ ਜੇ ਕਿਤੇ ਇੱਥੋਂ ਦਾ ਜੀਵਨ ਉਹਨਾਂ ਨੂੰ ਖਤਰਾ ਸਮਝ ਕੇ ਉਹਨਾਂ 'ਤੇ ਹਮਲਾ ਨਾ ਕਰ ਦੇਵੇ!' ਚੰਦਰ ਨੇ ਕਿਆਸ ਕੀਤਾ।

'ਹਾਂ, ਤੇ ਬਾਹਰੀ ਜੀਵਨ ਨੂੰ ਖ਼ਤਮ ਕਰਨ ਲਈ ਇੱਥੋਂ ਦਾ ਜੀਵਨ ਉਹਨਾਂ ਨੂੰ ਚੰਗੀ ਟੱਕਰ ਦੇਵੇਗਾ!'

'ਕੀ ਅਸੀਂ ਇੱਥੋਂ ਦੀ ਬਨਸਪਤੀ ਤੇ ਫ਼ਲ ਖਾ ਸਕਦੇ ਹਾਂ?' ਰੌਬਰਟ ਨੇ ਪੁੱਛਿਆ।

'ਨਹੀਂ, ਇੱਥੋਂ ਦੀ ਬਨਸਪਤੀ ਸਾਡੇ ਖਾਣ ਦੇ ਯੋਗ ਨਹੀਂ ਹੈ। ਉਸਨੂੰ ਖਾਣਾ ਜ਼ਹਿਰ ਖਾਣ ਦੇ ਬਰਾਬਰ ਹੋਵੇਗਾ! ਕਿਉਂਕਿ ਇਸ ਵਿੱਚ ਬਹੁਤ ਜ਼ਹਿਰੀਲੇ ਰਸਾਇਣਕ ਪਦਾਰਥ ਹਨ। ਜ਼ਿਆਦਾਤਰ ਬਨਸਪਤੀ ਪ੍ਰਿਥਵੀ ਦੇ ਸਵਾਨਾ ਖ਼ੇਤਰ ਵਰਗੀ ਹੈ - ਸੰਘਣੇ ਘਾਹ ਤੇ ਕਾਈ। ਕਿਤੇ ਕਿਤੇ ਝਾੜੀਆਂ, ਵੇਲਾਂ ਤੇ ਛੋਟੇ ਛੋਟੇ ਦਰਖ਼ਤ ਹਨ। ਪਰ ਜੇ ਅਸੀਂ ਧਿਆਨ ਨਾਲ਼ ਉਹਨਾਂ ਨੂੰ ਵਿਧੀਵੱਧ ਤਰੀਕੇ ਨਾਲ਼ ਸੰਸ਼ੋਧਿਤ ਕਰ ਸਕੀਏ ਤਾਂ ਉਹਨਾਂ ਵਿੱਚੋਂ ਪ੍ਰੋਟੀਨ ਤੇ ਹੋਰ ਮਹਤਵਪੂਰਣ ਖਣਿਜ ਪਦਾਰਥ ਕੱਢ ਸਕਦੇ ਹਾਂ!' ਥੌਮਸ ਉਤਸ਼ਾਹ ਨਾਲ਼ ਦੱਸ ਰਿਹਾ ਸੀ, ਕਿਓਂਕਿ ਉਸਦੀ ਟੀਮ ਨੇ ਥੋੜੇ ਸਮੇਂ ਵਿੱਚ ਉਸ ਖੇਤਰ ਦਾ ਕਾਫ਼ੀ ਅਧਿਐਨ ਕਰ ਲਿਆ ਸੀ।

ਸਮੁੰਦਰ ਦੇ ਨੇੜਲੇ ਕੈਂਪ ਤੇ ਇਸ ਤੀਜੇ ਕੈਂਪ ਦਾ ਇੰਚਾਰਜ ਵੀ ਡਾ: ਥੌਮਸ ਹੀ ਸੀ। ਚੱਲਦਾ...

ਪੇਸ਼ੇ ਤੋਂ ਇੰਜਨੀਅਰ ਅਤੇ ਦਿਲ ਤੋਂ ਕਵੀ – ਅਮਨਦੀਪ ਸਿੰਘ ਵਿਗਿਆਨ ਗਲਪ ਦੀਆਂ ਕਹਾਣੀਆਂ, ਬਾਲ ਸਾਹਿਤ ਅਤੇ ਲੇਖ ਵੀ ਲਿਖਦਾ ਹੈ। ਉਸਦੀ ਕਹਾਣੀਆਂ ਦੀ ਕਿਤਾਬ 'ਟੁੱਟਦੇ ਤਾਰਿਆਂ ਦੀ ਦਾਸਤਾਨ (ਲੋਕ ਸਾਹਿਤ ਪ੍ਰਕਾਸ਼ਨ, 1989)' ਪੰਜਾਬੀ ਵਿੱਚ ਵਿਗਿਆਨ ਗਲਪ (Science Fiction) ਦੀ ਪਹਿਲੀ ਕਿਤਾਬ ਹੈ। ਉਹ ਸ਼ਹੀਦ ਭਗਤ ਸਿੰਘ ਨਗਰ ਜ਼ਿਲ੍ਹੇ ਦੇ ਪਿੰਡ ਨੌਰਾ ਤੋਂ ਹੈ ਅਤੇ ਅੱਜ-ਕੱਲ੍ਹ ਅਮਰੀਕਾ ਵਿੱਚ ਰਹਿ ਰਿਹਾ ਹੈ।



ਵੈਬਸਾਈਟ : https://sahit.punjabikids.org/




**ਭੂਮਿਕਾ:** ਸ੍ਰੀ ਗੁਰੂ ਗ੍ਰੰਥ ਸਾਹਿਬ ਮਨੁੱਖਤਾ ਦਾ ਚਾਨਣ-ਮੁਨਾਰਾ ਅਤੇ ਸਾਰੇ ਸੰਸਾਰ ਵਿੱਚ ਸਮਦ੍ਰਿਸ਼ਟੀ ਅਤੇ ਸਰਬ ਸਾਂਝੀਵਾਲਤਾ ਦੀ ਗੱਲ ਕਰਨ ਵਾਲਾ ਇੱਕੋ ਇੱਕ ਗ੍ਰੰਥ ਹੈ, ਜਿਸ ਨੂੰ ਗੁਰੂ ਦਾ ਦਰਜਾ ਪ੍ਰਾਪਤ ਹੈ। ਅਜੋਕੀ ਵਿਗਿਆਨ ਦੇ ਨਵੇਂ ਤੋਂ ਨਵੇਂ ਖੋਜੇ ਜਾ ਰਹੇ ਸਿਧਾਂਤ ਵੀ ਇਸ ਤੋਂ ਬਾਹਰ ਨਹੀਂ ਹਨ। ਦੋਹਾਂ ਦੀ ਤੁਲਨਾ ਕਰਨ ਤੋਂ ਪਹਿਲਾਂ ਦੋਹਾਂ ਬਾਰੇ ਮੁਢਲੀ ਜਾਣਕਾਰੀ ਬਹੁਤ ਸੰਖੇਪ ਵਿੱਚ ਦਿੱਤੀ ਜਾ ਰਹੀ ਹੈ।

**ਗੁਰੂ ਗ੍ਰੰਥ ਸਾਹਿਬ ਇੱਕ ਝਲਕ:** ਬਹੁਤ ਹੀ ਸੰਖੇਪ ਵਿੱਚ ਆਖੀਏ ਤਾਂ ਗੁਰੂ ਗ੍ਰੰਥ ਸਾਹਿਬ 35 ਬਾਣੀਕਾਰਾਂ ਦੇ ਜੀਵਨ ਤਜਰਬਿਆਂ ਦਾ ਨਿਚੋੜ ਹੈ। ਗੁਰਬਾਣੀ ਦੀ ਹਰ ਪੰਕਤੀ ਜੀਵਨ ਵਿੱਚ ਹੱਡੀਂ ਹੰਢਾਇਆ ਸੱਚ ਹੈ। ਇਸ ਵਿੱਚ ਇੱਕੋ ਸਮੇਂ ਮਨੁੱਖ ਦੇ ਸਰੀਰਕ, ਮਾਨਸਿਕ, ਸਮਾਜਿਕ, ਆਰਥਿਕ, ਰਾਜਨੀਤਿਕ, ਮਨੋਵਿਗਿਆਨਕ ਗੱਲ ਕੀ, ਹਰ ਪੱਖ ਨੂੰ ਬਹੁਤ ਵਿਸਥਾਰ ਨਾਲ ਅਤੇ ਸੰਤੁਲਿਤ ਢੰਗ ਨਾਲ ਲਿਆ ਗਿਆ ਹੈ। ਪਰਮਾਤਮਾ ਦੇ ਗੁਣ ਦੱਸਦਿਆਂ, ਉਹਨਾਂ ਗੁਣਾਂ ਨੂੰ ਆਪਣੇ ਅੰਦਰ ਪੈਦਾ ਕਰਨ, ਸਮਾਜ ਵਿੱਚ ਨਿਰਭਉ ਅਤੇ ਨਿਰਵੈਰ ਇਨਸਾਨ ਬਣ ਕੇ ਵਿਚਰਦੇ ਹੋਏ ਪ੍ਰੇਮ ਦੇ ਕਲਾਵੇ ਵਿੱਚ ਕਰੋੜਾਂ ਬ੍ਰਹਿਮੰਡਾਂ ਨੂੰ ਸਮਾ ਲੈਣ ਦੀ ਜੁਗਤੀ ਦੱਸੀ ਗਈ ਹੈ। ਗੁਰੂ ਗ੍ਰੰਥ ਸਾਹਿਬ ਨੂੰ ਸਾਰੀਆਂ ਕਲਾਵਾਂ ਦੀ ਕਲਾ ਅਤੇ ਸਮੂਹ ਵਿਗਿਆਨਾਂ ਦਾ ਵਿਗਿਆਨ ਕਿਹਾ ਜਾ ਸਕਦਾ ਹੈ।। ਗੁਰੂ ਸਾਹਿਬ ਨੇ ਬਾਣੀ ਨੂੰ ਅਕਾਲ ਪੁਰਖ ਹੀ ਆਖਿਆ ਹੈ।

**ਵਾਹੁ ਵਾਹੁ ਬਾਣੀ ਨਿਰੰਕਾਰ ਹੈ ਤਿਸੁ ਜੇਵਡੁ ਅਵਰੁ ਨ ਕੋਇ ।। (ਪੰਨਾ ੫੧੫, ਸਲੋਕ ਮ : ੩)**

**ਵਿਗਿਆਨ ਇੱਕ ਝਲਕ :** ਵਿਗਿਆਨ ਉਹ ਵਿਧੀਵਤ (Systematic) ਅਤੇ ਤਰਕਸੰਗਤ (Logical) ਗਿਆਨ ਹੈ, ਜਿਸ ਰਾਹੀਂ ਅਸੀਂ ਕੁਦਰਤੀ ਘਟਨਾਵਾਂ, ਵਸਤਾਂ ਅਤੇ ਬ੍ਰਹਿਮੰਡ ਦੇ ਨਿਯਮਾਂ ਦੀ ਖੋਜ, ਅਧਿਐਨ ਅਤੇ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਹ ਵਿਧੀਵਤ ਗਿਆਨ ਤੱਥਾਂ ਦੇ ਨਿਰੀਖਣ (Observation), ਪ੍ਰਯੋਗ (Experimention) ਅਤੇ ਵਿਸ਼ਲੇਸ਼ਣ (Analysis) ਤੇ ਅਧਾਰਿਤ ਹੁੰਦਾ ਹੈ। ਸਾਧਾਰਨ ਸ਼ਬਦਾਂ ਵਿੱਚ "ਵਿਗਿਆਨ ਉਹ ਗਿਆਨ ਹੈ, ਜੋ ਨਿਰੀਖਣ, ਪ੍ਰਯੋਗ ਅਤੇ ਤਰਕ ਰਾਹੀਂ ਕੁਦਰਤੀ ਸਚਾਈਆਂ ਨੂੰ ਸਮਝਣ ਲਈ ਪ੍ਰਾਪਤ ਕੀਤਾ ਜਾਂਦਾ ਹੈ।" ਵਿਗਿਆਨ ਸਾਡੇ ਜੀਵਨ ਨੂੰ ਹਰ ਪਾਸੇ ਤੋਂ ਪ੍ਰਭਾਵਿਤ ਕਰਦਾ ਹੈ।

**ਗੁਰਬਾਣੀ ਵਿੱਚ ਵਿਗਿਆਨਕ ਸੋਚ ਦੀ ਪ੍ਰੇਰਨਾ:** ਵਿਗਿਆਨ ਪੜ੍ਹਨ ਪੜ੍ਹਾਉਣ ਦਾ ਮੁੱਖ ਮਕਸਦ ਵਿਗਿਆਨਕ ਸੋਚ ਪੈਦਾ ਕਰਨਾ ਹੈ, ਜੋ ਸਿਰਫ ਵਿਸ਼ਵਾਸ਼ ਤੇ ਅਧਾਰਿਤ ਨਹੀਂ ਹੁੰਦੀ, ਸਗੋਂ ਤਰਕ ਅਧਾਰਿਤ ਹੁੰਦੀ ਹੈ। ਗੁਰੂ ਸਾਹਿਬਾਨ ਨੇ ਆਪਣੇ ਜੀਵਨ ਵਿੱਚ ਵੀ ਵਿਵੇਕ (ਤਰਕ+ਅਕਲ) ਦੀ ਖੁੱਲ ਕੇ ਵਰਤੋਂ ਕੀਤੀ ਅਤੇ ਬਾਣੀਕਾਰਾਂ ਨੇ ਵੀ ਥਾਂ ਥਾਂ ਤੇ ਵਿਵੇਕ ਦੀ ਭਰਪੂਰ ਵਰਤੋਂ ਕੀਤੀ ਹੈ।

* https://commons.wikimedia.org/wiki/File:An_open_page_from_Guru_Granth_Sahib_of_Sikhism.jpg

**ਧਰਤੀ ਹੋਰੁ ਪਰੈ ਹੋਰੁ ਹੋਰੁ ।। ਤਿਸ ਤੇ ਭਾਰੁ ਤਲੈ ਕਵਣੁ ਜੋਰੁ ।। ( ਪੰਨਾ ੩, ਜਪੁ )**

**ਜੌ ਤੂੰ ਬ੍ਰਾਹਮਣੁ ਬ੍ਰਹਮਣੀ ਜਾਇਆ ।। ਤਉ ਆਨ ਬਾਟ ਕਾਹੇ ਨਹੀ ਆਇਆ ।। (ਪੰਨਾ ੩੨੪, ਗਉੜੀ ਕਬੀਰ ਜੀ)**

ਗੁਰਬਾਣੀ ਇਨਸਾਨ ਨੂੰ ਵੀ ਭਰਮ ਭੁਲੇਖੇ ਛੱਡ ਕੇ ਵਿਵੇਕ ਧਾਰਨ ਕਰਨ ਦਾ ਉਪਦੇਸ਼ ਦਿੰਦੀ ਹੈ। ਸੱਚਾਈ, ਤਰਕ ਅਤੇ ਪ੍ਰੇਖਣਾਂ ਤੇ ਜੋਰ ਦਿੱਤਾ ਗਿਆ ਹੈ। ਵਿਗਿਆਨ ਦਾ ਇੱਕ ਬਹੁਤ ਪ੍ਰਸਿੱਧ ਸਿਧਾਂਤ ਹੈ - ਕਾਰਨ ਅਤੇ ਅਸਰ (Cause and Effect), ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਇਸ ਸਿਧਾਂਤ ਨੂੰ ਮੰਨਦੀ ਵੀ ਹੈ, ਪਰ ਅਕਾਲ ਪੁਰਖ ਨੂੰ ਸਭ ਕਾਰਨਾਂ ਦਾ ਕਰਤਾ ਮੰਨ ਕੇ ਉਸਦੀ ਖੇਡ ਨੂੰ ਇਸ ਸਿਧਾਂਤ ਤੋਂ ਉੱਚਾ ਵੀ ਮੰਨਦੀ ਹੈ। ਗੁਰੂ ਗ੍ਰੰਥ ਸਾਹਿਬ ਨਾ ਇਤਿਹਾਸ ਹੈ, ਨਾ ਮਿਥਿਹਾਸ ਹੈ ,ਸਗੋਂ ਇੱਕ ਸੁਚੱਜੀ ਜੀਵਨ ਜਾਚ ਹੈ ਅਤੇ ਬਿਨਾਂ ਫਜ਼ੂਲ ਕਰਮ ਕਾਂਡਾਂ ਵਿੱਚ ਪਏ ਆਪਣੀ ਗ੍ਰਹਿਸਥੀ ਨਿਭਾਉਂਦੇ ਹੋਏ ਨਾਮ ਅਤੇ ਨਿਰਮਲ ਕਰਮ ਰਾਹੀਂ ਉਸ ਸੱਚੇ ਵਿੱਚ ਅਭੇਦ ਹੋਣ ਦਾ ਮਾਰਗ ਹੈ।

**ਭੌਤਿਕ ਵਿਗਿਆਨ ਅਤੇ ਗੁਰਬਾਣੀ:** ਭੌਤਿਕ ਵਿਗਿਆਨ ਕੁਦਰਤ ਅਤੇ ਕੁਦਰਤ ਦੀਆਂ ਛੋਟੀਆਂ ਵੱਡੀਆਂ ਵਸਤੂਆਂ ਦੀ ਬਣਤਰ ਅਤੇ ਕਾਰਜਵਿਧੀ ਬਾਰੇ ਗਿਆਨ ਦਿੰਦੀ ਹੈ। ਵਿਗਿਆਨ ਲੱਖਾਂ ਸੂਰਜ, (G.Bruno 16th century) ਲੱਖਾਂ ਹੋਰ ਗ੍ਰਹਿ (Didier Queloz,Michel Mayor,1995) ਅਤੇ ਲੱਖਾਂ ਗਲੈਕਸੀਆਂ ਨੂੰ ਮੰਨਦੀ ਹੈ। (ਐਡਵਿਨ ਹੱਬਲ 1920)

ਗੁਰਬਾਣੀ ਫੁਰਮਾਨ ਹਨ –

**ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ ।। (ਪੰਨਾ ੭, ਜਪੁ)**

**ਪਾਤਾਲਾ ਪਾਤਾਲ ਲਖ ਆਗਾਸਾ ਆਗਾਸ ।। (ਪੰਨਾ ੫, ਜਪੁ)**

ਵਿਗਿਆਨ ਅਨੁਸਾਰ ਸ਼ੁਰੂ ਵਿਚ ਕੁਝ ਵੀ ਨਹੀਂ ਸੀ, ਇੱਕ ਗੈਸਾਂ ਦਾ ਗੋਲਾ ਸੀ ਜਿਸ ਨੂੰ ਵਿਗਿਆਨ Nebule ਆਖਦਾ ਹੈ। (Georges Lemaitre 1920)

**ਅਰਬਦ ਨਰਬਦ ਧੁੰਧੂਕਾਰਾ ।। ਧਰਣਿ ਨਾ ਗਗਨਾ ਹੁਕਮੁ ਅਪਾਰਾ ।। ਨਾ ਦਿਨੁ ਰੈਣਿ ਨ ਚੰਦੁ ਨ ਸੂਰਜ ਸੁੰਨ ਸਮਾਧਿ ਲਗਾਇਦਾ ।। (ਪੰਨਾ ੧੦੩੫, ਮਾਰੂ ਮਹਲਾ ੧)**

ਵਿਗਿਆਨ ਅਨੁਸਾਰ ਸ੍ਰਿਸ਼ਟੀ ਇੱਕ ਬਿੰਦੂ ਤੋਂ ਆਰੰਭ ਹੋਈ। ਸ੍ਰਿਸ਼ਟੀ ਦੇ ਪਸਾਰੇ ਨੂੰ ਵਿਗਿਆਨ ਨੇ ਵੱਡੇ ਧਮਾਕੇ ਵਾਲ਼ੇ ਸਿਧਾਂਤ (Big Bang Theory) ਨਾਲ਼ ਪ੍ਰਗਟਾਇਆ ਹੈ। ਬ੍ਰਹਿਮੰਡਾਂ ਦਾ ਲਗਾਤਾਰ ਫੈਲਦੇ ਜਾਣਾ ਅਤੇ ਇੱਕ ਬਿੰਦੂ ਤੋਂ ਸ਼ੁਰੂ ਹੋਣਾ। ਸ੍ਰਿਸ਼ਟੀ ਦਾ ਮੁੜ ਮੁੜ ਵਿਨਾਸ਼ ਅਤੇ ਵਿਕਾਸ ਹੋਣ ਤੇ ਦੋਵਾਂ ਦੀ ਸਹਿਮਤੀ ਹੈ। (Georges Lemaitre 1920, Edwin Hubble 1927)

**ਕੀਤਾ ਪਸਾਉ ਏਕੋ ਕਵਾਉ ।। ਤਿਸੁ ਤੇ ਹੋਏ ਲਖ ਦਰੀਆਉ ।। (ਪੰਨਾ ੩, ਜਪੁ)**

**ਕਈ ਬਾਰ ਪਸਰਿਓ ਪਾਸਾਰ ।। ਸਦਾ ਸਦਾ ਇਕੁ ਏਕੰਕਾਰ ।। (ਪੰਨਾ ੨੭੬, ਗਉੜੀ ਸੁਖਮਨੀ ਮ : ੫)**

ਮਾਡਰਨ ਵਿਗਿਆਨ, ਵਿਗਿਆਨ ਦੀਆਂ ਹੀ ਪੁਰਾਣੀਆਂ ਧਾਰਨਾਵਾਂ ਨੂੰ ਰੱਦ ਕਰਦੀ ਹੈ। ਹਾਈਜ਼ਨਬਰਗ ਦਾ ਅਨਿਸ਼ਚਿਤਤਾ ਸਿਧਾਂਤ (Heisenberg's Uncertanity Principle - 1927) ਆਖਦਾ ਹੈ ਕਿ ਲਗਾਤਾਰ ਵੇਗ ਵਿਚ ਹੋਣ ਕਾਰਨ ਕਿਸੇ ਵੀ ਕਣ ਦੀ ਪੂਰੀ ਠੀਕ ਸਥਿਤੀ ਕਦੇ ਵੀ ਨਹੀਂ ਦੱਸੀ ਜਾ ਸਕਦੀ । ਗੁਰਬਾਣੀ ਦੇ ਅਕੱਥ ਅਗੋਚਰ ਸ਼ਬਦ ਇਹੋ ਤਾਂ ਕਹਿ ਰਹੇ ਹਨ।

**ਅੰਤੁ ਨ ਸਿਫਤੀ ਕਹਣਿ ਨ ਅੰਤੁ ।। ਅੰਤੁ ਨ ਕਰਣੈ ਦੇਣਿ ਨ ਅੰਤੁ ।। (ਪੰਨਾ ੫, ਜਪੁ)**

ਕੁਆਂਟਮ ਫਿਜ਼ਿਕਸ ਅਨੁਸਾਰ ਸਾਰੇ ਬ੍ਰਹਿਮੰਡਾਂ ਦੇ ਕਣ ਇੱਕ ਦੂਜੇ ਨਾਲ ਜੁੜੇ ਹੋਏ ਹਨ। ਕੁਆਂਟਮ ਉਲਝਣ (Quantum Entanglement - A. Einstein, B. Podolsky, N. Rosen 1935) ਅਨੁਸਾਰ ਕਣ ਬਹੁਤ ਜ਼ਿਆਦਾ ਦੂਰੀ ਤੇ ਹੁੰਦੇ ਹੋਏ ਵੀ ਇੱਕ ਦੂਜੇ ਤੇ ਪ੍ਰਭਾਵ ਪਾ ਸਕਦੇ ਹਨ । ਇਸ ਤੋਂ ਇੱਕ ਮੂਲ ਏਕਤਾ ਦਾ ਪ੍ਰਮਾਣ ਮਿਲਦਾ ਹੈ। ਗੁਰਬਾਣੀ ਇਸ ਮੂਲ ਨੂੰ ਇੱਕ ਓਅੰਕਾਰ ਕਹਿ ਕੇ ਉਸਨੂੰ ਕਰਤਾ ਪੁਰਖ ਦੱਸਦੀ ਹੈ। ਜੋ ਹਰ ਕਣ ਵਿਚ ਰਮਿਆ ਹੈ। ਅਕਾਲਪੁਰਖ ਦਾ ਇੱਕ ਹੁਕਮ ਹੀ ਸਰਬ ਵਿਆਪਕ ਹੈ । ਫਿਜ਼ਿਕਸ ਦੀ ਭਾਸ਼ਾ ਵਿਚ ਅੰਦਰੂਨੀ ਤੌਰ ਤੇ ਜੁੜੇ ਇਹਨਾਂ ਅਰਬਾਂ ਖਰਬਾਂ ਕਣਾਂ ਵਿਚ ਕੋਈ ਸਾਂਝੀ ਕੜੀ ਜਰੂਰ ਹੈ। ਅਕਾਲ ਪੁਰਖ ਗੁਰਬਾਣੀ ਅਨੁਸਾਰ ਸਮੇਂ ਅਤੇ ਸਥਾਨ ਤੋਂ ਬਾਹਰ ਹੈ। ਗੁਰੂ ਨਾਨਕ ਜੀ ਪਰਮਾਤਮਾ ਨੂੰ "ਆਦਿ

ਸਚੁ ਜੁਗਾਦਿ ਸਚੁ ਹੈ ਭੀ ਸਚੁ ਨਾਨਕ ਹੋਸੀ ਭੀ ਸਚੁ" ਆਖਦੇ ਹਨ। ਇਹ ਪ੍ਰਭੂ ਦੇ ਅਮਰ ਹੋਣ ਬਾਰੇ ਦੱਸਦੀ ਹੈ। ਸਾਰਿਆਂ ਵਿੱਚ ਇੱਕੋ ਜੋਤ ਹੋਣ ਦਾ ਜ਼ਿਕਰ ਵੀ ਹੈ।

**ਸਭ ਮਹਿ ਜੋਤਿ ਜੋਤਿ ਹੈ ਸੋਇ ॥ ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥ (ਪੰਨਾ ੧੩, ਰਾਗੁ ਧਨਾਸਰੀ ਮਹਲਾ ੧)**

ਕੁਆਂਟਮ ਫਿਜ਼ਿਕਸ ਅਨੁਸਾਰ ਹਰ ਇੱਕ ਚੀਜ਼ ਤਰੰਗ ਊਰਜਾ ਤੋਂ ਬਣੀ ਹੋਈ ਹੈ। ਉਦਾਹਰਣ ਵਜੋਂ ਗੈਬਰੀਅਲ ਵੇਨੇਜ਼ਿਆਨੋ (Gabriele Veneziano) ਦੀ ਸਟਰਿੰਗ ਥਿਊਰੀ (1960) ਅਨੁਸਾਰ ਮੂਲ ਕਣ ਛੋਟੀਆਂ ਕੰਬਦੀਆਂ ਤਰੰਗਾਂ ਹਨ ਅਤੇ ਬ੍ਰਹਿਮੰਡ ਇਹਨਾਂ ਤਰੰਗਾਂ ਦਾ ਖੂਬਸੂਰਤ ਸੰਗਮ ਹੈ। (De Broglie 1924 matter wave hypothesis)

**ਨਾਮ ਕੇ ਧਾਰੇ ਸਗਲੇ ਜੰਤ ॥ ਨਾਮ ਕੇ ਧਾਰੇ ਖੰਡ ਬ੍ਰਹਮੰਡ ॥ (ਪੰਨਾ ੨੮੪, ਗਉੜੀ ਸੁਖਮਨੀ ਮ: ੫)**

ਸਭ ਜੀਵ ਨਾਮ ਰੂਪੀ ਦੈਵੀ ਤਰੰਗਾਂ ਤੋਂ ਪੈਦਾ ਹੋਏ ਹਨ । ਨਾਮ ਬ੍ਰਹਿਮੰਡ ਦੀ ਮੁਢਲੀ ਧੁਨੀ ਜਾਂ ਤਰੰਗ ਨੂੰ ਕਿਹਾ ਜਾਂਦਾ ਹੈ।

**ਪਸਰਿਓ ਆਪਿ ਹੋਇ ਅਨਤ ਤਰੰਗ ॥ ਲਖੇ ਨ ਜਾਹਿ ਪਾਰਬ੍ਰਹਮ ਕੇ ਰੰਗ ॥ (ਪੰਨਾ ੨੭੫)**

ਵਿਗਿਆਨ ਦਾ ਮਾਡਰਨ ਕੁਆਂਟਮ ਸੰਕਲਪ ਮਾਦੇ ਨੂੰ ਤਰੰਗ ਅਤੇ ਕਣ ਦੀ ਦੋਹਰੀ ਹੋਂਦ ਵਿੱਚ ਮੰਨਦਾ ਹੈ।

ਲੂਈਸ ਡੀ ਬ੍ਰੋਗਲੀ ਦੀ ਵੇਵ ਪਾਰਟੀਕਲ ਡੁਅਲਟੀ (Louis de Broglie's Wave Particle Duality -1924) ਅਨੁਸਾਰ ਮਾਦਾ ਤਰੰਗ ਅਤੇ ਕਣ ਦੋਹਾਂ ਰੂਪਾਂ ਵਿੱਚ ਵਿਚਰਦਾ ਹੈ । ਗੁਰਬਾਣੀ ਇਸ ਨੂੰ ਸੂਖਮ ਅਤੇ ਸਥੂਲ ਆਖਦੀ ਹੈ ।

**ਜਬ ਦੇਖਉ ਤਬ ਸਭੁ ਕਿਛੁ ਮੂਲੁ ॥ ਨਾਨਕ ਸੋ ਸੂਖਮੁ ਸੋਈ ਅਸਥੂਲੁ ॥(ਪੰਨਾ ੨੮੧, ਗਉੜੀ ਸੁਖਮਨੀ ਮ : ੫)**

ਵਿਗਿਆਨੀ ਐਲਬਰਟ ਆਈਨਸਟਾਈਨ ਦੀ ਯੂਨੀਫਾਈਡ ਫੀਲਡ ਥਿਊਰੀ (Unified Field Theory-1930) ਅਨੁਸਾਰ ਸਾਰੇ ਬਲ- ਗੁਰੁਤਾ ਆਕਰਸ਼ਣ ਬਲ, ਬਿਜਲ ਚੁੰਬਕੀ ਬਲ ਅਤੇ ਨਿਊਕਲੀਅਰ ਬਲ ਆਦਿ ਨੂੰ ਇੱਕੋ ਹੀ ਸਾਂਝੇ ਮਾਡਲ ਵਿੱਚ ਦਰਸਾਇਆ ਜਾ ਸਕਦਾ ਹੈ ।

ਇੱਕ ਕਰਤਾ ਪੁਰਖ ਜਾਂ ਇੱਕ ਦੈਵੀ ਸ਼ਕਤੀ ਵਲੋਂ ਸਾਰੇ ਬ੍ਰਹਿਮੰਡਾਂ ਨੂੰ ਚਲਾਇਆ ਜਾਣਾ ਗੁਰਬਾਣੀ ਦਾ ਮੁਢਲਾ ਸਿਧਾਂਤ ਹੈ।

**ਰਸਾਇਣ ਵਿਗਿਆਨ ਅਤੇ ਗੁਰਬਾਣੀ:** ਵਿਗਿਆਨ ਅਨੁਸਾਰ ਸਾਰਾ ਮਾਦਾ ਅਣੂਆਂ ਅਤੇ ਪ੍ਰਮਾਣੂਆਂ ਤੋਂ ਬਣਿਆ ਹੋਇਆ ਹੈ। (John Dalton 1803) ਗੁਰਬਾਣੀ ਫੁਰਮਾਨ ਪ੍ਰਮਾਣੂਆਂ ਦੀ ਹੋਂਦ ਨੂੰ ਸਵੀਕਾਰ ਕਰਦਾ ਹੈ।

**ਪਰਮਾਣੋ ਪਰਜੰਤ ਆਕਾਸਹ ਦੀਪ ਲੋਅ ਸਿਖੰਡਣਹ ॥ ਗਛੇਣ ਨੈਣ ਭਾਰੇਣ ਨਾਨਕ ਬਿਨਾ ਸਾਧੂ ਨ ਸਿਧਤੇ ॥ (ਪੰਨਾ ੧੩੬੦, ਮਹਲਾ ੫ ਗਾਥਾ )**

ਗੁਰੂ ਗ੍ਰੰਥ ਸਾਹਿਬ ਵਿੱਚ ਕਈ ਥਾਂ ਤੇ ਰਸਾਇਣ ਵਿਗਿਆਨ ਦਾ ਪ੍ਰੈਕਟੀਕਲ ਰੂਪ ਨਜਰ ਆਉਂਦਾ ਹੈ ਉਦਾਹਰਣ ਵਜੋਂ ਦੁੱਧ ਦਾ ਉਬਾਲ ਦਰਜਾ, ਪਾਣੀ ਨਾਲੋਂ ਵਧੇਰੇ ਹੁੰਦਾ ਹੈ। (19th Century) ਇਸੇ ਲਈ ਪਾਣੀ, ਦੁੱਧ ਨੂੰ ਜਲਣ ਨਹੀਂ ਦਿੰਦਾ

**ਰੇ ਮਨ ਐਸੀ ਹਰਿ ਸਿਉ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ॥ ਆਵਟਣੁ ਆਪੇ ਖਵੈ ਦੁਧ ਕਉ ਖਪਣਿ ਨ ਦੇਇ ॥ (ਪੰਨਾ ੬੦, ਸਿਰੀਰਾਗੁ ਮਹਲਾ ੧)**

ਗੁਰਬਾਣੀ ਸਭ ਤੋਂ ਪਹਿਲਾਂ ਜੋਤ ਜਾਂ ਨੂਰ ਦੀ ਗੱਲ ਕਰਦੀ ਹੈ । ਇਸ ਤੋਂ ਧੁਨੀ, ਫੇਰ ਹਵਾ, ਪਾਣੀ ਅਤੇ ਹੋਰ ਤੱਤ। ਰਸਾਇਣ ਵਿਗਿਆਨ ਵਿਚ ਦਰਸਾਇਆ ਮਾਦੇ ਦੀ ਸੁਰੱਖਿਆ ਦਾ ਸਿਧਾਂਤ (Antoine Lavoisier 1789) ਅਤੇ ਊਰਜਾ ਦੀ ਸੁਰੱਖਿਆ ਦਾ ਸਿਧਾਂਤ (J. Robert Mayer 1842) ਗੁਰਬਾਣੀ ਵਿੱਚ ਦਰਸਾਇਆ ਗਿਆ ਹੈ ਜਿੱਥੇ ਇਹ ਕਿਹਾ ਗਿਆ ਹੈ ਕਿ ਕੁੱਲ ਜੋੜ ਨਹੀਂ ਬਦਲਦਾ। ਸਿਰਫ ਰੂਪ ਹੀ ਬਦਲਦਾ ਹੈ। ਇਸੇ ਤਰਾਂ ਭੌਤਿਕ ਅਤੇ ਰਸਾਇਣਕ ਪਰਿਵਰਤਨਾਂ ਨੂੰ ਵੀ ਵਰਤਿਆ ਗਿਆ ਹੈ।

**ਜੀਵ ਵਿਗਿਆਨ ਅਤੇ ਗੁਰਬਾਣੀ:** ਅਲੈਗਜ਼ੈਂਡਰ ਓਪਾਰਿਨ ਦੀ ਐਬੀਓਜੇਨੇਸਿਸ ਥਿਊਰੀ (Aleksandr Oparin's Abiogenesis Theory - 19th century) ਅਨੁਸਾਰ ਜੀਵਨ ਵਤਾਵਰਣਿਕ ਗੈਸਾਂ ਦੇ ਰਸਾਇਣਕ ਮੇਲ ਨਾਲ ਬਣੇ ਹੋਏ ਪਾਣੀ ਵਿੱਚੋਂ ਆਰੰਭ ਹੋਇਆ। ਪੁਰਾਣੀ ਧਰਤੀ ਕੋਲ ਵਾਤਾਵਰਣ ਐਸਾ ਸੀ ਜਿਸ ਵਿੱਚ ਹਾਈਡਰੋਜਨ, ਮੀਥੇਨ ਅਮੋਨੀਆ ਵਰਗੀਆਂ ਗੈਸਾਂ ਵੱਧ ਮਾਤਰਾ ਵਿੱਚ ਸਨ। ਇਹ ਵਾਤਾਵਰਣ ਰਸਾਇਣਕ ਤੌਰ ਤੇ ਐਸਾ ਸੀ ਕਿ ਨਵੇਂ ਜੈਵਿਕ ਅਣੂ ਬਣਾਉਣ ਵਿਚ ਮੱਦਦਗਾਰ ਸੀ। ਪਾਣੀ ਇਹਨਾਂ ਅਣੂਆਂ ਦੇ ਬਣਨ ਲਈ ਬਹੁਤ ਜ਼ਰੂਰੀ ਸੀ। ਗੁਰੂ ਗ੍ਰੰਥ ਸਾਹਿਬ ਜੀ ਅਨੁਸਾਰ ਅਕਾਲਪੁਰਖ ਤੋਂ ਹਵਾ ਪੈਦਾ ਹੋਈ, ਹਵਾ ਤੋਂ ਪਾਣੀ ਅਤੇ ਪਾਣੀ ਤੋਂ ਜੀਵਨ ਦਾ ਵਿਕਾਸ ਹੋਇਆ।

**ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ ।। ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ।। (ਪੰਨਾ ੧੯, ਸਿਰਿਰਾਗੁ ਮਹਲ ੧)**

ਜੀਵ ਵਿਗਿਆਨ ਅਨੁਸਾਰ ਪਾਣੀ ਵਿੱਚ ਵੀ ਅਤੇ ਬਨਸਪਤੀ ਵਿੱਚ ਵੀ ਜੀਵਨ ਹੈ। (Jagdish Chander Bose 1901) ਇਹ ਸੈਲਮਈ ਜੀਵਨ ਦੇ ਜੈਵਿਕ ਵਿਕਾਸ ਦੀ ਕਹਾਣੀ ਹੈ। ਬਨਸਪਤੀ ਵਿਚ ਹੁੰਦੀ ਪ੍ਰਕਾਸ਼ ਸੰਸਲੇਸ਼ਣ ਦੀ ਕਿਰਿਆ ਪਾਣੀ ਅਤੇ ਕਾਰਬਨ ਡਾਈ ਆਕਸਾਈਡ ਨੂੰ ਗੁਲੂਕੋਜ ਅਤੇ ਆਕਸੀਜਨ ਵਿਚ ਬਦਲਦੀ ਹੈ, ਜੋ ਜੀਵਨ ਦਾ ਆਧਾਰ ਬਣਦੇ ਹਨ।

ਗੁਰਬਾਣੀ ਅਨੁਸਾਰ ਸਾਰੇ ਜੀਵ ਇੱਕ ਦੂਜੇ ਨਾਲ ਜੁੜੇ ਹੋਏ ਹਨ। ਕੁਝ ਜੀਵ ਦੂਜੇ ਜੀਵਨ ਦਾ ਆਹਾਰ ਬਣਦੇ ਹਨ। ਅਮੀਬਾ ਵਰਗੇ ਸੂਖਮ ਜੀਵਨ ਦੀ ਹੋਂਦ ਗੁਰਬਾਣੀ ਮੰਨਦੀ ਹੈ।

**ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨ ਕੋਇ ।। ਪਹਿਲਾ ਪਾਣੀ ਜੀਉ ਹੈ ਜਿਤੁ ਹਰਿਆ ਸਭੁ ਕੋਇ ।। (ਪੰਨਾ ੪੭੨, ਸਲੋਕ ਮ: ੧)**

ਚਾਰਲਸ ਡਾਰਵਿਨ ਦਾ ਜੈਵ ਵਿਕਾਸ (1859) ਸਿੱਧ ਕਰਦਾ ਹੈ ਕਿ ਜੀਵਨ ਛੋਟੇ ਸੂਖਮ ਜੀਵਨ ਤੋਂ ਆਰੰਭ ਹੋ ਕੇ ਜਟਿਲ ਜੀਵਨ ਵੱਲ ਚੱਲਿਆ। ਮਨੁੱਖ, ਲੱਖਾਂ ਕਰੋੜਾਂ ਸਾਲਾਂ ਦੇ ਕੁਦਰਤੀ ਚੋਣ ਅਤੇ ਜੈਵਿਕ ਅਨੁਕੂਲਣ ਤੋਂ ਬਾਅਦ ਹੋਂਦ ਵਿੱਚ ਆਇਆ ।

ਗੁਰਬਾਣੀ ਵੀ ਕਈ ਜਨਮ ਹੋਰ ਹੋਰ ਜੂਨਾਂ ਵਿਚ ਹੋ ਕੇ ਮਨੁੱਖ ਜਨਮ ਮਿਲਣ ਦੀ ਗੱਲ ਕਰਦੀ ਹੈ-

**ਕਈ ਜਨਮ ਭਏ ਕੀਟ ਪਤੰਗਾ।। ਕਈ ਜਨਮ ਗਜ ਮੀਨ ਕੁਰੰਗਾ।। ਕਈ ਜਨਮ ਪੰਖੀ ਸਰਪ ਹੋਇਓ ।।ਕਈ ਜਨਮ ਹੈਵਰ ਬ੍ਰਿਖ ਜੋਇਓ ।। ਮਿਲ ਜਗਦੀਸ਼ ਮਿਲਨ ਕੀ ਬਰੀਆ।। ਚਿਰੰਕਾਲ ਇਹ ਦੇਹ ਸੰਜਰੀਆ।। (ਪੰਨਾ ੧੭੬, ਗਉੜੀ ਗੁਆਰੇਰੀ ਮਹਲਾ ੫)**

ਜੀਵ ਵਿਗਿਆਨ ਦਾ ਸਿਧਾਂਤ ਹੈ ਕਿ ਸਾਰੇ ਜੀਵ ਇੱਕ ਸਾਂਝਾ ਜੈਨੇਟਿਕ ਕੋਡ (DNA) ਦੀ ਸਾਂਝ ਰੱਖਦੇ ਹਨ। ਬੈਕਟੀਰੀਆ ਤੋਂ ਮਨੁੱਖ ਤੱਕ ਸਾਰੇ ਜੀਵ ਡੀਐਨਏ ਨੂੰ ਜੀਵਨ ਦੇ ਬਲਿਊਪ੍ਰਿੰਟ ਵਾਂਗ ਵਰਤਦੇ ਹਨ। (James Watson,Francis Crick 1953) ਇਸ ਤੋਂ ਸਪਸ਼ਟ ਹੁੰਦਾ ਹੈ ਕਿ ਸਾਰੇ ਜੀਵ ਇੱਕ ਦੂਜੇ ਨਾਲ ਜੁੜੇ ਹੋਏ ਹਨ।

**ਸਭ ਮਹਿ ਜੋਤਿ ਜੋਤਿ ਹੈ ਸੋਇ ।। ਤਿਸੁ ਦੈ ਚਾਨਣਿ ਸਭ ਮਹਿ ਚਾਨਣੁ ਹੋਇ।। (ਪੰਨਾ ੧੩, ਰਾਗੁ ਧਨਾਸਰੀ ਮਹਲਾ ੧)**

**ਵਾਤਾਵਰਣ ਵਿਗਿਆਨ ਅਤੇ ਗੁਰਬਾਣੀ:** ਵਾਤਾਵਰਣ ਅੱਜ ਇੱਕ ਨਵਾਂ ਵਿਸ਼ਾ ਬਣ ਚੁੱਕਿਆ ਹੈ ਅਤੇ ਇਹ ਆਪਣੇ ਆਪ ਵਿੱਚ ਇੱਕ ਵਿਗਿਆਨ ਹੈ। ਵਾਤਾਵਰਣ ਵਿਗਿਆਨ ਵੀ ਕੁਦਰਤ ਦੇ ਮੂਲ ਤੱਤਾਂ ਅਤੇ ਸਰੋਤਾਂ ਦੀ ਸੇਵਾ ਸੰਭਾਲ ਦੀ ਤਾਕੀਦ ਕਰਦਾ ਹੈ। ਅਤੇ ਇਹਨਾਂ ਸਾਧਨਾਂ ਦੀ ਅਤੇ ਵੱਖ ਵੱਖ ਜੀਵ ਜਾਤੀਆਂ ਦੇ ਸੰਤੁਲਨ ਦੀ ਗੱਲ ਕਰਦਾ ਹੈ। ਜੀਵਨ ਦੇ ਸਾਰੇ ਰੂਪ ਇੱਕ ਦੂਜੇ ਤੇ ਨਿਰਭਰ ਕਰਦੇ ਹਨ ਅਤੇ ਪੂਰਨ ਸੰਤੁਲਿਤ ਸਿਸਟਮ ਦਾ ਇੱਕ ਹਿੱਸਾ ਹਨ। ਵਤਾਵਰਣਿਕ ਪ੍ਰਬੰਧ ਪੋਸ਼ਕ ਚੱਕਰਾਂ (ਕਾਰਬਨ, J J Ebelmen 1847, ਨਾਈਟ੍ਰੋਜਨ ਚੱਕਰ (Fritz Oparin 19th century) ਪਾਣੀ ਚੱਕਰ (Perrault 1674) 'ਤੇ ਨਿਰਭਰ ਕਰਦਾ ਹੈ, ਜਿੱਥੇ ਕੁਝ ਵੀ ਵਿਅਰਥ ਨਹੀਂ ਜਾਂਦਾ। ਬੈਕਟੀਰੀਆ ਬਗੈਰਾ ਕਰਬਨਿਕ ਪਦਾਰਥਾਂ ਦਾ ਵਿਸ਼ਲੇਸ਼ਣ ਕਰਕੇ ਪੁਨਰ ਚੱਕਰ ਰਾਹੀਂ ਵਤਾਵਰਣਿਕ ਸੰਤੁਲਨ ਕਾਇਮ ਰੱਖਦੇ ਹਨ।

ਆਸਾ ਦੀ ਵਾਰ ਵਿੱਚ ਗੁਰੂ ਨਾਨਕ ਦੇਵ ਜੀ ਪ੍ਰਭੂ ਦੇ ਕੁਦਰਤੀ ਸੰਤੁਲਨ ਬਾਰੇ ਸਮਝਾਉਂਦੇ ਹਨ ਕਿ ਹਰ ਵਸਤੂ ਦਾ ਕੋਈ ਮਕਸਦ ਹੈ ਅਤੇ ਕੁਝ ਵੀ ਵਿਅਰਥ ਨਹੀਂ ਜਾਂਦਾ।

**ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ।। ਸਭ ਤੇਰੀ ਕੁਦਰਤਿ ਤੂ ਕਾਦਿਰੁ ਕਰਤਾ ਪਾਕੀ ਨਾਈ ਪਾਕੁ ।। (ਪੰਨਾ ੪੬੪, ਮ : ੧)**

ਗੁਰੂ ਗ੍ਰੰਥ ਸਾਹਿਬ ਜੀ ਦੇ ਸਿਧਾਂਤ ਅਨੁਸਾਰ ਕੁਦਰਤ, ਕਾਦਰ ਤੋਂ ਭਿੰਨ ਨਹੀਂ ਹੈ ਸਗੋਂ ਕਾਦਰ ਦਾ ਪ੍ਰਗਟਾਅ ਹੀ ਹੈ।

ਕੁਦਰਤ ਦੇ ਮੁੱਢਲੇ ਤੱਤ ਧਰਤੀ ਨੂੰ ਮਾਤਾ, ਪਾਣੀ ਨੂੰ ਪਿਤਾ ਅਤੇ ਹਵਾ ਨੂੰ ਗੁਰੂ ਆਖ ਕੇ ਗੁਰੂ ਨਾਨਕ ਦੇਵ ਜੀ ਇਹਨਾਂ ਦੀ ਮਹੱਤਤਾ ਦਰਸਾਉਂਦੇ ਹਨ –

**ਪਵਣੁ ਗੁਰੂ ਪਾਣੀ ਪਿਤਾ ਮਾਤਾ ਧਰਤਿ ਮਹਤੁ ।। ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।। (ਪੰਨਾ ੮, ਜਪੁ)**

ਧਰਮ ਖੰਡ ਦਾ ਸੰਕਲਪ ਦੱਸਦਾ ਹੈ ਕਿ ਧਰਤੀ ਇੱਕ ਪਵਿੱਤਰ ਸਥਾਨ ਹੈ ਜਿੱਥੇ ਨੇਕੀ ਅਤੇ ਸੰਤੁਲਿਤ ਜੀਵਨ ਦਾ ਅਭਿਆਸ ਕੀਤਾ ਜਾ ਸਕਦਾ ਹੈ। ਮਨੁੱਖ ਇਸ ਧਰਤੀ ਦਾ ਸਰਦਾਰ ਹੋਣ ਦੇ ਨਾਤੇ ਉਸਦਾ ਫਰਜ਼ ਹੈ ਕਿ ਉਹ ਇਸਦੇ ਸਰੋਤਾਂ ਨੂੰ ਸੰਭਾਲ ਕੇ

ਰੱਖੇ ਅਤੇ ਵਿਅਰਥ ਲੁੱਟ ਨਾ ਹੋਣ ਦੇਵੇ । ਗੁਰਬਾਣੀ ਇੱਕ ਸਾਦੀ ਅਤੇ ਸੰਤੁਲਿਤ ਜੀਵਨ ਜਾਚ ਦੀ ਪ੍ਰੋੜ੍ਹਤਾ ਕਰਦੀ ਹੈ, ਜਿਸ ਵਿਚ ਅਤਿ ਦਾ ਭੋਗ, ਵਸਤਾਂ ਦੀ ਖਪਤ ਅਤੇ ਕੁਦਰਤ ਦੇ ਵਿਗਾੜ ਨੂੰ ਨਿਰਉਤਸ਼ਾਹਿਤ ਕੀਤਾ ਗਿਆ ਹੈ। ਸੇਵਾ ਅਤੇ ਸੰਤੋਖ ਟਿਕਾਊ ਜੀਵਨ ਦੇ ਅਧਾਰ ਹਨ - ਹਵਾ ਪਾਣੀ ਅਤੇ ਭੂਮੀ ਦਾ ਪ੍ਰਦੂਸ਼ਣ ਸਿੱਖ ਸਿਧਾਂਤਾਂ ਦੇ ਵਿਰੁੱਧ ਹੈ। ਗੁਰੂ ਗ੍ਰੰਥ ਸਾਹਿਬ ਜੀ ਇਹਨਾਂ ਤੱਤਾਂ ਦੀ ਦੇਖ ਭਾਲ ਅਤੇ ਸੰਭਾਲ ਦੀ ਮਹੱਤਤਾ ਅਤੇ ਵਤਾਵਰਣਿਕ ਵਿਗਾੜ ਤੋਂ ਬਚਣ ਬਾਰੇ ਬਾਰ ਬਾਰ ਤਾਕੀਦ ਕਰਦੇ ਹਨ ।

**ਮਨੋਵਿਗਿਆਨ ਅਤੇ ਗੁਰੂ ਗ੍ਰੰਥ ਸਾਹਿਬ:** ਮਨੋਵਿਗਿਆਨ ਨੇ ਵਿਗਿਆਨਕ ਵਿਧੀਆਂ ਰਾਹੀਂ ਮਨ ਦੀ ਕਾਰਜਵਿਧੀ ਸਮਝ ਕੇ ਉਸ ਬਾਰੇ ਨਵੀਆਂ ਖੋਜਾਂ ਕੀਤੀਆਂ ਹਨ। ਸਿਗਮੰਡ ਫਰਾਇਡ ਦਾ ਮਨੋ ਵਿਸ਼ਲੇਸ਼ਣ (1895) ਮਨ ਦੀਆਂ ਅਵਸਥਾਵਾਂ ਸੁਚੇਤ ਮਨ, ਅਰਧ ਚੇਤਨ ਮਨ ਅਤੇ ਅਚੇਤ ਮਨ ਦੱਸਦਾ ਹੈ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਮਨ ਦੀਆਂ ਵੱਖਰੀਆਂ ਪਰਤਾਂ ਦਰਸਾ ਕੇ ਇਸ ਨੂੰ ਇੱਕ ਬਣਾਉਣ ਦੇ ਢੰਗ ਦੱਸਦੀ ਹੈ। ਅਬਰਾਹਾਮ ਮੈਜ਼ਲੋ ਦੀ ਲੋੜਾਂ ਦੇ ਪਿਰਾਮਿਡ (1943) ਦੀ ਆਖਰੀ ਸਟੇਜ ਸਵੈ-ਪ੍ਰਾਪਤੀ (Self Actualisation) ਹੈ ਜਿਸ ਨੂੰ ਗੁਰਬਾਣੀ ਜੀਵਨ ਮਨੋਰਥ ਅਤੇ ਆਪੇ ਦੀ ਪਹਿਚਾਣ ਵਜੋਂ ਬਿਆਨ ਕਰਦੀ ਹੈ। ਵਿਕਟਰ ਫਰੈਂਕਲਿਨ ਦੀ ਮਾਨਸਿਕ ਚਿਕਿਤਸਾ (Meaning therapy - 1785) ਗੁਰਬਾਣੀ ਦੇ ਮਨੁੱਖੀ ਜੀਵਨ ਦੇ ਮੰਤਵ ਅਤੇ ਦੁੱਖਾਂ ਤੋਂ ਛੁਟਕਾਰੇ ਨਾਲ ਮਿਲਦੀ ਜੁਲਦੀ ਹੈ। ਆਧੁਨਿਕ ਮਨੋਵਿਗਿਆਨੀ ਜਿਵੇਂ ਡਾ ਜਸਵੰਤ ਸਿੰਘ ਨੇਕੀ, ਡਾ ਗੁਰਵਿੰਦਰ ਕਾਲੜਾ ਅਤੇ ਡਾ ਦਿਨੇਸ਼ ਭੁਗੜਾ ਅਤੇ ਕਮਲਾ ਨਈਅਰ ਨੇ ਆਪਣੀਆਂ ਪੁਸਤਕਾਂ ਅਤੇ ਖੋਜ ਪੱਤਰਾਂ ਵਿੱਚ ਗੁਰਮਤਿ ਦਰਸ਼ਨ ਰਾਹੀਂ ਮਨ ਦੀਆਂ ਬਿਮਾਰੀਆਂ ਦੂਰ ਕਰਕੇ ਇੱਕ ਸੰਤੁਲਿਤ ਖੁਸ਼ੀ ਜੀਵਨ ਜਿਊਣ ਦੀ ਜਾਚ ਦੀ ਸ਼ਲਾਘਾ ਕੀਤੀ ਹੈ।

ਗੁਰੂ ਗ੍ਰੰਥ ਸਾਹਿਬ ਵਿੱਚ ਮਨੁੱਖੀ ਭਾਵਨਾਵਾਂ ਜਿਵੇਂ ਖੁਸ਼ੀ, ਗਮੀ, ਉਦਾਸੀ, ਗੁੱਸਾ, ਬੇਚੈਨੀ, ਅਤੇ ਡਿਪ੍ਰੈਸ਼ਨ ਆਦਿ ਬਾਰੇ, ਇਹਨਾਂ ਦਾ ਸਾਡੇ ਜੀਵਨ ਤੇ ਪ੍ਰਭਾਵ ਅਤੇ ਇਹਨਾਂ ਤੋਂ ਬਚਣ ਦਾ ਤਰੀਕਾ ਵੀ ਦੱਸਿਆ ਗਿਆ ਹੈ। ਗੁਰਬਾਣੀ ਸਮਝਾਉਂਦੀ ਹੈ ਕਿ ਕਿਵੇਂ ਪਦਾਰਥਕ ਵਸਤੂਆਂ ਪ੍ਰਤੀ ਪਕੜ, ਹਉਮੈ ਅਤੇ ਇੱਛਾਵਾਂ ਵਿਅਕਤੀ ਨੂੰ ਮਾਨਸਿਕ ਤੌਰ ਤੇ ਦੁਖੀ ਕਰਦੀਆਂ ਹਨ ਜਦ ਕਿ ਪਰਮਾਤਮਾ ਦਾ ਨਾਮ ਸਿਮਰਨ ਅਤੇ ਗੁਣਾਂ ਭਰਪੂਰ ਜੀਵਨ ਸ਼ਾਂਤੀ ਅਤੇ ਸੰਤੋਖ ਲਿਆਉਂਦਾ ਹੈ। ਡਿਪ੍ਰੈਸ਼ਨ ਦੇ ਲੱਛਣ ਤੱਕ ਦੱਸਦੇ ਹੋਏ ਉਸਦਾ ਇਲਾਜ ਵੀ ਦੱਸਿਆ ਗਿਆ ਹੈ। ਗੁਰੂ ਗ੍ਰੰਥ ਸਾਹਿਬ ਵਿੱਚ ਦੱਸੇ ਗਏ ਨੈਤਿਕ ਗੁਣ ਅਪਨਾਉਣ ਤੋਂ ਬਾਅਦ ਇਹ ਸਵਾਲ ਹੀ ਪੈਦਾ ਨਹੀਂ ਹੁੰਦਾ ਕਿ ਮਨ ਵਿੱਚ ਕੋਈ ਛੋਟਾ ਜਿਹਾ ਵੀ ਵਿਕਾਰ ਰਹਿ ਜਾਵੇ।

**ਆਧੁਨਿਕ ਨਿਊਰੋ ਸਾਇੰਸ ਬਨਾਮ ਗੁਰਬਾਣੀ ਦੀ ਇਲਾਜ ਪ੍ਰਣਾਲੀ:** ਆਧੁਨਿਕ ਨਿਊਰੋ ਸਾਇੰਸ ਨੇ ਦਿਖਾਇਆ ਹੈ ਕਿ ਲਗਾਤਾਰ ਭਗਤੀ ਦਿਮਾਗੀ ਬਣਤਰ ਅਤੇ ਕਾਰਜਵਿਧੀ ਵਿੱਚ ਤਬਦੀਲੀਆਂ ਲਿਆਉਣ ਦੇ ਯੋਗ ਹੈ।

**ਨਿਊਰੋਟ੍ਰਾਂਸਮੀਟਰ ਸ਼ਿਫਟਾਂ (Neurotransmitter Shifts):** ਭਗਤੀ ਲਾਭਦਾਇਕ ਰਸਾਇਣਾਂ ਦੀ ਮਾਤਰਾ ਜਿਵੇ ਡੋਪਾਮਾਈਨ (ਆਨੰਦ), ਸੈਰੋਟੋਨਿਨ (ਖੁਸ਼ੀ), ਗਾਬਾ (ਸ਼ਾਂਤੀ ) ਵਧਾ ਕੇ ਅਭਿਆਸੀਆ ਵਿੱਚ ਸ਼ਾਂਤੀ ਅਤੇ ਸੰਤੋਖ ਦੀ ਅਵਸਥਾ ਪੈਦਾ ਕਰਦੀ ਹੈ।

**ਦਿਮਾਗੀ ਲਹਿਰਾਂ ਵਿੱਚ ਬਦਲਾਅ (Brain wave changes):** (Hans Berger 1924) ਭਗਤੀ ਤੇਜ਼ ਅਤੇ ਤਣਾਅ ਵਾਲੀਆਂ ਦਿਮਾਗੀ ਤਰੰਗਾਂ ਨੂੰ ਹੌਲੀ ਅਤੇ ਸਾਂਤਮਈ ਪੈਟਰਨ ਵਾਲੀਆਂ ਤਰੰਗਾਂ ਵਿੱਚ ਬਦਲਦੀ ਹੈ, ਇਹ ਡੂੰਘੀ ਇਕਾਗਰਤਾ ਅਤੇ ਆਰਾਮ ਦੇ ਬਰਾਬਰ ਹੁੰਦਾ ਹੈ, ਜਿਸ ਨਾਲ ਇਕਾਗਰਤਾ ਅਤੇ ਇਕਾਂਤ ਮਜ਼ਬੂਤ ਹੁੰਦੀ ਹੈ।

**ਧਿਆਨ ਅਤੇ ਸਵੈ-ਨਿਯਮ (Mindfulness and Self-Regulation):** (John Kabat Zinn 20th century) ਵਧਿਆ ਹੋਇਆ ਮੂਹਰਲਾ (Frontal) ਅਤੇ ਲਿੰਬਿਕ (Limbic) ਨੈਟਵਰਕ, ਧਿਆਨ ਕੰਟਰੋਲ, ਭਾਵਨਾ ਸੰਤੁਲਨ, ਅਤੇ ਸਵੈ ਚੇਤਨਤਾ ਵਿੱਚ ਵਾਧਾ ਕਰਦਾ ਹੈ। ਸ਼ਬਦ ਨੂੰ ਇੱਕ ਤਰੰਗ (vibration) ਮੰਨਿਆ ਜਾਂਦਾ ਹੈ। ਪ੍ਰਾਚੀਨ ਸੰਸਕ੍ਰਿਤ ਅਤੇ ਯੋਗ ਵਿਚ "ਨਾਦ" ਦੀ ਮਹੱਤਤਾ ਬਹੁਤ ਜ਼ਿਆਦਾ ਹੈ।

ਗੁਰਬਾਣੀ ਦੀ ਇਲਾਜ ਪ੍ਰਣਾਲੀ ਮੁੱਖ ਰੂਪ ਵਿਚ ਇਸ ਨਾਲ ਮੇਲ ਖਾਂਦੀ ਹੈ।

**੧. ਨਾਮ ਸਿਮਰਨ ਅਤੇ ਅਰਦਾਸ:** ਗੁਰਬਾਣੀ ਦਾ ਜਾਪ, ਨਾਮ ਸਿਮਰਨ ਅਤੇ ਅਰਦਾਸ ਨੂੰ ਗੁਰੂ ਗ੍ਰੰਥ ਸਾਹਿਬ ਜੀ ਅੰਦਰ ਮਨ ਨੂੰ ਸ਼ਾਂਤ ਕਰਨ ਵਾਲਾ ਅਤੇ ਨਕਾਰਾਤਮਕ ਸੋਚਾਂ ਨੂੰ ਦੂਰ ਕਰਨ ਵਾਲਾ ਆਖਿਆ ਗਿਆ । ਗੁਰਬਾਣੀ ਭਗਤੀ ਅਭਿਆਸ ਤੇ ਜੋਰ ਦਿੰਦੀ ਹੈ ਜਿਸਦੀਆਂ ਜੜ੍ਹਾਂ ਧੁਨਿ ਅਤੇ ਚੇਤਨਤਾ ਵਿੱਚ ਹਨ ਪਰੰਪਰਿਕ ਸਿੱਖ ਭਗਤੀ ਪ੍ਰਭੂ ਦੇ ਨਾਮ ਨੂੰ ਸਾਹ ਨਾਲ ਇੱਕਸੁਰ ਕਰਕੇ ਚੇਤਨਤਾ ਅਤੇ ਪ੍ਰਭੂ ਨਾਲ ਇੱਕਮਿੱਕਤਾ ਹੋਣ ਵਾਲੀ ਨਾਮ ਸਿਮਰਨ ਵਾਲੀ ਹੈ।

ਅਭਿਆਸੀਆ ਨੂੰ ਆਪਣੀ ਆਵਾਜ਼ (ਮਨ ਵਿਚਲੀ ਦੁਹਰਾਈ) ਨੂੰ ਸੁਣਨ ਲਈ ਉਤਸ਼ਾਹਿਤ ਕੀਤਾ ਜਾਂਦਾ ਹੈ, ਜਿਸ ਨਾਲ ਧਿਆਨ ਅੰਤਰਮੁਖੀ ਕਰਨ ਅਤੇ ਬਿਨਾਂ ਪਿੱਛਾ ਕੀਤੇ ਫੁਰਨਿਆਂ ਦਾ ਪ੍ਰੇਖਣ ਕੀਤਾ ਜਾਂਦਾ ਹੈ। ਅਭਿਆਸੀ ਸ਼ੁਰੂ ਵਿੱਚ ਮੰਤਰ ਉਚਾਰਣ ਤੋਂ ਆਰੰਭ ਕਰਦੇ ਹਨ, ਫੇਰ ਹੌਲੀ ਹੌਲੀ ਆਪਣੇ ਆਪ ਅਜਪਾ ਜਾਪ ਵੱਲ ਵਧਦੇ ਹਨ, ਜਿਸ ਨਾਲ ਗੰਭੀਰ ਸ਼ਾਂਤੀ ਅਤੇ ਸਮਾਧੀ ਮਿਲਦੀ ਹੈ। ਗੁਰਬਾਣੀ ਭਗਤੀ ਜੋਗੀਆਂ ਦੇ ਆਸਣ ਅਤੇ ਸਮਾਧੀਆਂ ਵਾਂਗ ਨਹੀਂ ਹੈ। ਮੰਤਵ ਭਗਤੀ ਦੀ ਅਵਸਥਾ ਨੂੰ ਹਰ ਸਮੇਂ ਕਾਇਮ ਰੱਖਣਾ ਹੈ। ਕੁਝ ਫੁਰਮਾਨ **ਜਿਸੁ ਸਿਮਰਤ ਸੁਖੁ ਹੋਇ ਘਣਾ ਦੁਖੁ ਦਰਦੁ ਨ ਮੂਲੇ ਹੋਇ ।। ਸਦਾ ਸਦਾ ਕਰਿ ਚਾਕਰੀ ਪ੍ਰਭੁ ਸਾਹਿਬੁ ਸਚਾ ਸੋਇ ।। (ਪੰਨਾ ੪੪, ਸ੍ਰੀਰਾਗੁ ਮਹਲਾ ੫)**

**੨. ਸਾਧ-ਸੰਗਤ:** ਗੁਰੂ ਗ੍ਰੰਥ ਸਾਹਿਬ ਜੀ ਵਿਚ ਨਾਮ ਰੱਤੇ ਵਿਅਕਤੀਆਂ ਦੀ ਸੰਗਤ ਦੀ ਬਹੁਤ ਮਹਿਮਾ ਹੈ। ਇਹ ਮਾਨਸਿਕ ਤੌਰ ਤੇ ਇੱਕ ਵਿਅਕਤੀ ਨੂੰ ਉੱਚਾ ਚੁੱਕਦੀ ਹੈ। ਇਸ ਨਾਲ ਵਿਅਕਤੀ ਦੇ ਗੁਣਾਂ ਵਿਚ ਵਾਧਾ ਹੁੰਦਾ ਹੈ। ਜਿਸ ਨੂੰ ਮਨੋਵਿਗਿਆਨਕ ਸਮਾਜਿਕ ਆਸਰਾ ਆਖਦੇ ਹਨ।

**ਹਰਿ ਹਰਿ ਨਾਮੁ ਮਿਲੈ ਤ੍ਰਿਪਤਾਸਹਿ ਮਿਲਿ ਸੰਗਤਿ ਗੁਣ ਪਰਗਾਸਿ।। (ਪੰਨਾ ੧੦,ਰਾਗੁ ਗੁਜਰੀ ਮਹਲਾ ੪)**

**੩. ਸੇਵਾ:** ਦੂਜਿਆਂ ਦੀ ਕੀਤੀ ਗਈ ਨਿਸ਼ਕਾਮ ਸੇਵਾ ਹਉਮੈ ਨੂੰ ਦੂਰ ਕਰਦੀ ਹੈ ਅਤੇ ਦੂਸਰੇ ਮਾਨਸਿਕ ਸਕੂਨ ਦਿੰਦੀ ਹੈ। ਗੁਰਬਾਣੀ ਵਿਚ ਦੱਸੇ ਹੋਰ ਗੁਣ ਧਾਰਨ ਕਰਨ ਨਾਲ ਮਨੁੱਖੀ ਮਨ ਅਤੇ ਇਸਲਈ ਤਨ ਵੀ ਸ਼ਾਂਤ ਅਤੇ ਤੰਦਰੁਸਤ ਰਹਿੰਦਾ ਹੈ।

**ਆਪੁ ਗਵਾਇ ਸੇਵਾ ਕਰੇ ਤਾ ਕਿਛੁ ਪਾਏ ਮਾਨੁ ।। ਨਾਨਕ ਜਿਸ ਨੋ ਲਗਾ ਤਿਸੁ ਮਿਲੈ ਲਗਾ ਸੋ ਪਰਵਾਨੁ ।। (ਪੰਨਾ ੪੭੪, ਸਲੋਕ ਮਹਲਾ ੨)**

ਸ਼ਬਦ ਦੇ ਜਾਪ ਨਾਲ ਨਾ ਸਿਰਫ਼ ਮਨੁਖੀ ਮਨ ਤੇ ਪ੍ਰਭਾਵ ਪੈਂਦਾ ਹੈ, ਸਗੋਂ ਸਰੀਰ ਦੇ ਊਰਜਾ ਕੇਂਦਰਾਂ/ਚੱਕਰਾਂ (Energy Centers) ਤੇ ਵੀ ਸੁਧਾਰ ਹੁੰਦਾ ਹੈ। ਆਧੁਨਿਕ ਨਾਦ ਤੇ ਸੰਗੀਤ ਚਿਕਿਤਸਾ (Sound and Music Therapy) ਵੀ ਇਸ ਗੱਲ ਨੂੰ ਮੰਨਦੇ ਹਨ।

**ਉਦਾਹਰਣ**: ਹਾਰਟਮੈਥ ਇੰਸਟੀਚਿਊਟ (Heart Math Institute) ਨੇ ਖੋਜ-ਅਧਿਐਨ ਕੀਤੇ (Studies) ਹਨ ਜਿਨ੍ਹਾਂ ਅਨੁਸਾਰ ਜਾਪ ਕਰਨ (Chanting) ਨਾਲ ਦਿਲ ਦੀ ਧੜਕਣ ਵਧਣ-ਘਟਣ (Heart Rate Variability) ਤੇ ਬਲੱਡ ਪ੍ਰੈਸ਼ਰ ਵਿਚ ਸੁਧਾਰ ਆਉਂਦਾ ਹੈ।

**ਵਿਗਿਆਨ ਨੇ ਗੁਰਬਾਣੀ ਤੋਂ ਬਾਹਰ ਕੀ ਦਿੱਤਾ ਹੈ?:** ਵਿਗਿਆਨ ਦੀ ਸਭ ਤੋਂ ਵੱਡੀ ਪ੍ਰਾਪਤੀ ਇਹ ਹੈ ਕਿ ਇਸਨੇ ਕੁਦਰਤ ਦੇ ਕੁਝ ਬਾਹਰੀ ਭੇਦ ਸਮਝੇ ਹਨ ਅਤੇ ਦ੍ਰਿਸ਼ਟੀਮਾਨ ਸੰਸਾਰ ਵਿੱਚ ਮਨੁੱਖ ਦੇ ਜਿਊਣ ਨੂੰ ਸੌਖਾ ਕਰ ਦਿੱਤਾ ਹੈ। ਆਪਣੇ ਸਿਧਾਂਤਾਂ ਤੇ ਅਧਾਰਿਤ ਬਹੁਤ ਜਿਆਦਾ ਮਾਤਰਾ ਵਿਚ ਉਪਕਰਨ ਬਣਾਏ ਹਨ, ਜਿਹਨਾਂ ਨੇ ਮਨੁੱਖ ਦੇ ਬਾਹਰੀ ਕੰਮ ਸੌਖੇ ਕਰ ਦਿੱਤੇ ਹਨ। ਇਸੇ ਤਰਾਂ ਮਨੁੱਖੀ ਸਰੀਰ ਅੰਦਰਲੇ ਅੰਗਾਂ, ਅਤੇ ਅੰਗ ਪ੍ਰਣਾਲੀਆਂ ਦੀ ਬਣਤਰ ਅਤੇ ਕਾਰਜਵਿਧੀ ਨੂੰ ਸਮਝ ਕੇ ਉਹਨਾਂ ਦੇ ਠੀਕ ਕੰਮ ਕਰਨ ਨੂੰ ਚੱਲਦਾ ਰੱਖਣ ਲਈ ਕਾਫੀ ਮੱਦਦ ਕੀਤੀ ਹੈ। ਪਰ ਇਹ ਸਭ ਕੁਝ ਪ੍ਰੈਕਟੀਕਲ ਵਰਤਾਰੇ ਥੋੜ੍ਹ ਚਿਰੇ ਹਨ ਅਤੇ ਮਨੁੱਖੀ ਆਤਮਾ ਦੀ ਧੁਰ ਅੰਦਰਲੀ ਉਤਸੁਕਤਾ ਨੂੰ ਸੰਤੁਸ਼ਟ ਨਹੀਂ ਕਰਦੇ।

**ਗੁਰੂ ਗ੍ਰੰਥ ਸਾਹਿਬ ਵਿੱਚ ਵਿਗਿਆਨ ਤੋਂ ਵੱਧ ਕੀ ਹੈ ??**

ਗੁਰੂ ਗ੍ਰੰਥ ਸਾਹਿਬ ਦੀ ਬਾਣੀ ਕਿਸੇ ਸੀਮਾ ਵਿਚ ਨਹੀਂ ਬੱਝੀ। ਉਹ ਅਸੀਮ ਦੀ ਗੱਲ ਕਰਦੀ ਹੈ। ਉਸ ਵਿੱਚ ਵਿਗਿਆਨ ਵਾਂਗ ਨਿੱਤ ਨਵੀਆਂ ਤਬਦੀਲੀਆਂ ਨਹੀਂ ਆਉਂਦੀਆਂ। ਉਸ ਨੇ ਤਾਂ ਪੂਰੇ ਜਗਤ, ਅਤੇ ਉਸਦੇ ਮਾਲਕ ਅਕਾਲ ਪੁਰਖ ਬਾਰੇ ਪੂਰਨ ਸੱਚ ਬਿਆਨ ਕਰ ਦਿੱਤਾ ਹੈ, ਬੇਸ਼ੱਕ ਸਾਨੂੰ ਵੀ ਅਜੇ ਗੁਰਬਾਣੀ ਦੇ ਲੱਖਾਂ ਰਹੱਸ ਸਮਝ ਨਹੀਂ ਆਏ। ਗੁਰੂ ਗ੍ਰੰਥ ਸਾਹਿਬ ਜੀ ਜੀਵਨ ਦਾ ਮਕਸਦ, ਜੀਵਨ ਦੀਆਂ ਕਦਰਾਂ ਕੀਮਤਾਂ, ਹਮਦਰਦੀ ਅਤੇ ਰੂਹਾਨੀ ਜੀਵਨ ਜਾਚ ਦੀ ਗੱਲ ਕਰਦੇ ਹਨ, ਜਿਸ ਬਾਰੇ ਵਿਗਿਆਨ ਬਿਲਕੁਲ ਚੁੱਪ ਰਹਿਣਾ ਠੀਕ ਸਮਝਦੀ ਹੈ। ਗੁਰਬਾਣੀ ਵਿੱਚ ਬਿਆਨ ਕੀਤੇ ਰੂਹਾਨੀ ਤਜਰਬੇ, ਬਖਸ਼ਿਸ਼, ਅਭੇਦਤਾ , ਭੌਤਿਕ ਜਗਤ ਤੋਂ ਪਾਰ ਬਾਰੇ ਕਥਨ , ਫਿਲਹਾਲ ਤਾਂ ਵਿਗਿਆਨ ਦੇ ਵਸ ਤੋਂ ਬਾਹਰ ਦੀ ਗੱਲ ਲਗਦੀ ਹੈ। ਗੁਰਬਾਣੀ ਦਾ ਸੱਚ ਕਦੇ ਬਦਲਦਾ ਨਹੀਂ। ਉਹ ਪਹਿਲਾਂ ਵੀ ਓਹਾ ਜਿਹਾ ਹੀ ਸੀ, ਹੁਣ ਵੀ ਉਸੇ ਤਰਾਂ ਹੈ ਅਤੇ ਭਵਿੱਖ ਵਿੱਚ ਵੀ ਇਸੇ ਤਰਾਂ ਹੀ ਰਹੇਗਾ।

ਗੁਰੂ ਗ੍ਰੰਥ ਸਾਹਿਬ ਜੀ ਵਿੱਚ ਵਰਣਨ ਰੂਹਾਨੀਅਤ, ਜਿਸ ਦੀ ਲੱਖ ਯਤਨ ਕਰਨ ਤੇ ਵੀ ਪੂਰੀ ਥਾਹ ਪਾਉਣੀ ਸੰਭਵ ਨਹੀਂ ਹੈ, ਵਿਗਿਆਨ ਕਿੰਨੀਆਂ ਵੀ ਨਵੀਆਂ ਖੋਜਾਂ ਕਿਉਂ ਨਾ ਕਰ ਲਵੇ, ਆਪਣੀਆਂ ਸੀਮਾਵਾਂ ਤੋਂ ਬਾਹਰ ਨਹੀਂ ਆ ਸਕਦੀ। ਮਨੁੱਖ ਦੀ ਅਤੇ ਮਨੁੱਖ ਦੁਆਰਾ ਖੋਜੇ ਗਏ ਯੰਤਰਾਂ ਦੀ ਪ੍ਰੇਖਣ ਸ਼ਕਤੀ ਇੱਕ ਸੀਮਾ ਵਿੱਚ ਹੈ ਅਤੇ ਕਰੋੜਾਂ ਬ੍ਰਹਿਮੰਡਾਂ ਦਾ ਮਾਲਕ ਅਕਾਲ ਪੁਰਖ ਅਤੇ ਉਸਨੂੰ ਬਿਆਨ ਕਰਨ ਵਾਲੀ ਗੁਰਬਾਣੀ ਹਮੇਸ਼ਾ

ਹੀ ਉੱਤਮ ਦਰਜੇ ਤੇ ਰਹੇਗੀ। ਅਸੀਂ ਇਸ ਸਾਗਰ ਵਿੱਚ ਸਮਾ ਤਾਂ ਸਕਦੇ ਹਾਂ, ਪਰ ਇਸ ਦੀ ਗਹਿਰਾਈ ਆਦਿ ਬਾਰੇ ਕੁਝ ਨਹੀਂ ਦੱਸ ਸਕਦੇ ।

**ਵਿਗਿਆਨ ਅਤੇ ਗੁਰਬਾਣੀ ਦੇ ਵੱਖਰੇ ਖੇਤਰ:** ਸਾਰੀ ਵਿਗਿਆਨ ਨੂੰ ਗੁਰਬਾਣੀ ਵਿਚੋਂ ਲੱਭਣਾ ਵੀ ਜਾਇਜ਼ ਨਹੀਂ ਹੈ। ਨਾ ਹੀ ਵਿਗਿਆਨ ਤੇ ਐਨਾ ਮਾਣ ਕਰਨਾ ਚਾਹੀਦਾ ਹੈ ਕਿ ਹਰ ਕੁਝ ਵਿਗਿਆਨ ਰਾਹੀਂ ਸੰਭਵ ਹੈ। ਅਸਲ ਵਿੱਚ ਵਿਗਿਆਨ ਨੇ ਮਨੁੱਖੀ ਸਰੀਰ ਅਤੇ ਕੁਦਰਤ ਦੀ ਬਣਤਰ ਅਤੇ ਕਾਰਜਵਿਧੀ ਨੂੰ ਹੀ ਆਪਣੀ ਖੋਜ ਦੇ ਕੇਂਦਰ ਵਿਚ ਰੱਖਿਆ ਹੋਇਆ ਹੈ। ਮਨ, ਮੁੱਖ ਰੂਪ ਵਿੱਚ ਵਿਗਿਆਨ ਦੀ ਪਕੜ ਵਿਚ ਨਹੀਂ ਆਉਂਦਾ। ਗੁਰਬਾਣੀ ਤਨ ਅਤੇ ਮਨ ਦੀ ਗੱਲ ਵਧੇਰੇ ਕਰਦੀ ਹੈ। ਗੁਰਵਾਕ ਹੈ -

**ਇਸੁ ਮਨ ਕਉ ਕੋਈ ਖੋਜਹੁ ਭਾਈ ।। ਤਨ ਛੂਟੇ ਮਨੁ ਕਹਾ ਸਮਾਈ ।। (ਪੰਨਾ ੩੩੦, ਰਾਗੁ ਗਉੜੀ ਗੁਆਰੇਰੀ ਅਸਟਪਦੀ ਕਬੀਰ ਜੀ ਕੀ)**

**ਭਵਿੱਖ ਵਿੱਚ ਖੋਜ ਦੀ ਸੰਭਾਵਨਾ:** ਵਿਗਿਆਨ ਲਗਾਤਾਰ ਖੋਜ ਕਰਦੀ ਆ ਰਹੀ ਹੈ ਅਤੇ ਹਰ ਨਵੇਂ ਦਿਨ ਇੱਕ ਨਵੀਂ ਖੋਜ ਵੱਲ ਕਦਮ ਵਧਾ ਰਹੀ ਹੈ। ਸਾਪੇਖਤਾ (Relativity), ਸਟੈਮ ਸੈਲ, ਕਲੋਨਿੰਗ, ਆਰਟੀਫਿਸ਼ੀਅਲ ਇੰਟੈਲੀਜੈਂਸ, ਨਾਨ-ਏਜਿੰਗ ਕਲੇਮ ਅਤੇ ਲਾਈਫ ਐਕਸਟੈਨਸ਼ਨ, ਵਿਗਿਆਨਕ ਤਰੀਕਿਆਂ ਨਾਲ ਮਨ ਤੇ ਕਾਬੂ ਆਦਿ ਅਜਿਹੇ ਨਵੇਂ ਵਿਸ਼ੇ ਹਨ, ਜਿਹਨਾਂ ਤੇ ਹੋ ਰਹੀ ਨਵੀ ਖੋਜ ਭਵਿੱਖ ਵਿਚ ਵੱਡੀ ਕ੍ਰਾਂਤੀ ਲਿਆ ਸਕਦੀ ਹੈ। ਵਿਗਿਆਨ ਦੀਆਂ ਨਵੀਆਂ ਖੋਜਾਂ ਅਤੇ ਵਧਦੇ ਹੋਏ ਪਸਾਰੇ ਨੂੰ ਦੇਖਦੇ ਹੋਏ ਇਹ ਆਸ ਕੀਤੀ ਜਾ ਸਕਦੀ ਹੈ ਕਿ ਜੋ ਗੁਰਬਾਣੀ ਵਿੱਚ ਦੱਸਿਆ ਅਜੇ ਵਿਗਿਆਨ ਪੂਰਨ ਤੌਰ ਤੇ ਦੱਸ ਨਹੀਂ ਸਕੀ, ਆਉਣ ਵਾਲੇ ਸਮੇਂ ਉਹਨਾਂ ਖੇਤਰਾਂ ਵਿੱਚ ਹੋਰ ਖੋਜ ਹੋਏਗੀ ਅਤੇ ਚੰਗੇ ਨਤੀਜਿਆਂ ਦੀ ਆਸ ਰੱਖੀ ਜਾ ਸਕਦੀ ਹੈ। ਉਦਾਹਰਣ ਵਜੋਂ ਬਿਗ ਬੈਗ ਥਿਊਰੀ ਅਜੇ ਹੋਰ ਖੋਜ ਦੀ ਮੰਗ ਕਰਦੀ ਹੈ। ਵਿਗਿਆਨ ਨੇ ਧੁਨੀ ਤੇ ਖੋਜ ਅਜੇ ਹੋਰ ਕਰਨੀ ਹੈ ਜਿਹੜੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ:

**ਉਤਪਤਿ ਪਰਲਉ ਸਬਦੇ ਹੋਵੈ ।।ਸਬਦੇ ਹੀ ਫਿਰਿ ਓਪਤਿ ਹੋਵੈ ।। (ਪੰਨਾ ੧੧੭, ਮਾਝ ਮਹਲਾ ੩)**

ਦੀ ਵਿਆਖਿਆ ਕਰ ਸਕਦੀ ਹੋਏਗੀ। ਸਾਨੂੰ ਵਿਗਿਆਨ ਤੇ ਆਸ ਹੈ ਕਿ ਇੱਕ ਦਿਨ ਇਹ ਹੋਰ ਨਵੇਂ ਸਿਧਾਂਤਾਂ ਰਾਹੀਂ ਗੁਰਮਤਿ ਸਿਧਾਂਤ ਦਾ ਹੀ ਬੁਲਾਰਾ ਬਣੇਗੀ। ਗੁਰੂ ਗ੍ਰੰਥ ਸਾਹਿਬ ਦੀ ਬਾਣੀ ਵੀ ਨਵੀਂ ਵਿਆਖਿਆ ਪ੍ਰਾਪਤ ਕਰਦੀ ਰਹੇਗੀ। ਇਸ ਸਾਗਰ ਵਿੱਚ ਕੋਈ ਜਿੰਨੀ ਡੂੰਘੀ ਚੁੱਭੀ ਲਵੇਗਾ, ਉਤਨੀ ਵੱਧ ਮਾਤਰਾ ਵਿੱਚ ਹੀਰੇ ਮੋਤੀ ਲੱਭ ਸਕੇਗਾ। ਇਸ ਵਿਸ਼ੇ ਤੇ ਨਵੇਂ ਖੋਜੀ ਖੋਜ ਕਰਦੇ ਰਹਿਣਗੇ।

**ਆਧੁਨਿਕ ਵਿਗਿਆਨਕ ਸੋਚ ਅਤੇ ਰੂਹਾਨੀਅਤ ਵਿਚ ਸੰਤੁਲਨ:** ਬਦਕਿਸਮਤੀ ਨਾਲ ਇਸ ਸਮੇ ਦੋਵੇ ਸ਼ਕਤੀਆਂ ਦੇ ਸਮਰਥਕ ਇੱਕ ਦੂਜੇ ਦੇ ਵਿਰੋਧ ਵਿੱਚ ਖੜ੍ਹੇ ਹਨ। ਧਾਰਮਿਕ ਸ਼ਰਧਾ ਵਾਲੇ ਇੰਨੇ ਜਿਆਦਾ ਸ਼ਰਧਾ ਵਿੱਚ ਡੁੱਬ ਗਏ ਹਨ ਕਿ ਉਹ ਧਾਰਮਿਕ ਵਰਤਾਰਿਆਂ ਨੂੰ ਬਿਨਾਂ ਪੂਰੀ ਤਰਾਂ ਸਮਝਣ ਤੋਂ ਹੀ ਉਹਨਾਂ ਦੇ ਹੱਕ ਵਿੱਚ ਡਟ ਜਾਂਦੇ ਹਨ। ਅਤੇ ਹਲਕਾ ਜਿਹਾ ਵਿਰੋਧ ਵੀ ਸਹਿਣ ਦੀ ਸਮਰੱਥਾ ਗਵਾਚ ਦਿੰਦੇ ਹਨ। ਦੂਸਰੇ ਪਾਸੇ ਵਿਗਿਆਨ ਦੇ ਆਧੁਨਿਕ ਸ਼ਰਧਾਲੂ ਵੀ ਕੱਟੜਤਾ ਵਿੱਚ ਫਸੇ ਹੋਏ ਹਨ। ਕੋਈ ਵਿਗਿਆਨਕ ਐਨੀ ਦ੍ਰਿੜ੍ਹਤਾ ਨਾਲ ਉਹ ਸਿਧਾਂਤ ਵੀ ਨਹੀਂ ਦਿੰਦਾ, ਜਿੰਨੇ ਜੋਰ ਨਾਲ ਇਹ ਆਧੁਨਿਕ ਬੁੱਧੀਜੀਵੀ ਆਪਣੀ ਕਥਿਤ ਵਿਗਿਆਨਕ ਬੁੱਧੀ ਨੂੰ ਸਰਬ ਕਲਾ ਸਮਰੱਥ ਸਮਝਣ ਲੱਗਦੇ ਹਨ ਅਤੇ ਇਹ ਇਤਿਹਾਸ ਅਤੇ ਗੁਰਬਾਣੀ ਦੀ ਹਰ ਗੱਲ ਜਿਸ ਵਿਚ ਕਿਧਰੇ ਕਰਾਮਾਤ, ਬਖਸ਼ਿਸ਼ ਆਦਿ ਵਰਗੀ ਗੱਲ ਹੈ, ਉਸਨੂੰ ਇਹ ਅਵਿਗਿਆਨਕ ਆਖ ਕੇ ਰੱਦ ਕਰਦੇ ਹਨ। ਜਿੱਥੇ ਪਹਿਲੀ ਵਰਗ ਦੇ ਲੋਕ ਅੰਧ ਵਿਸ਼ਵਾਸ਼ੀ ਹੋਣ ਕਰਕੇ ਲੁੱਟ ਦਾ ਕਾਰਨ ਬਣਦੇ ਹਨ ਅਤੇ ਲੋਟੂਆ ਨੂੰ ਉਤਸ਼ਾਹਿਤ ਕਰਦੇ ਹਨ, ਉੱਥੇ ਦੂਜੇ ਵਰਗ ਦੇ ਬੁੱਧੀਜੀਵੀ ਸਿਰਫ ਪਦਾਰਥਕ ਸੁੱਖਾਂ ਨੂੰ ਹੀ ਜੀਵਨ ਦੀ ਮੰਜ਼ਿਲ ਬਣਾ ਲੈਣ ਦੀ ਵੱਡੀ ਗਲਤੀ ਕਰਦੇ ਹਨ। ਲੋੜ ਹੈ ਇਹਨਾਂ ਦੋਹਾਂ ਦੇ ਸੰਤੁਲਨ ਦੀ। ਵਿਗਿਆਨ ਦੀਆਂ ਅੱਖਾਂ ਨਾਲ ਧਰਮ ਦੇ ਪੈਰਾਂ ਨਾਲ ਤੁਰਨ ਵਾਲਾ ਇਨਸਾਨ ਕਾਫੀ ਠੀਕ ਮਾਰਗ ਤੇ ਚੱਲ ਸਕਦਾ ਹੈ। ਆਪਣੇ ਮਨ ਨੂੰ ਕਾਬੂ ਕਰਨ ਬਾਰੇ ਵੀ ਉਤਨੀ ਹੀ ਗੰਭੀਰਤਾ ਨਾਲ ਵਿਚਾਰ ਕਰਨੀ ਬਣਦੀ ਹੈ ਜਿੰਨੀ ਨਾਲ ਸਰੀਰ ਦੇ ਰੋਗਾਂ ਬਾਰੇ ਅਤੇ ਤੰਦਰੁਸਤ ਰਹਿਣ ਲਈ ਯਤਨ ਕੀਤੇ ਜਾਂਦੇ ਹਨ। ਇਨਸਾਨ ਨੂੰ ਜਿੰਨਾ ਕੁ ਸਮਾਂ ਉਹ ਕੱਢ ਸਕੇ, ਨਾਮ ਸਿਮਰਨ ਵਿੱਚ ਵੀ ਲਗਾਉਣਾ ਚਾਹੀਦਾ ਹੈ। ਅਤੇ ਉਸਦੇ ਨਾਲ ਗੁਰਬਾਣੀ ਵਿੱਚ ਵਰਣਨ ਕੀਤੇ ਹੋਏ ਗੁਣ ਆਪਣੀ ਜ਼ਿੰਦਗੀ ਵਿੱਚ ਧਾਰਨ ਕਰਨੇ ਚਾਹੀਦੇ ਹਨ। ਇਹ ਨਿਰਮਲ ਕਰਮ ਹੀ ਉਸਨੂੰ ਇਸ ਦੁਨੀਆਂ ਵਿੱਚ ਸਾਵਾਂ ਅਤੇ ਸੰਤੁਲਿਤ ਜੀਵਨ ਜਿਊਣ ਦੇ ਯੋਗ ਬਣਾਉਣਗੇ ਅਤੇ ਨਾਮ ਸਿਮਰਨ ਉਸਨੂੰ ਆਪਾ ਚੀਨਣ ਅਤੇ ਅਸਲੀਅਤ ਨੂੰ ਜਾਨਣ ਵਿੱਚ ਮੱਦਦਗਾਰ ਹੋਏਗਾ।

**ਸਿੱਟਾ:** ਗੁਰਬਾਣੀ ਅਤੇ ਵਿਗਿਆਨ ਇੱਕ ਦੂਜੇ ਦੇ ਵਿਰੋਧੀ ਨਹੀਂ, ਸਗੋਂ ਇੱਕ ਦੂਜੇ ਦੇ ਪੂਰਕ ਹਨ। ਜਿਵੇਂ ਅਸੀਂ ਬਾਹਰੀ ਜਗਤ ਵਿੱਚ ਵਿਗਿਆਨਕ ਖੋਜਾਂ ਨੂੰ ਸਲਾਹਿਆ ਹੈ ਅਤੇ ਖੁੱਲ੍ਹ

ਕੇ ਉਹਨਾਂ ਦੀ ਵਰਤੋਂ ਵੀ ਕੀਤੀ ਹੈ ਅਤੇ ਕਰ ਰਹੇ ਹਾਂ, ਬਿਲਕੁਲ ਉਸੇ ਤਰਾਂ ਸਾਨੂੰ ਗੁਰਬਾਣੀ ਦੇ ਮਨ ਬਾਰੇ ਅਤੇ ਆਤਮਾ ਬਾਰੇ ਦਿੱਤੇ ਹੋਏ ਗਿਆਨ ਨੂੰ ਮੰਨਣ ਦੀ ਲੋੜ ਹੈ। ਮਨ ਨੂੰ ਕਾਬੂ ਕਰਨ ਲਈ ,ਇੱਕ ਸਹਿਜ ਅਵਸਥਾ ਵਾਲਾ ਨਿਰਭਉ ਅਤੇ ਨਿਰਵੈਰ ਇਨਸਾਨ ਬਣਨ ਲਈ ਅਤੇ ਆਤਮਾ ਦੇ ਲਗਾਤਾਰ ਚੱਲਦੇ ਪੰਧ ਬਾਰੇ ਜਾਨਣ ਲਈ ਗੁਰਬਾਣੀ ਨੂੰ ਪੜ੍ਹਨ ਸਮਝਣ ਅਤੇ ਅਧਿਐਨ ਦੀ ਅੱਜ ਵੀ ਬਹੁਤ ਜਿਆਦਾ, ਸਗੋਂ ਪਹਿਲਾਂ ਨਾਲੋਂ ਵੱਧ ਲੋੜ ਹੈ। ਗੁਰਬਾਣੀ ਦੀ ਸੱਚਾਈ ਤੇ ਦ੍ਰਿੜ੍ਹ ਵਿਸ਼ਵਾਸ਼ ਦੀ ਲੋੜ ਹੈ। ਇਸ ਤਰਾਂ ਗੁਰੂ ਗ੍ਰੰਥ ਸਾਹਿਬ ਵਿੱਚ ਇੱਕ ਸਮੱਗਰ ਦਰਸ਼ਨ ਹੈ ਜਿਹੜਾ ਅਨੁਭਵਤਮਕ ਵਿਗਿਆਨ ਨੂੰ ਰੂਹਾਨੀ ਗਿਆਨ ਨਾਲ ਜੋੜਦਾ ਹੈ ਅਤੇ ਮਨੁੱਖਤਾ ਦੇ ਟਿਕਾਊ ਭਵਿੱਖ ਲਈ ਇੱਕ ਸੰਤੁਲਿਤ ਮਾਡਲ ਪ੍ਰਦਾਨ ਕਰਦਾ ਹੈ ।

### ਹਵਾਲੇ:

1. Sahib Singh, Prof. (n.d.). Śrī Guru Granth Sāhib Darpaṇ [Commentary with meanings]. Amritsar: Lok Sahit Prakashan, 2. Neki, J. S. (1986). Gurmat Manovigyan [Gurmat Psychology]. New Delhi: National Book Shop, 3. Pitra, R. S. (2007). Spiritual embedded clinical approach. Indian Journal of Psychology and Allied Disciplines, 23(2), 45–52, 4. Nayar, K., & Bhugra, D. (2016). The Sikh view on happiness. London: Routledge, 5. Singh, D. P. (2008). Science and Sikhism: Conflict or coherence. New Delhi: Singh Brothers, 6. Sidhu, G. S. (2002). Sikh religion and science. Patiala: Publication Bureau, 7. Gaynor, M. (1999). The healing power of sound: Recovery from life-threatening illness using sound, voice, and music. Boston: Shambhala Publications, 8. https://www.wikipedia.org

ਜਸਵਿੰਦਰ ਸਿੰਘ ਰੂਪਾਲ ਐਮ.ਏ. (ਪੰਜਾਬੀ, ਅੰਗਰੇਜ਼ੀ, ਅਰਥ-ਸ਼ਾਸਤਰ, ਮਨੋਵਿਗਿਆਨ ਤੇ ਪੱਤਰਕਾਰੀ) ਅਤੇ ਬੀ.ਐੱਡ., ਕਰ ਕੇ ਲੈਕਚਰਾਰ ਰਹੇ ਹਨ। ਗ਼ਜ਼ਲ, ਛੰਦ-ਬੰਦੀ ਕਾਵਿ, ਹਾਇਕੂ, ਕਹਾਣੀ, ਲੇਖ ਤੇ ਆਲੋਚਨਾ ਦੀਆਂ 30



ਸਾਂਝੀਆਂ ਪੁਸਤਕਾਂ ਅਤੇ ਆਪਣੀਆਂ ਦੋ ਪੁਸਤਕਾਂ ਪੰਜਾਬੀ ਪਾਠਕਾਂ ਨੂੰ ਭੇਂਟ ਕੀਤੀਆਂ ਹਨ। ਉਹ ਪੰਜਾਬੀ-ਸਾਂਝ (ਜਰਮਨ) ਦੇ ਸਹਿ-ਸੰਪਾਦਕ ਹਨ। ਈ-ਮੇਲ: rupaljs@gmail.com

# ਵਕਤ

## ਅਮਨਦੀਪ ਸਿੰਘ

ਵਕਤ ਅਸਲ ਵਿੱਚ ਕੁੱਝ ਵੀ ਨਹੀਂ -
ਸਿਰਫ਼ ਤੁਸੀਂ ਹੀ ਹੋ -
ਜਿਉਂਦੇ... ਜਾਗਦੇ... ਧੜਕਦੇ ਹੋਏ...
ਆਪਣੀਆਂ ਆਸਾਂ ਤੇ ਸੁਪਨਿਆਂ ਨਾਲ਼
ਮੰਜ਼ਲ ਵੱਲ ਨੂੰ ਟੁਰਦੇ ਹੋਏ।
ਵਕਤ ਤਾਂ ਭਾਵਵਾਚਕ ਹੈ -
ਹਵਾ ਦੇ ਵਾਂਗ ਉਡਦਾ ਹੈ -
ਅਸੀਂ ਸਿਰਫ਼ ਮਹਿਸੂਸ ਕਰ ਸਕਦੇ ਹਾਂ... ਛੂਹ ਨਹੀਂ ਸਕਦੇ!
ਪਰ ਵਕਤ ਤੁਹਾਨੂੰ ਛੂਹ ਸਕਦਾ ਹੈ!
ਤੇ ਇਹ ਮਹਿਸੂਸ ਹੈ ਕਰਾਉਂਦਾ -
ਕਿ ਅਸੀਂ ਸੱਚਮੁੱਚ ਹੀ
ਇਸ ਜਹਾਨ ਵਿੱਚ ਵਿਚਰ ਰਹੇ ਹਾਂ...
ਤੇ ਭਾਵਵਾਚਕ ਨਹੀਂ ਹਾਂ!
ਸਿਰਫ਼ ਤੇ ਸਿਰਫ਼ ਇਸ ਪਲ ਵਿੱਚ ਹੀ ਜੀ ਰਹੇ ਹਾਂ -
ਯਾਦਾਂ ਤੇ ਸੁਪਨਿਆਂ ਦਾ ਸੂਤ ਵੱਟ ਰਹੇ ਹਾਂ!
ਪਿੱਛੇ ਜੋ ਬੀਤ ਗਿਆ - ਉਸਦੀਆਂ ਯਾਦਾਂ ਹਨ -
ਬੇਸਰੂਪ, ਧੁੰਦਲੀਆਂ ਜਿਹੀਆਂ!
ਅੱਗੇ ਕੀ ਹੈ ਕੁੱਝ ਨਹੀਂ ਪਤਾ -
ਸਿਰਫ਼ ਸੁਪਨੇ ਹੀ ਹਨ!
ਇਹ ਪਲ ਜਿਸ ਵਿੱਚ ਅਸੀਂ ਹਾਂ, ਸਿਰਫ਼ ਸਾਡਾ ਹੀ ਹੈ -
ਅਸਲ ਵਿੱਚ ਇਹ ਇੱਕ ਪਲ ਅਸੀਂ ਆਪ ਹੀ ਹਾਂ!
ਆਓ, ਇਸ ਇੱਕ ਪਲ ਨੂੰ ਜੀਵੀਏ!
(ਡੀ.ਐਚ. ਲਾਰੇਂਸ ਤੋਂ ਪ੍ਰੇਰਿਤ)



# ਮੈਂ ਵਿਗਿਆਨ ਕਹਾਣੀਆਂ ਕਿਉਂ ਲਿਖਦਾ ਹਾਂ??

## ਅਜਮੇਰ ਸਿੱਧੂ

ਮੈਂ ਸੰਨ 1986 ਵਿੱਚ ਦਸਵੀਂ ਜਮਾਤ ਦਾ ਵਿਦਿਆਰਥੀ ਸੀ। ਸਾਨੂੰ ਅੰਗਰੇਜ਼ੀ ਦੇ ਸਿਲੇਬਸ ਵਿੱਚ ਇੱਕ ਕਹਾਣੀ Footprints Without Feet ਲੱਗੀ ਹੋਈ ਸੀ। ਹੈਡਮਾਸਟਰ ਸ ਦਰਸ਼ਨ ਸਿੰਘ ਉਹ ਚੈਪਟਰ ਪੜਾਉਂਦੇ ਕਿ ਇਕ  ਅਦਿੱਖ ਆਦਮੀ (ਜੋ ਕਿਸੇ ਨੂੰ ਦਿਖਾਈ ਨਹੀਂ ਦਿੰਦਾ) ਆਪਣੇ ਮਕਾਨ ਮਾਲਕ ਦੇ ਘਸੁੰਨ ਮਾਰਦਾ ਹੈ। ਮਾਲਕ ਨੂੰ ਲੱਗਦੈ, ਕੋਈ ਭੂਤ ਘਸੁੰਨ ਮਾਰ ਰਿਹਾ ਹੈ। ਉਹ ਮਠਿਆਈ ਦੀ ਦੁਕਾਨ ਤੋਂ ਮਠਿਆਈਆਂ ਖਾ ਜਾਂਦਾ ਹੈ। ਕੱਪੜੇ ਦੀ ਦੁਕਾਨ ਤੋਂ ਨਵੇਂ ਕੱਪੜੇ  ਚੁੱਕ ਕੇ ਪਾ ਲੈਂਦਾ ਹੈ। ਜਿਸ ਤਰ੍ਹਾਂ ਅਮਿਤਾਭ  ਬਚਨ ਦੀ 'ਭੂਤਨਾਥ' ਫਿਲਮ ਦੇਖਣ ਵੇਲੇ ਬੱਚੇ ਲੋਟਪੋਟ ਹੁੰਦੇ ਹਨ, ਸਾਨੂੰ ਵੀ ਹੈੱਡਮਾਸਟਰ ਸਾਹਿਬ ਖ਼ੂਬ ਹਸਾਉਂਦੇ। ਫਿਰ ਇਸੇ ਤਰਜ਼ ਦੀ ਅਨਿਲ ਕਪੂਰ ਅਤੇ ਸ੍ਰੀਦੇਵੀ ਦੀ ਹਾਸਰਸ ਫਿਲਮ 'ਮਿਸਟਰ ਇੰਡੀਆ' ਆਈ। ਡਾਇਨਾਸੋਰਾਂ ਬਾਰੇ ਫਿਲਮ 'ਜੁਰਾਸਿਕ ਪਾਰਕ' ਨੇ ਵੀ ਮੇਰੀ ਰੁਚੀ ਵਿਗਿਆਨਕ ਵਿਸ਼ਿਆਂ ਵਿਚ ਵਧਾਈ।

ਸਾਲ 1997 ਤੋਂ 2017 ਤੱਕ ਮੈਂ ਸਤਿਕਾਰਤ ਸ਼ਖ਼ਸੀਅਤ ਮੇਘ ਰਾਜ ਮਿੱਤਰ ਨਾਲ ਰਲ ਕੇ ਵਿਗਿਆਨ ਦਾ ਦੋ-ਮਾਸਿਕ ਪਰਚਾ 'ਵਿਗਿਆਨ ਜੋਤ' 21 ਸਾਲ ਕੱਢਿਆ। ਤਰਕਸ਼ੀਲ ਸੁਸਾਇਟੀ ਭਾਰਤ ਦਾ ਸੂਬਾਈ ਪ੍ਰੈੱਸ ਸਕੱਤਰ ਰਿਹਾ ਤੇ 18 ਸਾਲ ਜਥੇਬੰਦਕ ਸਰਗਰਮੀਆਂ  ਕੀਤੀਆਂ ਹਨ। ਅਸੀਂ ਤਰਕਵਾਦੀ ਵਿਚਾਰਾਂ ਵਾਲੇ 'ਵਿਗਿਆਨ ਜੋਤ', 'ਤਰਕਸ਼ੀਲ' ਤੇ 'ਤਰਕਬੋਧ' ਪਰਚਿਆਂ ਅਤੇ ਤਰਕਸ਼ੀਲ ਸੁਸਾਇਟੀ ਰਾਹੀਂ ਵਹਿਮਾਂ-ਭਰਮਾਂ ਅਤੇ ਅੰਧ-ਵਿਸ਼ਵਾਸ ਖਿਲਾਫ਼ ਲੋਕਾਂ ਵਿੱਚ ਵਿਗਿਆਨਕ ਚੇਤਨਾ ਪੈਦਾ ਕਰਦੇ ਰਹੇ ਹਾਂ। ਸਾਡਾ ਜਥੇਬੰਦਕ ਕਾਰਜ ਪੱਥਰ ਯੁੱਗ ਦੀ ਮਾਨਸਿਕਤਾ ਨੂੰ ਸੱਟ ਮਾਰਨਾ ਤੇ ਇਹ ਪ੍ਰਚਾਰ ਕਰਨਾ ਸੀ ਕਿ ਸਮਾਜ ਦਾ ਵਿਕਾਸ ਵਿਗਿਆਨਕ ਲੀਹਾਂ 'ਤੇ ਹੋਵੇ। ਅਸੀਂ ਪੰਜਾਬ ਦੇ ਮੁੱਠੀ ਭਰ ਲੋਕ ਵਿਗਿਆਨ ਦਾ ਚਾਨਣ ਫੈਲਾਉਣ ਵਿੱਚ ਕਾਮਯਾਬ ਵੀ ਹੋਏ ਹਾਂ। ਅੱਜ ਦਾ ਪੰਜਾਬੀ ਸਮਾਜ ਸਾਲ 2000 ਤੋਂ ਪਹਿਲਾਂ ਵਾਲਾ ਨਹੀਂ ਰਿਹਾ ਸਗੋਂ ਕਾਫ਼ੀ ਤਬਦੀਲੀਆਂ ਆਈਆਂ ਹਨ। ਇਹ ਵਿਦਿਆ, ਤਰਕ ਤੇ ਵਿਗਿਆਨਕ ਸਾਹਿਤ ਅਤੇ ਜਥੇਬੰਦੀਆਂ ਦੀਆਂ ਸਰਗਰਮੀਆਂ ਕਾਰਨ ਸੰਭਵ ਹੋ ਸਕਿਆ ਹੈ।

ਇਸ ਸਮੇਂ ਦੌਰਾਨ ਅੰਧ-ਵਿਸ਼ਵਾਸ ਖ਼ਿਲਾਫ਼ ਚੇਤਨਾ ਪੈਦਾ ਕਰਨ ਵਾਲੇ ਪਾਤਰ ਜਿਵੇਂ 'ਨਚੀਕੇਤਾ ਦੀ ਮੌਤ' ਦਾ ਕੈਲਾ, 'ਬੰਦ ਦਰਵਾਜ਼ਾ' ਦਾ ਮਾਸਟਰ, 'ਉਨੀਂਦੀ ਨਦੀ' ਦਾ ਰਿਸ਼ੀ ਅਤੇ 'ਪੁਨਰ ਜਨਮ' ਦਾ ਡਾਕਟਰ ਮੇਰੀਆਂ ਕਹਾਣੀਆਂ ਵਿੱਚ ਆ ਗਏ ਸਨ। 'ਥੇਹ', 'ਈਵਾਨ ਇਲੀਚ ਦੀ ਦੂਜੀ ਮੌਤ' ਅਤੇ 'ਕੁਰੂਕਸ਼ੇਤਰ ਤੋਂ ਪਾਰ' ਕਹਾਣੀਆਂ ਦੇ ਪਾਤਰ ਏਡਜ਼ ਵਾਇਰਸ ਦੇ ਮਾਰੂ ਪ੍ਰਭਾਵ ਦੀਆਂ ਦੁਖਾਂਤਕ ਸਥਿਤੀਆਂ ਭੋਗ ਚੁੱਕੇ ਸਨ। ਮੈਂ 'ਨਸੂਰ' ਅਤੇ 'ਪਿੱਠ ਭੂਮੀ' ਕਹਾਣੀਆਂ ਰਾਹੀਂ ਗ੍ਰਹਿ ਚਾਲਾਂ, ਤਾਰਿਆਂ, ਜੋਤਿਸ਼ ਤੇ ਮੰਗਲੀਕ ਬਾਰੇ ਗੱਲਾਂ ਕਰ ਲਈਆਂ ਸਨ।

ਮੈਂ 1993 ਤੋਂ 1995 ਤੱਕ ਜਲੰਧਰ ਰਿਹਾ ਹਾਂ। ਉਦੋਂ ਜਲੰਧਰ ਸ਼ਹਿਰ ਪੰਜਾਬੀ ਕਹਾਣੀ ਦਾ ਮਜ਼ਬੂਤ ਕੇਂਦਰ ਸੀ। ਇੱਥੇ ਦੋ ਧੜੇ ਸਨ। ਇੱਕ ਧੜਾ ਕਿਸਾਨੀ ਜੀਵਨ ਦੀਆਂ ਕਹਾਣੀਆਂ ਲਿਖਣ 'ਤੇ ਜ਼ੋਰ ਦਿੰਦਾ ਤੇ ਦੂਜਾ ਔਰਤ-ਮਰਦ ਦੇ ਰਿਸ਼ਤਿਆਂ, ਦੇਹ, ਨਾਰੀ ਤੇ ਦਲਿਤ ਵਿਸ਼ਿਆਂ ਨੂੰ ਉਚਿਆਉਂਦਾ। 1995 ਵਿੱਚ ਮੇਰੀਆਂ ਪਹਿਲੀਆਂ ਦੋ ਕਹਾਣੀਆਂ 'ਨਚੀਕੇਤਾ ਦੀ ਮੌਤ' ਅਤੇ 'ਗੌਰਜਾਂ' ਛਪੀਆਂ ਸਨ। ਮੈਂ ਇਨ੍ਹਾਂ ਧੜਿਆਂ ਦੇ ਮੁਕਾਬਲੇ ਕਈ ਨਵੇਂ ਵਿਸ਼ਿਆਂ 'ਤੇ ਲਿਖਣ ਦਾ ਮਨ ਬਣਾਇਆ। ਇਨ੍ਹਾਂ ਵਿੱਚੋਂ ਇੱਕ ਵਿਸ਼ਾ ਸੀ ਵਿਗਿਆਨ ਗਲਪ (Science Fiction) ਦੀਆਂ ਕਹਾਣੀਆਂ। ਜਦੋਂ ਮੈਂ 'ਵਿਗਿਆਨ ਜੋਤ' ਵਿੱਚ ਵਿਗਿਆਨ ਦੀਆਂ ਖੋਜਾਂ ਅਤੇ ਕਹਾਣੀਆਂ ਅਨੁਵਾਦ ਕਰਵਾ ਕੇ ਛਾਪਦਾ

ਤਾਂ ਮਨ ਕਰਦਾ, ਮੈਂ ਵੀ ਇਹ ਕਹਾਣੀਆਂ ਲਿਖਾਂ ਪਰ ਵਿਗਿਆਨਕ ਕਹਾਣੀਆਂ ਲਿਖਨ ਲਈ ਵਿਗਿਆਨਕ ਭਾਸ਼ਾ, ਸ਼ੈਲੀ, ਬਿਰਤਾਂਤ, ਘਟਨਾਵਾਂ ਅਤੇ ਤੱਤਾਂ ਵਾਲਾ ਵਰਣਨ ਚਾਹੀਦਾ ਹੁੰਦਾ ਹੈ। ਇਹ ਮੇਰੇ ਕੋਲ ਨਹੀਂ ਸੀ। ਭਾਵੇਂ ਮੈਂ ਸਾਇੰਸ ਦਾ ਵਿਦਿਆਰਥੀ ਰਿਹਾ ਸੀ ਤੇ ਸਾਇੰਸ ਦਾ ਅਧਿਆਪਕ ਵੀ ਲੱਗ ਚੁੱਕਾ ਸੀ ਪਰ 'ਵਿਗਿਆਨ ਜੋਤ' ਦੀ ਸੰਪਾਦਨਾ ਨੇ ਮੈਨੂੰ ਇਸ ਸਭ ਕਾਸੇ ਨਾਲ ਜੋੜ ਦਿੱਤਾ ਸੀ। ਮੈਂ ਵੱਖ-ਵੱਖ ਦੇਸ਼ਾਂ ਦੀਆਂ ਵਿਗਿਆਨ ਖੋਜ ਏਜੰਸੀਆਂ/ਸੰਸਥਾਵਾਂ ਨਾਲ ਜੁੜ ਗਿਆ ਸੀ। ਦੂਜੀਆਂ ਭਾਸ਼ਾਵਾਂ ਦਾ ਵਿਗਿਆਨ ਗਲਪ ਪੜ੍ਹਨ ਲੱਗ ਪਿਆ ਸੀ।

ਅਜੋਕੇ ਵਿਗਿਆਨ ਦਾ ਮੁੱਢ 1550 ਤੋਂ 1700 ਈਸਵੀ ਦੌਰਾਨ ਯੂਰਪ 'ਚ ਬੱਝਿਆ। ਇਸ ਦੌਰ ਵਿੱਚ ਜਗੀਰੂ ਆਰਥਿਕ ਪ੍ਰਬੰਧ ਦੀ ਜਗ੍ਹਾ ਸਰਮਾਏਦਾਰੀ ਦੇ ਨਵੇਂ ਪ੍ਰਬੰਧ ਨੇ ਲੈ ਲਈ ਸੀ। ਇਸ ਦੌਰ ਵਿੱਚ ਹੀ ਨਵੀਆਂ ਸਿਰਜਣਾਤਮਕ ਸ਼ਕਤੀਆਂ ਉਭਰੀਆਂ ਜਿਨ੍ਹਾਂ ਅਜੋਕੇ ਵਿਗਿਆਨ ਦੀ ਨੀਂਹ ਰੱਖੀ। 19ਵੀਂ ਸਦੀ ਦੇ ਅੱਧ ਤੋਂ ਬਾਅਦ ਵਿਗਿਆਨ ਗਲਪ ਦਾ ਜਨਮ ਹੁੰਦਾ ਹੈ।

ਇਹ ਗਲਪ ਦੀ ਇੱਕ ਸ਼ੈਲੀ ਹੈ ਜਿਸ ਵਿੱਚ ਕਹਾਣੀਆਂ ਅਕਸਰ ਭਵਿੱਖ ਦੇ ਸਮਾਜ, ਵਰਤਾਰਿਆਂ, ਵਿਗਿਆਨ ਅਤੇ ਤਕਨਾਲੋਜੀ ਬਾਰੇ ਦੱਸ ਪਾਉਂਦੀਆਂ ਹਨ। ਅੱਜ ਦੇ ਕੰਪਿਊਟਰ, ਲੇਜ਼ਰ, ਪਣਡੁੱਬੀਆਂ, ਰਾਡਾਰ, ਰੋਬੋਟ, ਜਹਾਜ਼, ਕਲੋਨ, ਮੋਬਾਈਲ... ਆਦਿ ਕਿਸੇ ਸਮੇਂ ਨਾਵਲਾਂ, ਕਹਾਣੀਆਂ ਤੇ ਫਿਲਮਾਂ ਵਿਚ ਪੜ੍ਹੇ, ਦੇਖੇ ਜਾਂ ਸੁਣੇ ਗਏ ਸਨ।

ਵਿਗਿਆਨ ਗਲਪ ਦੇ ਸਿਰਜਣਹਾਰਿਆਂ ਕੋਲ ਦੂਹਰੀ ਯੋਗਤਾ ਹੁੰਦੀ ਹੈ। ਉਨ੍ਹਾਂ ਕੋਲ ਕਿਸੇ ਘਟਨਾ, ਦੁਖਾਂਤ, ਸੁਖਾਂਤ ਜਾਂ ਵਿਚਾਰ ਨੂੰ ਆਪਣੀ ਸੰਵੇਦਨਾ ਦਾ ਹਿੱਸਾ ਬਣਾਉਣ ਦਾ ਮਨ ਅਤੇ ਅਨੁਭਵ ਹੋਣਾ ਚਾਹੀਦਾ ਹੈ। ਦੂਸਰਾ ਲੇਖਕ ਕੋਲ ਵਿਗਿਆਨ ਦਾ ਮੁੱਢਲਾ ਗਿਆਨ, ਉਦੇਸ਼, ਵਾਤਾਵਰਣ, ਭਾਸ਼ਾ, ਸ਼ੈਲੀ, ਬਿਰਤਾਂਤ ਅਤੇ ਵਿਗਿਆਨ ਦੀ ਉਚਿਤ ਤੇ ਸਹੀ ਜਾਣਕਾਰੀ ਹੋਣੀ ਚਾਹੀਦੀ ਹੈ। ਭਾਰਤੀ ਲੇਖਕਾਂ ਕੋਲ ਇਸ ਦੀ ਹਮੇਸ਼ਾ ਘਾਟ ਰਹੀ ਹੈ ਕਿਉਂਕਿ ਭਾਰਤ ਧਰਮ, ਫ਼ਿਰਕਾਪ੍ਰਸਤੀ, ਚਮਤਕਾਰਾਂ ਅਤੇ ਵਰਣ ਵਿਵਸਥਾ ਦੀਆਂ ਨੀਂਹਾਂ 'ਤੇ ਖੜ੍ਹਾ ਦੇਸ਼ ਹੈ ਅਤੇ ਵਿਗਿਆਨਕ ਖੋਜਾਂ ਨੂੰ ਉਤਸ਼ਾਹਿਤ ਨਹੀਂ ਕੀਤਾ ਜਾਂਦਾ। ਇਸ ਕਾਰਨ ਲੇਖਕਾਂ ਅਤੇ ਲੋਕਾਂ ਕੋਲ ਸਰਲ, ਰੌਚਕ ਤੇ ਮਾਤ ਭਾਸ਼ਾ ਵਿਚ ਵਿਗਿਆਨ ਦੇ ਸਿਧਾਂਤਾਂ, ਖੋਜਾਂ ਅਤੇ ਘਟਨਾਵਾਂ ਦੀ ਜਾਣਕਾਰੀ ਨਹੀਂ ਹੈ। ਮੈਂ ਵਿਗਿਆਨ ਕਹਾਣੀਆਂ ਦਾ ਸਿਰਜਕ ਬਣਨ ਲਈ ਇਸ ਸਭ ਕੁਝ ਨਾਲ ਜੁੜ ਗਿਆ ਸੀ।

ਮੈਂ ਸ਼ੁਰੂ ਵਿਚ 'ਡਾਇਨਾਸੋਰ' ਅਤੇ 'ਖੂਹ ਗਿੜਦਾ ਹੈ' ਵਿਗਿਆਨਕ ਚਿੰਨ੍ਹਵਾਦ ਵਾਲੀਆਂ ਕਹਾਣੀਆਂ ਲਿਖੀਆਂ। ਉਦੋਂ ਕਾਰਗਿਲ ਯੁੱਧ ਦੇ ਨਾਂ'ਤੇ ਭਾਰਤ-ਪਾਕਿਸਤਾਨ ਦੀਆਂ ਹਕੂਮਤਾਂ ਵੱਲੋਂ ਆਪੋ ਆਪਣੇ ਮੁਲਕ ਵਿੱਚ ਦਹਿਸ਼ਤ, ਨਫ਼ਰਤ ਅਤੇ ਜ਼ਹਿਰ ਫੈਲਾਈ ਜਾ ਰਹੀ ਸੀ। ਡਾਇਨਾਸੋਰੀ ਸੋਚ ਰਾਹੀਂ ਦੇਸ਼ ਦੇ ਮਿਹਨਤਕਸ਼ ਅਤੇ ਨੌਜਵਾਨਾਂ ਨੂੰ ਨਿਗਲਿਆ ਜਾ ਰਿਹਾ ਸੀ। ਮੈਂ ਅਜੋਕੇ ਸਮਾਜ, ਇਲੈਕਟ੍ਰੋਨਿਕ ਮੀਡੀਆ, ਫਿਲਮੀ ਅਤੇ ਸਿਆਸੀ ਖੇਤਰ ਵਿਚ ਫੈਲੇ ਪਾਖੰਡ ਅਤੇ ਫ਼ਿਰਕਾਪ੍ਰਸਤੀ ਉੱਤੇ ਤਿੱਖਾ ਵਿਅੰਗ ਕਰਨਾ ਚਾਹੁੰਦਾ ਸੀ। ਇਸ ਲਈ ਮੈਨੂੰ 'ਡਾਇਨਾਸੋਰ' ਕਹਾਣੀ ਦੀ ਸਿਰਜਣਾ ਕਰਨੀ ਪਈ। ਮੇਰੇ ਪਿਤਾ ਜੀ ਬਾਤ ਸੁਣਾਉਂਦੇ ਹੁੰਦੇ ਸਨ। ਇੱਕ ਬਾਦਸ਼ਾਹ ਪੰਜ ਪੀਰਾਂ ਨੂੰ ਧਿਆ ਕੇ ਉਨ੍ਹਾਂ ਕੋਲੋਂ ਪਊਏ ਲੈ ਕੇ ਉੱਡ ਪੈਂਦਾ ਹੈ ਤੇ ਟੋਪੀ ਨਾਲ ਅਦ੍ਰਿਸ਼ ਹੋ ਜਾਂਦਾ ਹੈ। ਉਹ ਦੂਜੇ ਰਾਜ ਵਿੱਚੋਂ ਸ਼ਹਿਜ਼ਾਦੀ ਨੂੰ ਲੈ ਆਉਂਦਾ ਹੈ। ਮੇਰੀ ਕਹਾਣੀ 'ਖੂਹ ਗਿੜਦਾ ਹੈ' ਦਾ ਪਾਤਰ ਏ.ਪੀ. ਸਿੰਘ ਇਸੇ ਬਾਤ ਦੇ ਪ੍ਰਜੈਕਟ 'ਤੇ ਚਿੱਪ ਅਤੇ ਕੈਪ ਦੀ ਖੋਜ 'ਤੇ ਲੱਗਾ ਹੋਇਆ ਹੈ। ਮੇਰੀ ਇਸ ਕਹਾਣੀ ਦਾ ਮੁੱਖ ਪਾਤਰ ਰੀਪੁਦਮਨ ਸਿੰਘ ਸ਼ੇਰਗਿੱਲ ਨਵ ਬਸਤੀਵਾਦ ਜਾਂ ਨਵ ਪੂੰਜੀਵਾਦ ਦੀ ਮਾਰ ਹੇਠ ਆਇਆ ਹੋਇਆ ਨਸ਼ਿਆਂ ਅਤੇ ਸੈਕਸ ਦਾ ਸ਼ਿਕਾਰ ਹੋਇਆ ਚਿੱਪ ਅਤੇ ਕੈਪ ਦੇ ਸੁਪਨਿਆਂ ਵਿੱਚ ਹੀ ਗੁਆਚ ਜਾਂਦਾ ਹੈ।

ਮੈਂ 'ਕਿਊਟਾ-ਕਿਊਟਾ ਤਾਰੇ-ਤਾਰੇ,' 'ਅੰਨ੍ਹੇ-ਸੁਜਾਖੇ, 'ਮੈਂ ਮਾਂ...' ਅਤੇ 'ਕੌਣ ਮਰਨਾ ਚਾਹੁੰਦੈ' ਵਿਗਿਆਨ ਸੂਚਨਾਤਮਕ ਕਹਾਣੀਆਂ ਲਿਖੀਆਂ ਹਨ। ਇੰਗਲੈਂਡ ਦੇ ਜੀਵ ਭੌਤਿਕ ਵਿਗਿਆਨੀ ਡਾ. ਰੋਮਨ ਸਟਾਕਰ ਦੀ ਪਾਲਤੂ ਬਿੱਲੀ ਦੁੱਧ ਪੀਂਦੇ ਸਮੇਂ ਨਾ ਦੁੱਧ ਡੋਲ੍ਹ ਰਹੀ ਸੀ, ਨਾ ਖਿਲਾਰ ਰਹੀ ਸੀ ਤੇ ਨਾ ਮੁੱਛਾਂ ਗਿੱਲੀਆਂ ਕਰ ਰਹੀ ਸੀ। ਉਸ ਨੇ ਇਸ ਘਟਨਾ 'ਤੇ ਖੋਜ ਕਰ ਕੇ ਇਸ ਨੂੰ ਜੜ੍ਹਤਾ ਦੇ ਸਿਧਾਂਤ ਨਾਲ ਜੋੜਿਆ ਸੀ। ਮੈਂ ਬਿੱਲੀ ਕਿਊਟਾ ਤੇ ਕੁੱਤੇ ਟਫ਼ੀ (ਕੁੱਤਾ ਦੁੱਧ ਡੋਲ੍ਹਦਾ ਵੀ ਹੈ, ਖਿਲਾਰਦਾ ਵੀ ਹੈ ਤੇ ਲਿਬੜਦਾ ਵੀ ਹੈ) ਰਾਹੀਂ ਇਸ ਸਿਧਾਂਤ ਨੂੰ ਸਿੱਧ ਕਰਨ ਲਈ 'ਕਿਊਟਾ-ਕਿਊਟਾ ਤਾਰੇ-ਤਾਰੇ' ਕਹਾਣੀ ਜੋੜੀ ਸੀ। ਉਦੋਂ ਕਲੋਨ ਦੀ ਨਵੀਂ ਖੋਜ ਹੋਈ ਸੀ। ਮੈਂ ਇੰਗਲੈਂਡ ਤੋਂ ਆਏ ਇੱਕ ਰਿਸ਼ਤੇਦਾਰ ਨੂੰ ਮਿਲਣ ਗਿਆ। ਉਸ 'ਵਿਗਿਆਨ ਜੋਤ' ਦਾ ਕਲੋਨ ਵਾਲਾ ਅੰਕ ਦੇਖ ਕੇ ਪੁੱਛਿਆ, ''ਇਹ ਪਰਚਾ ਕਿਉਂ ਸ਼ੁਰੂ ਕੀਤਾ?'' ਮੈਂ ਕਿਹਾ, ''ਵਿਗਿਆਨ ਨੂੰ ਘਰ-ਘਰ ਪਹੁੰਚਾਉਣਾ ਚਾਹੁੰਦੇ ਹਾਂ।'' ਉਹ ਹੱਸ ਕੇ ਬੋਲਿਆ, ''1960 ਤੋਂ ਪਹਿਲਾਂ ਸਾਡੇ ਪਿੰਡ ਵਾਲਿਆਂ ਨੇ ਕੋਈ ਔਰਤ ਸਾਈਕਲ ਚਲਾਉਂਦੀ ਨਹੀਂ ਦੇਖੀ ਸੀ। ਇੱਕ ਦਿਨ ਪਿੰਡ ਵਿੱਚ ਰੌਲਾ ਪੈ ਗਿਆ ਕਿ ਸਾਡੀ ਸਕੂਲ ਵਾਲੀ ਭੈਣਜੀ ਸਾਈਕਲ 'ਤੇ ਪੜ੍ਹਾਉਣ ਆਈ ਹੈ। ਛੁੱਟੀ ਵੇਲੇ ਸਾਰਾ ਪਿੰਡ ਸਾਈਕਲ ਚਲਾਉਂਦੀ ਭੈਣਜੀ ਨੂੰ ਦੇਖਣ ਗਿਆ। ਦਰਵਾਜ਼ੇ ਕੋਲ ਸਾਡਾ ਇੱਕ ਸੌ ਦੋ ਸਾਲ ਦਾ ਬਾਬਾ ਜੋ ਨਜ਼ਰ ਤੋਂ ਵਿਹੂਣਾ ਸੀ, ਬੈਠਾ ਸੀ। ਉਹ ਮੰਨਿਆ ਹੀ ਨਹੀਂ ਕਿ

ਔਰਤ ਸਾਈਕਲ ਚਲਾ ਸਕਦੀ ਹੈ। ਇਸ ਦੇਸ਼ ਦੇ ਲੋਕਾਂ ਤੋਂ ਤੁਸੀਂ ਵਿਗਿਆਨ ਦੀ ਆਸ ਨ੍ਹੀਂ ਰੱਖ ਸਕਦੇ।'' ਇਹੀ ਕਹਾਣੀ ਮੈਂ ਕਲੋਨ ਨੂੰ ਲੈ ਕੇ 'ਅੰਨ੍ਹੇ-ਸੁਜਾਖੇ' ਲਿਖੀ।

ਵਿਦੇਸ਼ ਵਿੱਚ ਮੇਰੇ ਇੱਕ ਮਿੱਤਰ ਦੇ ਬੇਟੇ ਦੀ ਬਰੇਨ ਡੈੱਥ ਹੋਈ ਸੀ। ਮੈਂ ਅੰਗ ਟਰਾਂਸਪਲਾਂਟ ਅਤੇ ਦਾਨ ਕਰਨ ਨੂੰ ਲੈ ਕੇ 'ਕੌਣ ਮਰਨਾ ਚਾਹੁੰਦੈ' ਕਹਾਣੀ ਸਿਰਜੀ ਸੀ। ਇਨ ਵਿਟਰੋ ਫਰਟੇਲਾਈਜੇਸ਼ਨ ਤਕਨੀਕ ਨਾਲ ਬੱਚੇ ਦੀ ਪੈਦਾਇਸ਼ ਅਤੇ ਸਰੋਗੇਸੀ ਬਾਰੇ 'ਮੈਂ ਮਾਂ...' ਕਹਾਣੀ ਲਿਖੀ ਸੀ। ਦਰਅਸਲ, ਮੈਂ ਮਮਤਾ, ਸਿਹਤ, ਪ੍ਰੈਗਨੈਂਸੀ ਤੇ ਸਰੋਗੇਸੀ ਦੇ ਨਾਂ 'ਤੇ ਲੁੱਟ ਕਰ ਰਹੀਆਂ ਕੰਪਨੀਆਂ ਅਤੇ ਮੈਡੀਕਲ ਖੇਤਰ ਦੀ ਗੈਰ-ਸੰਵੇਦਨਸ਼ੀਲਤਾ ਨੂੰ ਫੜਨਾ ਚਾਹੁੰਦਾ ਸੀ।

'ਦਿੱਲੀ ਦੇ ਕਿੰਗਰੇ', 'ਕਬਰ 'ਚ ਦਫ਼ਨ ਹਜ਼ਾਰ ਵਰ੍ਹੇ' ਅਤੇ 'ਦਿ ਲੈਨਿਨਜ਼ ਫਰੌਮ ਕਲੋਨ ਵੈਲੀ' ਜਿਹੀਆਂ ਵਿਗਿਆਨ ਗਲਪ ਦੀਆਂ ਕਹਾਣੀਆਂ ਦੀ ਸਿਰਜਣਾ ਮੇਰੇ ਕੋਲੋਂ ਸਹਿਜ ਸੁਭਾਅ ਹੋ ਗਈ। ਮੈਂ ਗ਼ਦਰੀ ਬਾਬਾ ਬੂਝਾ ਸਿੰਘ ਅਤੇ ਕ੍ਰਾਂਤੀਕਾਰੀ ਯੋਧੇ ਦਰਸ਼ਨ ਦੁਸਾਂਝ ਦੀਆਂ ਜੀਵਨੀਆਂ ਲਿਖੀਆਂ। ਇਹ ਕੁਰਬਾਨੀ ਵਾਲੇ ਸ਼ਖ਼ਸ ਸਨ। ਮੈਂ ਇਨ੍ਹਾਂ 'ਤੇ ਕਹਾਣੀ ਵੀ ਲਿਖਣੀ ਚਾਹੁੰਦਾ ਸੀ। ਪੁਲੀਸ ਦੁਸਾਂਝ ਕੋਲੋਂ ਖ਼ੁਫ਼ੀਆ ਜਾਣਕਾਰੀ ਲੈਣ ਲਈ ਉਸ ਨੂੰ ਕੁੱਟ-ਕੁੱਟ ਕੇ ਅਧਮੋਇਆ ਕਰ ਦਿੰਦੀ ਹੈ। ਫੇਰ 'ਨਾਸਾ' ਦੀ ਟੀਮ ਉਸ ਦੇ ਦਿਮਾਗ਼ ਦੇ ਚੇਤਾ ਸਾਂਭਣ ਵਾਲੇ ਹਿੱਸੇ ਵਿੱਚੋਂ ਆਰਐੱਨਏ ਕੱਢ ਕੇ ਪੁਲੀਸ ਦੇ ਵਲੰਟੀਅਰ ਦੇ ਦਿਮਾਗ਼ ਵਿੱਚ ਪਾਉਂਦੀ ਹੈ। ਉਨ੍ਹਾਂ ਦਾ ਮੰਨਣਾ ਸੀ ਕਿ ਰਸਾਇਣੀ ਭਾਸ਼ਾ ਦਾ ਅਨੁਵਾਦ ਹੋ ਜਾਵੇਗਾ ਤੇ ਕ੍ਰਾਂਤੀਕਾਰੀਆਂ ਦੀ ਜਾਣਕਾਰੀ ਲੈ ਲਈ ਜਾਵੇਗੀ। ਦਰਅਸਲ, ਇਹ ਕਹਾਣੀ ਮੈਂ ਇਨਕਲਾਬੀਆਂ ਦੇ ਅਕੀਦੇ, ਨਾ ਲਿਫਣ ਵਾਲੀ ਭਾਵਨਾ ਤੇ ਕੁਰਬਾਨੀ ਨੂੰ ਕੇਂਦਰ ਵਿੱਚ ਰੱਖ ਕੇ ਲਿਖੀ ਹੈ।

ਮੈਂ 'ਵਿਗਿਆਨ ਜੋਤ' ਵਿੱਚ ਇੱਕ ਖ਼ਬਰ ਲਾਈ ਸੀ ਕਿ ਭਵਿੱਖ ਵਿੱਚ ਵਿਗਿਆਨੀ ਮਨੁੱਖ ਦੀ ਉਮਰ ਹਜ਼ਾਰ ਵਰ੍ਹੇ ਕਰ ਦੇਣਗੇ। ਕਈ ਵਰ੍ਹੇ ਪਹਿਲਾਂ ਫ਼ਿਰਕੂ ਟੋਲੇ ਦੇ ਕਾਰਕੁੰਨ ਨੇ ਉੜੀਸਾ ਵਿੱਚ ਇੱਕ ਇਸਾਈ ਮਿਸ਼ਨਰੀ ਤੇ ਉਸ ਦੇ ਪੁੱਤਰ ਨੂੰ ਅੱਗ ਲਾ ਕੇ ਸਾੜ ਦਿੱਤਾ ਸੀ। ਮੈਂ ਇਸ ਅਮਾਨਵੀ ਕਾਰੇ 'ਤੇ ਕਹਾਣੀ ਲਿਖਣਾ ਚਾਹੁੰਦਾ ਸੀ। ਜਦੋਂ ਅਸੀਂ ਹਜ਼ਾਰ ਵਰ੍ਹੇ ਉਮਰ ਕਰਨ ਦੀ ਖ਼ਬਰ ਛਾਪੀ, ਮੈਂ ਇਸਾਈ ਮਿਸ਼ਨਰੀ ਦੀ ਜਗ੍ਹਾ ਪਰੀਆਂ ਵਰਗੀ ਖ਼ੂਬਸੂਰਤ ਮੁਸਲਿਮ ਲੜਕੀ ਆਰਸੀ ਸ਼ਾਹ ਲਈ ਸੀ। 'ਕਬਰ 'ਚ ਕਫ਼ਨ ਹਜ਼ਾਰ ਵਰ੍ਹੇ' ਮਨੁੱਖ ਦੀ ਚਿਰ ਕਾਲ ਤੋਂ ਜ਼ਿੰਦਾ ਰਹਿ ਸਕਣ ਦੀ ਖ਼ੁਆਹਿਸ਼ ਪਰ ਫ਼ਿਰਕੂ ਜਨੂੰਨੀਆਂ ਵੱਲੋਂ ਹਮੇਸ਼ਾਂ ਵਿਗਿਆਨ ਦੇ ਰਾਹ ਵਿੱਚ ਰੋੜਾ ਬਣਨ ਦੀ ਕਹਾਣੀ ਲਿਖ ਸਕਿਆਂ ਹਾਂ।

ਅਸੀਂ ਲਗਾਤਾਰ ਕਲੋਨ 'ਤੇ ਖ਼ਬਰਾਂ ਛਾਪ ਰਹੇ ਸਾਂ। ਮੈਂ ਇੰਡੀਅਨ ਐਕਸਪ੍ਰੈਸ ਦੇ ਪੱਤਰਕਾਰ ਵਰਿੰਦਰ ਸਰੀਨ ਅਤੇ ਵਿਦਿਆਰਥੀ ਆਗੂ ਰੁਪਿੰਦਰ ਸਿੰਘ ਮਾਹਿਲ ਨੂੰ 'ਵਿਗਿਆਨ ਜੋਤ' ਦੀਆਂ ਕਾਪੀਆਂ ਭੇਟ ਕੀਤੀਆਂ। ਪੱਤਰਕਾਰ ਸਰੀਨ ਵਿਦਿਆਰਥੀ ਆਗੂ ਨੂੰ ਕਹਿਣ ਲੱਗਾ, ''ਕਾਮਰੇਡੋ, ਹੁਣ ਤੁਹਾਡੇ ਤੋਂ ਭਾਰਤ ਵਿੱਚ ਇਨਕਲਾਬ ਨਹੀਂ ਹੋਣਾ। ਲੈਨਿਨ ਤੇ ਮਾਓ ਦੇ ਕੱਦ ਕਾਠ ਦਾ ਤੁਹਾਡੇ ਕੋਲ ਕੋਈ ਲੀਡਰ ਨਹੀਂ ਹੈ। ਮਾਸਕੋ ਵਿੱਚ ਲੈਨਿਨ ਦੀ ਡੈੱਡ ਬੌਡੀ ਪਈ ਹੈ, ਉਸ ਤੋਂ ਸੈਂਪਲ ਲੈ ਕੇ ਲੈਨਿਨ ਦਾ ਕਲੋਨ ਬਣਾ ਲਵੋ। ਫਿਰ ਕਲੋਨ ਤੋਂ ਇਨਕਲਾਬ ਕਰਵਾ ਲੈਣਾ।'' ਮੇਰੀ ਕਹਾਣੀ 'ਦਿ ਲੈਨਿਨਜ਼ ਫਰੌਮ ਕਲੋਨ ਵੈਲੀ' ਦੇ ਵਿਗਿਆਨੀ ਡਾ. ਸਮਰੱਥ ਤੇ ਡਾ. ਦਾਅਰੀਨ ਲੈਨਿਨ ਦੇ ਮੜ੍ਹੰਗੇ ਤੇ ਕੱਦ ਕਾਠ ਵਾਲੇ ਤਿੰਨ ਕਲੋਨ ਤਿਆਰ ਕਰ ਲੈਂਦੇ ਹਨ। ਦਰਅਸਲ, ਇਹ ਕਹਾਣੀ ਕਲੋਨਿੰਗ ਤੇ ਜੈਨੇਟਿਕ ਜੋੜ ਤੋੜ ਦੇ ਚੰਗੇ ਮੰਦੇ ਪ੍ਰਭਾਵਾਂ ਅਤੇ ਚਿਰ ਕਾਲ ਤੋਂ ਇਨਕਲਾਬ ਕਰਨ ਦੀ ਤਾਂਘ ਨੂੰ ਦਰਸਾਉਂਦੀ ਹੈ। ਅਜੇ ਪੰਜਾਬੀ ਭਾਸ਼ਾ ਵਿੱਚ ਵਿਗਿਆਨ ਕਹਾਣੀਆਂ ਦਾ ਰਚਨਾਤਮਕ ਅਤੇ ਪੜ੍ਹਾਈ ਦਾ ਕੰਮ ਮੁੱਢਲੇ ਪੜਾਅ ਉੱਤੇ ਹੈ। ਉਮੀਦ ਹੈ ਪੰਜਾਬੀ ਵਿਗਿਆਨ ਗਲਪ ਦਾ ਭਵਿੱਖ ਚੰਗੇਰਾ ਹੀ ਹੋਵੇਗਾ।



ਅਜਮੇਰ ਸਿੱਧੂ ਦੀਆਂ ਕਹਾਣੀਆਂ ਦਾ ਵਿਸ਼ਾ ਵਸਤੂ ਪੰਜਾਬ ਦੇ ਸਮਾਜਕ ਯਥਾਰਥ ਤੋਂ ਲੈ ਕੇ ਬ੍ਰਹਿਮੰਡੀ ਵਿਗਿਆਨ ਤੱਕ ਫੈਲਿਆ ਹੋਇਆ ਹੈ। ਉਨ੍ਹਾਂ ਨੇ ਹਾਸ਼ੀਏ ਤੇ ਧੱਕੇ ਦਲਿਤਾਂ ਅਤੇ ਦਮਿਤਾਂ ਦੀ ਬਾਤ ਪਾਈ ਹੈ। ਉਨ੍ਹਾਂ ਦੀਆਂ ਕਹਾਣੀਆਂ ਵਿੱਚ ਵਿਗਿਆਨਕ ਸੋਚ, ਯਥਾਰਥਵਾਦੀ ਸੋਝੀ, ਮਾਨਵੀ ਸੰਵੇਦਨਾ, ਬੌਧਿਕ ਕਲਪਨਾ ਅਤੇ ਕ੍ਰਾਂਤੀਕਾਰੀ ਚੇਤਨਾ ਇਕੋ ਵੇਲੇ ਨਾਲੋ ਨਾਲ ਮੌਜੂਦ ਰਹਿੰਦੀਆਂ ਹਨ। ਉਨ੍ਹਾਂ ਨਾ ਕੇਵਲ ਪੰਜਾਬੀ ਦੀ ਪ੍ਰਗਤੀਵਾਦੀ ਯਥਾਰਥਵਾਦੀ ਸ਼ੈਲੀ ਦੀ ਕਹਾਣੀ ਵਿੱਚ ਹੀ ਨਵੇਂ ਪ੍ਰਯੋਗ ਕੀਤੇ ਸਗੋਂ ਅਸਲੋ ਨਵੀਂ ਸ਼ੈਲੀ ਦੀ ਵਿਗਿਆਨਕ ਗਲਪ ਵੀ ਲਿਖੀ। ਉਨ੍ਹਾਂ ਦੀ ਵਾਰਤਕ ਸ਼ੈਲੀ ਕਮਾਲ ਹੈ, ਜਿਸ ਵਿੱਚ ਤੱਥਗਰੱਤ ਜਾਣਕਾਰੀ, ਇਤਿਹਾਸਕ ਬੋਧ ਅਤੇ ਸੁੰਦਰ ਸ਼ਬਦ ਚੋਣ ਹੁੰਦੀ ਹੈ।




ਚਿੜੀ ਆਪਣੇ ਬੱਚੇ ਚੂਚੂ ਨੂੰ ਅੱਜ ਆਪਣੇ ਨਾਲ ਚੋਗਾ ਚੁੱਗਣ ਲੈ ਆਈ ਸੀ।ਖੇਤ ਵਿੱਚ ਕਬੂਤਰ, ਘੁੱਗੀਆਂ,ਗੁਟਾਰਾਂ ਤੇ ਕਿੰਨੇ ਹੋਰ ਜਾਨਵਰ ਵੀ ਚੋਗਾ ਚੁਗਣ ਆਏ ਹੋਏ ਸਨ।ਬੱਚਾ ਚਿੜੀ ਨਾਲ , ਪੂਰਾ ਰਾਹ ਨਿੱਕੀਆਂ ਉਡਾਰੀਆਂ ਭਰਦਾ ਆਇਆ ਸੀ।ਚੂਚੂ ਨੇ ਚਾਰੇ ਪਾਸੇ ਨਿਗ੍ਹਾ ਮਾਰੀ।ਲਹਿਲਹਾਂਦੇ ਖੇਤ ਸਨ।ਰੁੱਖ ਸਨ। ਬੰਬੀਆਂ ਚੱਲ ਰਹੀਆਂ ਸਨ।ਉੱਪਰ ਖੁੱਲ੍ਹਾ ਆਕਾਸ਼, ਪੰਛੀਆਂ ਦੀਆਂ ਉਡਦੀਆਂ ਟੋਲੀਆਂ, ਉਸ ਤੇ ਜਾਦੂ ਧੂੜ ਗਈਆਂ ਸਨ।

"ਵਾਹ! ਇਹ ਤਾਂ ਬੜੀ ਸੁਹਣੀ ਜਗ੍ਹਾ ਹੈ।" ਚਿੜੀ ਦੇ ਬੱਚੇ ਦੇ ਅਚਾਨਕ ਮੂੰਹੋਂ ਨਿਕਲ ਗਿਆ।" ਮਾਂ ਐਥੇ ਹੀ ਹਰ ਰੋਜ਼ ਚੋਗਾ ਚੁੱਗਣ ਆਉਂਦੀ ਹੋਊ।" ਚੂਚੂ ਨੇ ਮਨੋਮਨ ਸੋਚਿਆ।

ਆਲ੍ਹਣੇ ਦੀ ਘੁਟਣ ਵਿੱਚੋਂ ਉਹ ਪਹਿਲੀ ਵਾਰ ਖੁੱਲ੍ਹੇ ਡੁੱਲੇ ਮਾਹੌਲ ਵਿੱਚ ਬਾਹਰ ਨਿਕਲਿਆ ਸੀ।ਉਹ ਖੇਤ ਦੀ ਵੱਟ ਤੇ ਜਾ ਬੈਠਦਾ।ਆਪਣੀ ਮਾਂ ਨੂੰ ਚੋਗਾ ਚੁੱਗਦੀ ਨੂੰ ਦੇਖਦਾ।ਫਿਰ ਉਹ ਝਾੜੀ ਉਹਲੇ ਲੁਕ ਜਾਂਦਾ ਸੀ। ਜਿਵੇਂ ਕੋਈ ਬੱਚਾ ਆਪਣੀ ਮਾਂ ਨੂੰ 'ਝਾਤ' ਆਖ ਰਿਹਾ ਹੁੰਦਾ।

ਚੋਗਾ ਚੁਗਣ ਜਾਣ ਤੋਂ ਪਹਿਲਾਂ ਚਿੜੀ ਨੇ ਚੂਚੂ ਨੂੰ ਕੁਝ ਜ਼ਰੂਰੀ ਗੱਲਾਂ ਸਮਝਾ ਦਿੱਤੀਆਂ ਸਨ :

"ਕੋਈ ਡੱਬਾ ਦਿਸੇ, ਕੋਈ ਲਿਫ਼ਾਫ਼ਾ ਦਿਸੇ ,ਤੂੰ ਉਸ ਨੂੰ ਮੂੰਹ ਨਹੀਂ ਲਾਉਣਾ ।ਮੈਂ ਹੀ ਤੇਰੇ ਖਾਣ ਲਈ ਆਪੇ ਬੰਦੋਬਸਤ ਕਰਾਂਗੀ। ਤੂੰ ਆਪਣੇ ਆਪ ਇੱਥੋਂ ਕੁਝ ਨਹੀਂ ਖਾਣਾ।" ਚਿੜੀ ਅਜੇ ਚੂਚੂ ਨੂੰ ਸਮਝਾ ਹੀ ਰਹੀ ਸੀ, ਚੂਚੂ ਨੂੰ ਖੇਤ ਵਿੱਚ ਖੜਾ ਇੱਕ ਡਰਨਾ ਦਿਸ ਪਿਆ।

"ਚੀਂ ਚੀਂ .. ਮਾਂ ਔਹ ਬੰਦਾ ਖਲੋਤਾ?" ਚੀਚੂ ਨੇ ਪੁੱਛਿਆ।

"ਉਹ ਤਾਂ ਡਰਨਾ ਹੈ।" ਚਿੜੀ ਬੋਲੀ।

"ਡਰਨਾ ਕੀ ਹੁੰਦਾ ?" ਚੂਚੂ ਨੇ ਪੁੱਛਿਆ।

"ਕਬਾੜ ਤੋਂ ਤਿਆਰ ਕੀਤਾ,ਨਕਲੀ ਬੰਦਾ ਹੁੰਦਾ।" ਚਿੜੀ ਨੇ ਜੁਆਬ ਦਿੱਤਾ।

"ਇਹਦੀਆਂ ਅੱਖਾਂ ਵੀ ਨੇ, ਕੱਪੜੇ ਵੀ ਪਾਏ ਨੇ, ਇਸ ਕੋਲ ਸੋਟੀ ਵੀ ਹੈ।" ਚੂਚੂ ਨੇ ਡਰਨੇ ਦੀ ਪੂਰੀ ਸ਼ਕਲ ਸਮਝ ਦਿੱਤੀ।

"ਬੰਦਾ ਇਹ ਸਮਝਦਾ ਕਿ ਜਨੌਰਾਂ ਨੂੰ ਕਿਹੜਾ ਅਕਲ ਹੁੰਦੀ ਐ, ਇਸ ਡਰਨੇ ਨੂੰ ਦੇਖ ਕੇ ਡਰ ਜਾਣਗੇ।"ਚਿੜੀ ਗੁੱਸੇ ਵਿੱਚ ਬੋਲੀ।

"ਤੁਸੀਂ ਡਰਦੇ ਨਹੀਂ ਇਸ ਤੋਂ ?" ਚੂਚੂ ਨੇ ਪੁੱਛਿਆ।

"ਨਹੀਂ "ਚਿੜੀ ਬੋਲੀ।

ਗੱਲ ਕਰਦੇ ਕਰਦੇ ਚਿੜੀ ਦਾ ਹਾਸਾ ਨਿਕਲ ਗਿਆ।ਉਹ ਹਾਸਾ ਰੋਕਦਿਆਂ ਬੋਲੀ,"ਇੱਕ ਦਿਨ ਤਾਂ ਚੂਚੂ , ਇੱਕ ਲੜਾਕਾ ਜਿਹਾ ਕਾਂ, ਸਾਡੇ ਨਾਲ ਚੋਗਾ ਚੁਗਣ ਖੇਤ ਵਿੱਚ ਆ ਗਿਆ।"

"ਫੇਰ " ਚੂਚੂ ਨੇ ਉਤਸੁਕਤਾ ਨਾਲ ਪੁੱਛਿਆ।

"ਫੇਰ ਕੀ, ਕਾਂ ਡਰਨੇ ਦੇ ਸਿਰ ਉੱਤੇ ਬੈਠ ਗਿਆ।ਲੱਗ ਪਿਆ ਠੂੰਗੇ ਮਾਰਨ। ਹਟੇ ਹੀ ਨਾਂ।"ਚਿੜੀ ਅੱਗੇ ਬੋਲੀ।

"ਫੇਰ "ਚੂਚੂ ਹੋਰ ਅੱਗੇ ਜਾਨਣਾ ਚਾਹੁੰਦਾ ਸੀ।

"ਡਰਨੇ ਦੇ ਸਿਰ ਵਿੱਚ ਮੋਰੀ ਹੋ ਗਈ।" ਚਿੜੀ ਨੇ ਅੱਗੇ ਕਿਹਾ।

"ਫੇਰ "ਚੂਚੂ ਨੇ ਪੁੱਛਿਆ।

" ਕਾਂ ਨੇ ਕੁਆਏਂ ਕੁਆਏਂ ... ਕਰਕੇ ਹੋਰ ਕਾਂ ਇਕੱਠੇ ਕਰ ਲਏ।ਕਾਂ ਤਾਂ ਐਂ ਉੱਡੇ ਆਉਣ, ਜਿਮੇ ਕਿਸੇ ਦੀ ਬਰਾਤ ਚੜ੍ਹਨਾ ਹੁੰਦਾ।" ਚਿੜੀ ਨੇ ਗੱਲ ਅੱਗੇ ਤੋਰੀ।

"ਕਾਂ ਡਰਨੇ ਦੀ ਬੁਨੈਣ ਖਿੱਚਣ ਲੱਗੇ,ਕੋਈ ਉਸ ਦਾ ਪਜਾਮਾ ਖਿੱਚੇ, ਕੋਈ ਨਕਲੀ ਵਾਲ।" ਚਿੜੀ ਕਹਿੰਦੀ।

"ਫੇਰ ਕੀ ਹੋਇਆ?" ਚੂਚੂ ਪੂਰੀ ਤਰ੍ਹਾਂ ਕਹਾਣੀ ਵਿੱਚ ਖੁਭ ਚੁੱਕਾ ਸੀ।

"ਕਾਂ ਡਰਨੇ ਨੂੰ ਕਹਿੰਦੇ,..ਤੂੰ ਜਨੌਰਾਂ ਨੂੰ ਦਾਣੇ ਖਾਣ ਤੋਂ ਰੋਕਦਾਂ, ਅਸੀਂ ਤੈਨੂੰ ਚੁੱਕ ਕੇ ਨਹਿਰ ਵਿੱਚ ਸੁੱਟ ਆਉਣਾ।" ਚਿੜੀ ਬੋਲੀ।

"ਫੇਰ ਤਾਂ ਡਰਨੇ ਦੀ ਬੜੀ ਬੇਇੱਜ਼ਤੀ ਹੋਈ ਹੋਊ।" ਚੂਚੂ ਕਹਿੰਦਾ।

"ਬੇਇੱਜ਼ਤੀ ਵਰਗੀ ਬੇਇੱਜ਼ਤੀ।" ਚਿੜੀ ਜੇਤੂ ਅੰਦਾਜ਼ ਵਿੱਚ ਬੋਲੀ।

ਉਸ ਘਟਨਾ ਪਿਛੋਂ ਜਾਨਵਰਾਂ 'ਚੋਂ ਡਰਨੇ ਦਾ ਡਰ ਚੁੱਕਿਆ ਗਿਆ ਸੀ। ਹੁਣ ਤਾਂ ਡਰਨਾ ਵੀ ਪੰਛੀਆਂ ਨਾਲ ਹੱਸਦਾ ਮੁਸਕਰਾਉਂਦਾ ਲੱਗਦਾ ਸੀ।

ਕਣਕਾਂ ਦੀ ਵਾਢੀ ਹੋ ਚੁੱਕੀ ਸੀ।ਪੰਛੀਆਂ ਦੀ ਚੋਗ ਦੇ ਅਨਗਿਣਤ ਦਾਣੇ ਖੇਤਾਂ ਵਿੱਚ ਖਿੱਲਰੇ ਪਏ ਸਨ। ਲੂਅ ਵੀ ਅੱਗ ਵਰ੍ਹਾ ਰਹੀ ਸੀ।" ਤੂੰ ਮੇਰੇ ਨਾਲ ਹੀ ਰਵ੍ਹੀਂ, ਕਿਤੇ ਨਵੀਆਂ ਥਾਵਾਂ ਦੇਖਦਾ, ਉਰੇ ਪਰੇ ਨਾ ਨਿਕਲ ਜਾਵੀਂ। ਤੈਨੂੰ ਪਤਾ... ਇੱਥੇ ਬਿੱਲੀਆਂ ਵੀ ਨੇ, ਕਾਂ ਵੀ ਨੇ, ਹੋਰ ਬੜੇ ਮਾਸਖੋਰੇ,ਘਾਤ ਲਗਾ ਕੇ ਨਿੱਕੇ ਮੋਟੇ ਜਾਨਵਰਾਂ ਨੂੰ ਚੁੱਕ ਲਿਜਾਂਦੇ ਹਨ।" ਚਿੜੀ ਨੇ ਚੂਚੂ ਨੂੰ ਸਾਰੀ ਸਥਿਤੀ ਸਮਝਾ ਦਿੱਤੀ ਸੀ।

"ਬਿੱਲੀ..ਕਾਂ ... ਮੈਨੂੰ ਚੁੱਕ ਸਕਦੇ ਨੇ ?" ਚੂਚੂ ਬੋਲਿਆ।

"ਤੂੰ ਕੋਈ ਵੱਡਾ ਭਲਵਾਨ ਐਂ।" ਚਿੜੀ ਬੋਲੀ।

ਚੂਚੂ ਨੇ ਮਾਂ ਦੀ ਗੱਲ ਨੂੰ ਸਿਰ ਨਿਵਾ ਕੇ ਮੰਨ ਲਿਆ ਸੀ।

ਵੱਡੀ ਟਾਹਲੀ ਥੱਲੇ ਹੀ, ਚਿੜੀ ਕਣਕ ਦੇ ਬੂਝਿਆਂ ਵਿੱਚੋਂ ਦਾਣੇ ਚੁੱਗਣ ਲੱਗੀ।ਉਸ ਨੇ ਪਹਿਲਾਂ ਚੋਗ ਦੇ ਕੇ ਚੂਚੂ ਨੂੰ ਰਜਾਇਆ। ਫਿਰ ਉਹ ਆਪਣੇ ਪੇਟ ਲਈ ਚੋਗਾ ਚੁਗਣ ਲੱਗੀ।ਚੂਚੂ ਨੇ ਟਾਹਲੀ ਲਾਗਿਓਂ, ਖੁੱਡ ਵਿਚੋਂ ਚੂਹਾ ਨਿਕਲਦਾ ਦੇਖਿਆ।ਉਸ ਦੇ ਨਾਲ ਦੋ ਨਿੱਕੇ ਨਿੱਕੇ ਬੱਚੇ ਵੀ ਸਨ। ਗੁਲਾਬੀ ਪੂਛਾਂ ਵਾਲੇ।ਮੁਲਾਇਮ ਕੰਨਾਂ ਵਾਲੇ।ਕਦੀ ਉਹ ਚੂਹੇ ਦੀ ਪਿੱਠ ਤੇ ਚੜ੍ਹ ਜਾਂਦੇ।ਕਦੀ ਚੂਹੇ ਦੀ ਪੂਛ ਨਾਲ ਖ਼ਰਮਸਤੀਆਂ ਕਰਦੇ।ਚੂਚੂ ਉਨ੍ਹਾਂ ਨੂੰ ਦੇਖ ਕੇ ਬੜਾ ਖੁਸ਼ ਹੋਇਆ।ਟਾਹਲੀ ਲਾਗੇ ਨਿੰਮ ਦੇ ਰੁੱਖ ਤੇ ਗਲਹਿਰੀਆਂ ਭੱਜੀਆਂ ਫਿਰਦੀਆਂ ਸਨ।ਇੱਕ ਗਲਹਿਰੀ ਦੀ ਪਿੱਠ ਤੇ , ਨਿੱਕੀ ਕਾਟੋ ਵੀ ਚਿਪਕੀ ਹੋਈ ਸੀ।ਕਾਟੋ ਨਿੰਮੋਲੀਆਂ ਕੁਤਰਦੀ ਮੁਟਰ ਮੁਟਰ ਦੇਖੀ ਜਾਂਦੀ ਸੀ।ਚੂਚੂ ਨੇ ਪਹਿਲੀ ਵਾਰ ਉੱਡਦੇ ਬੱਦਲ ਦੇਖੇ ਸਨ।ਪਹਿਲੀ ਵਾਰ ਉਹ ਕਣੀਆਂ ਵਿਚ ਭਿੱਜਿਆ ਸੀ।ਚੂਚੂ ਦਾ ਮਨ ਕੀਤਾ ਕਿ ਉਹ ਵੀ ਮਾਂ ਵਾਂਗ ਖੇਤ ਵਿੱਚ ਦਾਣੇ ਚੁਗ ਕੇ ਦੇਖੇ।ਉਹ ਟਾਹਲੀ ਲਾਗੇ ਖੇਤ ਵਿੱਚ ਦਾਣੇ ਚੁਗਣ ਲੱਗਾ।ਪਹਿਲਾ ਹੀ ਦਾਣਾ ਚੁੰਝ ਤੇ ਰੱਖਿਆ ਸੀ ਕਿੱ ਚੂਚੂ ਦੀਆਂ ਤਾਂ ਅੱਖਾਂ ਘੁੰਮ ਗਈਆਂ।ਅਸਲ ਵਿੱਚ ਉਹ ਦਾਣਾ ਨਹੀਂ ਖਾਦ ਜਾਂ ਕੀੜੇ ਮਾਰ ਦਵਾਈ ਦੀ ਗੋਲੀ ਸੀ। ਚਿੜੀ ਝੱਟ ਉਸ ਕੋਲ ਪਹੁੰਚ ਗਈ ਸੀ।ਉਸ ਦੀ ਚੀਕ ਨਿਕਲ ਗਈ।ਉਸ ਨੇ ਚੂਚੂ ਨੂੰ ਖੰਭ ਖਿਲਾਰ ਕੇ ਝੂਟੇ ਦਿੱਤੇ।ਚੁੰਝ ਨਾਲ ਉਸ ਦਾ ਸੰਘ ਹਿਲਾਇਆ।ਚੁੰਝ ਸਾਫ਼ ਕੀਤੀ।ਗੋਲੀ ਦਾ ਭੋਰਾ ਤਾਂ ਚੂਚੂ ਨੇ ਉਲਟੀ ਕਰਕੇ ਬਾਹਰ ਕੱਢ ਦਿੱਤਾ ਸੀ।ਹੁਣ ਚੂਚੂ ਨੌਂ ਬਰ ਨੌਂ ਹੋ ਗਿਆ ਸੀ।ਚਿੜੀ ਤਾਂ ਲੱਗੀ ਚੂਚੂ ਨੂੰ

ਝਿੜਕਣ," ਜੇ ਅੱਜ ਤੈਨੂੰ ਕੁਝ ਹੋ ਜਾਂਦਾ,ਮੈਂ ਤਾਂ ਕਿਤੋ ਦੀ ਨਾ ਰਹਿੰਦੀ।"

"ਮਾਂ, ਮੈਂ ਵੀ ਤੇਰੇ ਵਾਂਗੂੰ ਚੋਗਾ ਚੁਗਣ ਲੱਗਾ ਸੀ।"ਚੂਚੂ ਕਹਿੰਦਾ।

"ਚੁਗ ਲਈਂ ਚੋਗਾ, ਪਹਿਲਾਂ ਇਨ੍ਹਾ ਖੇਤਾਂ ਬਾਰੇ ਸਭ ਕੁਝ ਸਮਝ ਤਾਂ ਲੈ।"ਚਿੜੀ ਬੋਲੀ।

"ਪਹਿਲਾਂ ਤੁਸੀਂ ਮਨੁੱਖਾਂ ਦੇ ਘਰਾਂ ਵਿੱਚ ਆਲ੍ਹਣੇ ਪਾਉਂਦੀਆਂ ਸੀ?" ਚੂਚੂ ਨੇ ਪੁੱਛਿਆ।

"ਆਹੋ! ਪਾਉਂਦੀਆਂ ਸਾਂ, ਆਲ੍ਹਣੇ ਮਨੁੱਖਾਂ ਦੇ ਘਰਾਂ ਵਿੱਚ।" ਚਿੜੀ ਦਾ ਜਿਵੇਂ ਕਿਸੇ ਨੇ ਜ਼ਖ਼ਮ ਉਚੇੜ ਦਿੱਤਾ ਸੀ।ਚਿੜੀ ਨੇ ਅੱਗੇ ਗੱਲ ਤੋਰੀ," ਉਦੋਂ ਮਨੁੱਖ ਦੇਵਤੇ ਹੁੰਦੇ ਸਨ।ਆਪਣੇ ਹੱਥਾਂ ਨਾਲ ਚੋਗ ਚੁਗਾਉਂਦੇ ਹੁੰਦੇ ਸਨ।ਚਿੜੀਆਂ ਨੂੰ 'ਵਾਜਾਂ ਮਾਰ ਮਾਰ ਉਨ੍ਹਾਂ ਦੀਆਂ ਮਾਵਾਂ ਬੁਲਾਉਂਦੀਆਂ ਸਨ।"

"ਫੇਰ ਕੀ ਹੋਇਆ ?" ਚੂਚੂ ਨੇ ਪੁੱਛਿਆ।

"ਮਨੁੱਖ ਫੇਰ ਸ਼ੈਤਾਨ ਹੋ ਗਿਆ।ਉਸ ਨੇ ਪੱਕੀਆਂ ਕੋਠੀਆਂ ਪਾ ਲਈਆਂ।ਲਟੈਣਾਂ ਵਾਲੀਆਂ ਛੱਤਾਂ ਢਾਹ ਕੇ ਪਰ੍ਹਾਂ ਵਗਾਹ ਮਾਰੀਆਂ।ਸਾਡੇ ਆਲ੍ਹਣੇ ਵੀ ਖਿੰਡ ਪੁੰਡ ਗਏ।ਅਸੀਂ ਬੇਘਰ ਆਲ੍ਹਣੇ ਕਿੱਥੇ ਪਾਉਂਦੀਆਂ?" ਚਿੜੀ ਨੇ ਆਪਣੀ ਬੇਬਸੀ ਦੀ ਕਹਾਣੀ ਚੂਚੂ ਨੂੰ ਦੱਸੀ।

"ਬੰਦੇ ਨੇ ਥੋਡੇ ਬਾਰੇ ਭੋਰਾ ਨਹੀਂ ਸੋਚਿਆ ?" ਚੂਚੂ ਬੋਲਿਆ।

"ਨਹੀਂ, ਸਾਨੂੰ ਗੁੱਸਾ ਤਾਂ ਇਹੀ ਹੈ ਮਨੁੱਖ 'ਤੇ।"ਚਿੜੀ ਮਨ ਦੀ ਗੱਲ ਕਹਿ ਗਈ।

"ਫੇਰ ਤੁਸੀਂ ਕੀ ਕੀਤਾ?" ਚੂਚੂ ਨੇ ਪੁੱਛਿਆ।

"ਅਸੀਂ ਪਿੰਡ ਛੱਡ ਆਈਆਂ। ਅਸੀਂ ਵੀਰਾਨ ਖੰਡਰ ਖੋਲ਼ਿਆਂ ਵਿੱਚ ਆਲ੍ਹਣੇ ਬਣਾ ਲਏ।" ਚਿੜੀ ਬੋਲੀ।

"ਹੁਣ ਤੁਸੀਂ ਪਿੰਡ ਨਹੀਂ ਜਾਂਦੀਆਂ?" ਚੂਚੂ ਕਹਿੰਦਾ।

"ਜਾਂਦੀਆਂ ਹਾਂ, ਪਰ ਮਨੁੱਖ ਨਾਲ ਸਾਡੀ ਸਾਂਝ ਟੁੱਟ ਚੁੱਕੀ ਹੈ।" ਚਿੜੀ ਭਰੀ ਪੀਤੀ ਬੋਲੀ। "ਧੋਖੇਬਾਜ਼ ਮਨੁੱਖ ਹੁਣ ਚੋਗਾ ਥੋੜ੍ਹਾ ਪਾਉਂਦਾ, ਜ਼ਹਿਰਾਂ ਪਰੋਸਦਾ।" ਚਿੜੀ ਬੋਲੀ ਗਈ।ਗੱਲਾਂ ਦੌਰਾਨ ਚੂਚੂ ਨੂੰ ਇੱਕ ਉੱਚੇ ਖੰਭੇ ਦਾ ਚੇਤਾ ਆ ਗਿਆ।ਇਹ ਖੰਭਾਂ ਮੰਦਰ ਕੋਲ ਖੜਾ ਸੀ।ਚੂਚੂ ਨੇ ਮਾਂ ਨੂੰ ਇਸ ਖੰਭੇ ਬਾਰੇ ਪੁੱਛ ਲਿਆ।ਮਾਂ ਨੇ ਜਵਾਬ ਦਿੱਤਾ," ਇਹ ਮੋਬਾਇਲ ਫੋਨਾਂ ਦਾ ਗੁੰਬਦ ਹੈ।ਤੂੰ ਦੇਖਿਆ ਕਦੀ ਮੋਬਾਇਲ?"

"ਨਹੀਂ "

"ਇੱਕ ਡੱਬੀ ਜਿਹੀ ਕੰਨ ਨਾਲ ਲਗਾਕੇ ਲੋਕੀ

ਗੱਲਾਂ ਕਰਦੇ ਤੂੰ ਦੇਖੇ ਹੋਣਗੇ।"

"ਹਾਂ "

"ਉਹੀ ਮੋਬਾਇਲ ਫੋਨ ਹੁੰਦਾ।"

"ਇਹ ਖੰਭੇ ਨਾਲ ਮੋਬਾਇਲ ਚੱਲਦੇ ਹਨ।ਇਸ ਵਿੱਚੋਂ ਮੌਤ ਦੀਆਂ ਤਰੰਗਾਂ ਨਿਕਲਦੀਆਂ ਹਨ।ਚੂਚੂ ਤੂੰ ਜ਼ਿੰਦਗੀ ਵਿੱਚ ਕਦੀ ਵੀ ਇਸ ਖੰਭੇ ਲਾਹਿਓ ਨਹੀਂ ਲੰਘਣਾ।ਇਸ ਦੀਆਂ ਤਰੰਗਾਂ ਜਿਵੇਂ ਕਰੰਟ ਮਾਰਦੀਆਂ ਹਨ।ਮਿੰਟਾਂ ਸੈਕਿੰਡਾਂ ਵਿੱਚ ਜਨੌਰਾਂ ਨੂੰ ਮੌਤ ਦਬੋਚ ਲੈਂਦੀ ਹੈ।"

ਮਾਂ ਦੀਆਂ ਗੱਲਾਂ ਸੁਣ ਕੇ ਚੂਚੂ ਵੀ ਹੁਣ ਸੋਚੀਂ ਪੈ ਗਿਆ ਸੀ।

ਸਾਡੇ ਨਾਲ ਦੇ ਰੁੱਖ ਤੋਂ ਕੁਝ ਚਿੜੀਆਂ ਮੋਬਾਈਲ ਟਾਵਰ ਤੇ ਆਲ੍ਹਣਾ ਬਨਾਉਣ ਬਾਰੇ ਗੱਲਾਂ ਕਰਦੀਆਂ ਸਨ। ਕੱਲ੍ਹ ਦੀਆਂ ਜਗ੍ਹਾ ਦੇਖਣ ਗਈਆਂ, ਅਜੇ ਤੀਕਰ ਨਹੀਂ ਪਰਤੀਆਂ।" ਚਿੜੀ ਨੇ ਗੁਆਂਢੀ ਚਿੜੀਆਂ ਤੇ ਚਿੰਤਾ ਜਤਾਈ।

"ਮਾਂ ਕਿਤੇ ਉਹ ਵੀ ਟਾਵਰ ਦੀਆਂ ਤਰੰਗਾਂ ਨੇ ਨਿਗਲ ਨਾਂ ਲਈਆਂ ਹੋਣ ।" ਚੂਚੂ ਨੇ ਕਿਹਾ।

"ਸ਼ੁਭ ਸ਼ੁਭ ਬੋਲ ਚੂਚੂ। ਐਂ ਨਹੀਂ ਬੋਲੀਦਾ।" ਚਿੜੀ ਹੌਲੀ ਆਵਾਜ਼ ਵਿੱਚ ਬੋਲੀ।ਇਹ ਕਹਿੰਦਿਆਂ ਚਿੜੀ ਜਿਵੇਂ ਕੰਬ ਗਈ। ਉਸ ਨੇ ਚੂਚੂ ਨੂੰ ਆਪਣੇ ਖੰਭਾਂ ਹੇਠ ਦਬੋਚ ਲਿਆ।

ਹਰੀ ਕ੍ਰਿਸ਼ਨ ਮਾਇਰ ਨੇ ਵਿਗਿਆਨ ਦੇ ਵਿਸ਼ੇ ਫਿਜ਼ਿਕਸ ਦਾ ਤਿੰਨ ਦਹਾਕੇ ਅਧਿਆਪਨ ਕੀਤਾ। ਪੰਜਾਬ ਸਿੱਖਿਆ ਵਿਭਾਗ ਵਿਚੋਂ ਬਤੌਰ ਪ੍ਰਿੰਸੀਪਲ ਸੇਵਾ ਮੁਕਤ ਹੋਏ। ਵਿਗਿਆਨ ਦੇ ਵਿਸ਼ਿਆਂ ਤੇ ਨਿਬੰਧ ਅਕਸਰ ਪ੍ਰਕਾਸ਼ਤ ਹੁੰਦੇ ਰਹਿੰਦੇ ਹਨ। ਬਾਲ ਸਾਹਿਤ ਵਿੱਚ ਕਹਾਣੀ, ਕਵਿਤਾ, ਜੀਵਨੀਆਂ, ਬੁਝਾਰਤਾਂ ਦੀਆਂ ਤਕਰੀਬਨ ਪੰਦਰਾਂ ਪੁਸਤਕਾਂ ਛਪੀਆਂ ਹਨ। ਕੁਝ ਛਪਾਈ ਅਧੀਨ ਹਨ। ਉਹਨਾਂ ਦੀਆਂ ਪੁਸਤਕਾਂ 'ਮਹਾਨ ਖੋਜਕਾਰ', 'ਭਾਰਤੀ ਖੋਜਕਾਰ', 'ਅਸੀਂ ਜੀਵ ਜੰਤੂ' ਭਾਗ 1 ਅਤੇ 2 ਪੁਸਤਕਾਂ ਕਾਫ਼ੀ ਚਰਚਿਤ ਰਹੀਆਂ ਹਨ।





# ਜ਼ਹੀਨ ਵਿਗਿਆਨੀ ਸਰ ਸੀ. ਵੀ. ਰਮਨ

**ਡਾ. ਕਰਮਜੀਤ ਸਿੰਘ ਧਾਲੀਵਾਲ**

ਵਿਗਿਆਨੀ, ਕਵੀ ਅਤੇ ਚਿੱਤਰਕਾਰ ਕੁਦਰਤ ਵੱਲੋਂ ਬ੍ਰਹਿਮੰਡ ਦੀ ਕੈਨਵਸ ਤੇ ਵਿਖੇਰੇ ਰੰਗਾਂ ਦੇ ਮੁਰੀਦ ਹੁੰਦੇ ਹਨ। ਰੰਗਾਂ ਦੀ ਰੰਗੀਨੀ ਜ਼ਿੰਦਗੀ ਨੂੰ ਵਿਸਮਾਦਮਈ ਬਣਾਈ ਰੱਖਦੀ ਹੈ। ਵਿਗਿਆਨੀ ਕੁਦਰਤੀ ਰਹੱਸਾਂ ਦੀਆਂ ਅਨੰਤ ਪੇਚੀਦਗੀਆਂ ਨੂੰ ਸਮਝਣ ਦੇ ਆਹਰੇ ਲੱਗੇ ਕਲਾ, ਸੁਹਜ ਅਤੇ ਵਿਗਿਆਨ ਦੇ ਸਬੰਧਾਂ ਵਿਚਲੀਆਂ ਤੰਦਾਂ ਨੂੰ ਲੱਭਦੇ ਹੋਏ ਚੌਗਿਰਦੇ ਦੇ ਰੰਗਾਂ ਅਤੇ ਸੰਗੀਤ ਵਿੱਚ ਸਰਸ਼ਾਰ ਰਹਿੰਦੇ ਹਨ। ਮਹਾਨ ਭਾਰਤੀ ਵਿਗਿਆਨੀ ਚੰਦਰਸ਼ੇਖਰ ਵੈਂਕਟਰਮਨ ਰੰਗਾਂ ਤੇ ਸੰਗੀਤਕ ਧੁਨਾਂ ਦੇ ਰਹੱਸਾਂ ਦੀ ਜਗਿਆਸਾ ਦਾ ਜਨੂੰਨੀ ਸੀ। ਉਸ ਦਾ ਜਨਮ 7 ਨਵੰਬਰ 1888 ਨੂੰ ਤਾਮਿਲਨਾਡੂ (ਉਸ ਸਮੇਂ ਮਦਰਾਸ ਪ੍ਰੈਜ਼ੀਡੈਂਸੀ) ਦੇ ਸ਼ਹਿਰ ਤ੍ਰਿਚਨਾਪਲੀ ਨੇੜੇ ਇਕ ਪਿੰਡ ਆਈਨਪਟਾਏ ਵਿਖੇ ਹੋਇਆ। ਉਸ ਦੇ ਪਿਤਾ ਚੰਦਰਸ਼ੇਖਰ ਰਾਮਾਨਾਥਨ ਅਈਅਰ ਹਿਸਾਬ ਅਤੇ ਭੌਤਿਕ ਵਿਗਿਆਨ ਦੇ ਅਧਿਆਪਕ ਸਨ ਅਤੇ ਮਾਤਾ ਪਾਰਵਤੀ ਅਮਲ ਘਰੇਲੂ ਸੁਆਣੀ ਸੀ। ਰਮਨ ਅੱਠ ਭੈਣ ਭਰਾਵਾਂ ਵਿੱਚੋਂ ਦੂਜੇ ਸਥਾਨ 'ਤੇ ਸੀ। ਅਜੇ ਰਮਨ ਚਾਰ ਸਾਲ ਦਾ ਹੀ ਹੋਇਆ ਸੀ, ਜਦੋਂ ਉਸ ਦੇ ਪਿਤਾ ਜੀ ਨੂੰ ਵਿਸ਼ਾਖਾਪਟਨਮ ਦੇ ਕਾਲਜ ਵਿੱਚ ਲੈਕਚਰਾਰ ਵਜੋਂ ਨੌਕਰੀ ਮਿਲਣ ਕਰਕੇ ਸਾਰਾ ਪਰਿਵਾਰ ਵਿਸ਼ਾਖਾਪਟਨਮ ਜਾ ਕੇ ਰਹਿਣ ਲੱਗ ਪਿਆ। ਰਮਨ ਨੂੰ ਬਚਪਨ ਤੋਂ ਹੀ ਵਿਗਿਆਨ ਵਿੱਚ ਬਹੁਤ ਰੁਚੀ ਸੀ। ਉਹ ਘਰ ਵਿੱਚ ਪਿਤਾ ਦੀਆਂ ਵਿਦਿਆਰਥੀ ਜੀਵਨ ਸਮੇਂ ਦੀਆਂ ਪਈਆਂ ਕਿਤਾਬਾਂ ਪੜ੍ਹਦਾ ਰਹਿੰਦਾ ਅਤੇ ਕਦੇ ਉਨ੍ਹਾਂ ਦੇ ਕਾਲਜ ਦੀ ਲਾਇਬਰੇਰੀ ਵਿੱਚੋਂ ਵਿਗਿਆਨ ਦੀਆਂ ਕਿਤਾਬਾਂ ਲੈ ਕੇ ਪੜ੍ਹਨ ਲੱਗ ਜਾਂਦਾ। ਉਹ ਆਪਣੇ ਪਿਤਾ ਤੋਂ ਵਿਗਿਆਨ ਦੇ ਵੱਖ ਵੱਖ ਰਹੱਸਾਂ ਸੰਬੰਧੀ ਅਕਸਰ ਪੁੱਛਦਾ ਰਹਿੰਦਾ। ਖੇਡਣ ਅਤੇ ਕਸਰਤ ਵਿੱਚ ਰੁਚੀ ਨਾ ਹੋਣ ਕਰਕੇ ਉਹ ਮਾੜਚੂ ਜਿਹੇ ਸਰੀਰ ਵਾਲਾ ਸੀ। ਪਰ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਸੀ, ਉਸ ਨੇ ਗਿਆਰਾਂ ਸਾਲ ਦੀ ਉਮਰ ਵਿੱਚ ਦਸਵੀਂ ਅਤੇ ਤੇਰ੍ਹਾਂ ਸਾਲ ਦੀ ਉਮਰ ਵਿੱਚ ਵਜ਼ੀਫੇ ਨਾਲ ਐਫ.ਏ. ਦੀ ਪ੍ਰੀਖਿਆ ਪਾਸ ਕਰਨ ਉਪਰੰਤ ਮਦਰਾਸ ਦੇ ਪ੍ਰੈਜ਼ੀਡੈਂਸੀ ਕਾਲਜ ਵਿੱਚ ਬੀ.ਏ. ਵਿੱਚ ਦਾਖ਼ਲਾ ਲੈ ਲਿਆ। ਸੰਨ 1904 ਵਿੱਚ ਭੌਤਿਕ ਵਿਗਿਆਨ ਅਤੇ ਅੰਗਰੇਜ਼ੀ ਦੇ ਵਿਸ਼ਿਆਂ ਵਿੱਚ ਮੈਡਲ ਪ੍ਰਾਪਤ ਕਰਦਿਆਂ ਉਸ ਨੇ ਪਹਿਲੇ ਦਰਜੇ ਵਿਚ ਬੀ. ਏ. ਦੀ ਪ੍ਰੀਖਿਆ ਪਾਸ ਕੀਤੀ। ਬ੍ਰਿਟਿਸ਼ ਪ੍ਰੋਫ਼ੈਸਰਾਂ ਨੇ ਉਸ ਦੀ ਕਾਬਲੀਅਤ ਨੂੰ ਦੇਖਦਿਆਂ ਉਸ ਨੂੰ ਵਲਾਇਤ ਤੋਂ ਐਮ. ਏ. ਕਰਨ ਲਈ ਬਹੁਤ ਜ਼ੋਰ ਪਾਇਆ। ਪ੍ਰੰਤੂ ਮਦਰਾਸ ਦੇ ਸਿਵਲ ਸਰਜਨ ਨੇ ਉਸ ਦੀ ਕਮਜ਼ੋਰ ਸਿਹਤ ਨੂੰ ਦੇਖਦਿਆਂ ਸਲਾਹ ਦਿੱਤੀ ਕਿ ਵਲਾਇਤ ਦਾ ਠੰਡਾ ਮੌਸਮ ਉਸ ਲਈ ਸਾਜ਼ਗਾਰ ਨਹੀਂ ਰਹੇਗਾ, ਇਸ ਕਰਕੇ ਉਸ ਨੂੰ ਭਾਰਤ ਵਿਚ ਹੀ ਰਹਿਣਾ ਚਾਹੀਦਾ ਹੈ। ਰਮਨ ਨੇ ਵਜ਼ੀਫੇ ਨਾਲ ਪ੍ਰੈਜ਼ੀਡੈਂਸੀ ਕਾਲਜ ਦੀ ਐਮ.ਏ. ਭੌਤਿਕ ਵਿਗਿਆਨ ਵਿੱਚ ਦਾਖਲਾ ਲੈ ਲਿਆ। ਵਿਗਿਆਨ ਪ੍ਰਤੀ ਉਸਦੇ ਜਨੂੰਨ ਨੂੰ ਦੇਖਦਿਆਂ ਕਾਲਜ ਵਿੱਚ ਕਿਸੇ ਵੀ ਸਮੇਂ ਲੈਬਾਰਟਰੀ ਵਿੱਚ ਜਾ ਕੇ ਤਜਰਬੇ ਕਰਨ ਜਾਂ ਲਾਇਬਰੇਰੀ ਵਿੱਚੋਂ ਕਿਤਾਬਾਂ ਪੜ੍ਹਨ ਦੀ ਉਸਨੂੰ ਪੂਰੀ ਤਰ੍ਹਾਂ ਖੁੱਲ੍ਹ ਸੀ। ਐਮ.ਏ. ਦੀ ਪੜ੍ਹਾਈ ਦੌਰਾਨ ਹੀ ਉਸ ਨੇ ਆਪਣਾ ਪਹਿਲਾ ਖੋਜ ਪੱਤਰ ਸੰਨ 1906 ਵਿਚ ਵਿਸ਼ਵ ਦੇ ਪ੍ਰਸਿੱਧ ਖੋਜ ਰਸਾਲੇ ਫਿਲਾਸਫੀਕਲ ਮੈਗਜ਼ੀਨ ਵਿੱਚ ਪ੍ਰਕਾਸ਼ਿਤ ਕੀਤਾ। ਸੰਨ 1907 ਵਿੱਚ ਉਸ ਨੇ ਰਿਕਾਰਡ ਸਥਾਪਿਤ ਕਰਦਿਆਂ ਪਹਿਲੇ ਦਰਜੇ ਵਿੱਚ ਐਮ.ਏ. ਦੀ ਡਿਗਰੀ ਪ੍ਰਾਪਤ ਕੀਤੀ। ਇਸ ਉਪਰੰਤ ਘਰ ਦੀ ਕਮਜ਼ੋਰ ਮਾਲੀ ਹਾਲਤ ਨੂੰ ਸੁਧਾਰਨ ਵਾਸਤੇ ਭਰਾ ਦੀ ਸਲਾਹ ਉਪਰ ਇੰਡੀਅਨ ਫਾਇਨੈਂਸ਼ ਸਰਵਿਸ (ਆਈ. ਐੱਫ. ਐੱਸ.) ਦੀ ਵੱਕਾਰੀ ਪ੍ਰੀਖਿਆ ਦਿੱਤੀ

ਅਤੇ ਦੇਸ਼ ਭਰ ਵਿੱਚੋਂ ਪਹਿਲਾ ਸਥਾਨ ਪ੍ਰਾਪਤ ਕਰਕੇ, ਉਹ ਦੇਸ਼ ਦਾ ਸਭ ਤੋਂ ਛੋਟੀ ਉਮਰ ਦਾ ਅਸਿਸਟੈਂਟ ਅਕਾਊਂਟੈਂਟ ਜਨਰਲ ਬਣਿਆ। ਜੂਨ 1907 ਵਿੱਚ ਉਸਦੀ ਪਹਿਲੀ ਨਿਯੁਕਤੀ ਕਲਕੱਤਾ ਵਿਖੇ ਹੋਈ, ਇਸੇ ਹੀ ਸਾਲ ਉਸਦਾ ਵਿਆਹ ਲੋਕਸੁੰਦਰੀ ਅਮਲ ਨਾਲ ਹੋਇਆ, ਜੋ ਇੱਕ ਵਧੀਆ ਵੀਨਾ ਵਾਦਕ ਸੀ। ਰਮਨ ਬਚਪਨ ਤੋਂ ਹੀ ਸੰਗੀਤ ਦਾ ਰਸੀਆ ਸੀ, ਕਿਉਂਕਿ ਉਸ ਦੇ ਪਿਤਾ ਜੀ ਸੰਗੀਤ ਦੇ ਸ਼ੌਕੀਨ ਹੋਣ ਕਰਕੇ ਘਰ ਵਿੱਚ ਸੰਗੀਤ ਸਮਾਗਮ ਕਰਵਾਉਂਦੇ ਰਹਿੰਦੇ ਸਨ। ਵਿਆਹ ਉਪਰੰਤ ਉਸ ਦੀ ਪਤਨੀ ਨੇ ਸੰਗੀਤ ਪ੍ਰਤੀ ਉਸਨੂੰ ਹੋਰ ਵਧੇਰੇ ਰੁਚਿਤ ਕਰ ਦਿੱਤਾ। ਉਸਦਾ ਤਰਕਸ਼ੀਲ ਸੁਭਾਅ ਸੰਗੀਤਕ ਧੁਨਾਂ ਦਾ ਵਿਗਿਆਨ ਸਮਝਣ ਨੂੰ ਤਾਂਘਦਾ ਰਹਿੰਦਾ। ਇੱਕ ਦਿਨ ਸ਼ਾਮ ਨੂੰ ਉਹ ਦਫ਼ਤਰ ਤੋਂ ਟਰਾਮ ਰਾਹੀਂ ਘਰ ਆ ਰਿਹਾ ਸੀ, ਰਸਤੇ ਵਿੱਚ ਉਸ ਨੇ ਇੱਕ ਥਾਂ ਇੰਡੀਅਨ ਐਸੋਸੀਏਸ਼ਨ ਫਾਰ ਕਲਟੀਵੇਸ਼ਨ ਆਫ ਸਾਇੰਸ ਨਾਂ ਦੀ ਸੰਸਥਾ ਦਾ ਬੋਰਡ ਲੱਗਿਆ ਦੇਖਿਆ, ਉਹ ਉਸੇ ਸਮੇਂ ਚੱਲਦੀ ਟਰਾਮ 'ਚੋਂ ਛਾਲ ਮਾਰ ਕੇ ਉਸ ਸੰਸਥਾ ਵਿੱਚ ਜਾ ਪੁੱਜਿਆ। ਉੱਥੋਂ ਦੇ ਪ੍ਰਬੰਧਕਾਂ ਨੂੰ ਬੇਨਤੀ ਕਰਕੇ ਉਸਨੇ ਦਫ਼ਤਰੀ ਸਮੇਂ ਤੋਂ ਬਾਅਦ ਉੱਥੇ ਜਾ ਕੇ ਖੋਜਾਂ ਕਰਨੀਆਂ ਆਰੰਭ ਕਰ ਦਿੱਤੀਆਂ। ਸੰਨ 1909 ਤੋਂ 1911 ਦੌਰਾਨ ਕੁਝ ਸਮੇਂ ਲਈ ਉਸ ਦੀ ਬਦਲੀ ਪਹਿਲਾਂ ਰੰਗੂਨ ਅਤੇ ਫਿਰ ਨਾਗਪੁਰ ਹੋਈ, ਸੰਨ 1911 ਵਿੱਚ ਉਹ ਅਕਾਊਂਟੈਂਟ ਜਨਰਲ ਬਣ ਕੇ ਫਿਰ ਕਲਕੱਤੇ ਆ ਗਿਆ। ਉਹ ਸੰਗੀਤਕ ਯੰਤਰਾਂ ਦੇ ਧੁਨੀ ਵਿਗਿਆਨ ਤੇ ਨਿੱਠ ਕੇ ਕੰਮ ਕਰਦਿਆਂ ਥੋੜ੍ਹੇ ਹੀ ਸਮੇਂ ਵਿੱਚ ਵਿਗਿਆਨ ਜਗਤ ਦੇ ਉੱਚਕੋਟੀ ਦੇ ਵਿਗਿਆਨੀ ਵਜੋਂ ਪ੍ਰਸਿੱਧ ਹੋ ਗਿਆ। ਹੁਣ ਅਨੇਕਾਂ ਯੂਨੀਵਰਸਿਟੀਆਂ ਦੇ ਖੋਜਾਰਥੀ ਉਸ ਕੋਲ ਆ ਕੇ ਖੋਜ ਕਾਰਜਾਂ ਲਈ ਸੇਧ ਲੈਣ ਲੱਗੇ। ਕਲਕੱਤਾ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਆਸ਼ੂਤੋਸ਼ ਮੁਖਰਜੀ ਨੇ ਉੱਘੇ ਸਮਾਜਸੇਵੀ ਅਤੇ ਦਾਨੀ ਸਰ ਤਾਰਕਨਾਥ ਪਾਲਿਤ ਦੇ ਨਾਂ ਤੇ ਸਥਾਪਿਤ ਪਾਲਿਤ ਪ੍ਰੋਫ਼ੈਸਰ ਆਫ ਫਿਜ਼ਿਕਸ ਦੀ ਪਦਵੀ ਤੇ ਰਮਨ ਨੂੰ ਪ੍ਰੋਫ਼ੈਸਰ ਵਜੋਂ ਕਾਰਜਭਾਰ ਸੰਭਾਲਣ ਲਈ ਬੇਨਤੀ ਕੀਤੀ। ਸੰਨ 1917 ਵਿੱਚ ਵਿਗਿਆਨ ਦੀ ਖੋਜ ਦੀ ਖਿੱਚ ਕਰਕੇ ਰਮਨ ਨੇ ਆਈ.ਐੱਫ.ਐੱਸ. ਦੀ ਐਸ਼ੋ-ਆਰਾਮ ਵਾਲੀ ਨੌਕਰੀ ਤਿਆਗ ਕੇ ਲਗਭਗ ਅੱਧੀ ਤਨਖ਼ਾਹ ਵਾਲੀ ਪ੍ਰੋਫ਼ੈਸਰ ਦੀ ਪਦਵੀ ਸਵੀਕਾਰ ਕਰ ਲਈ, ਹੁਣ ਉਹ ਪ੍ਰੋਫ਼ੈਸਰ ਬਣ ਕੇ ਦਿਨ ਰਾਤ ਖੋਜਾਂ ਵਿੱਚ ਰੁੱਝਿਆ ਰਹਿੰਦਾ। ਕਲਕੱਤਾ ਯੂਨੀਵਰਸਿਟੀ ਨੇ ਉਸ ਨੂੰ ਆਨਰੇਰੀ ਡੀ.ਐੱਸ.ਸੀ. ਡਿਗਰੀ ਨਾਲ ਸਨਮਾਨਿਤ ਕੀਤਾ। ਰਮਨ ਨੂੰ ਆਪਣੀ ਕਾਬਲੀਅਤ ਤੇ ਬਹੁਤ ਜਿਆਦਾ ਭਰੋਸਾ ਸੀ, ਜਦੋਂ ਉਸਨੂੰ ਪਾਲਿਤ ਪ੍ਰੋਫ਼ੈਸਰ ਦੀ ਪਦਵੀ ਮਿਲੀ ਤਾਂ ਇਸ ਪਦਵੀ ਤੇ ਲਾਗੂ ਸ਼ਰਤਾਂ ਵਿੱਚੋਂ ਇੱਕ ਸ਼ਰਤ ਸੀ ਕਿ ਇਸ ਪਦਵੀ ਤੇ ਸੁਸ਼ੋਭਿਤ ਵਿਅਕਤੀ ਖੋਜ ਮੁਹਾਰਤ ਲੈਣ ਵਾਸਤੇ ਕੁਝ ਸਮੇਂ ਵਾਸਤੇ ਦੂਸਰੇ ਦੇਸ਼ਾਂ ਵਿੱਚ ਜਾਵੇਗਾ, ਪ੍ਰੰਤੂ ਰਮਨ ਨੇ ਇਹ ਸ਼ਰਤ ਮੰਨਣ ਤੋਂ ਇਹ ਕਹਿੰਦਿਆਂ ਇਨਕਾਰ ਕਰ ਦਿੱਤਾ ਕਿ ਬਾਹਰਲੇ ਦੇਸ਼ਾਂ ਤੋਂ ਵਿਦਿਆਰਥੀਆਂ ਨੂੰ ਉਸ ਕੋਲ ਮੁਹਾਰਤ ਲੈਣ ਵਾਸਤੇ ਆਉਣਾ ਚਾਹੀਦਾ ਹੈ। ਸੰਨ 1921 ਵਿੱਚ ਕਲਕੱਤਾ ਯੂਨੀਵਰਸਿਟੀ ਤਰਫੋਂ ਉਹ ਆਕਸਫ਼ੋਰਡ (ਇੰਗਲੈਂਡ) ਵਿਖੇ ਬ੍ਰਿਟਿਸ਼ ਯੂਨੀਵਰਸਿਟੀਆਂ ਦੀ ਕਾਂਗਰਸ ਵਿੱਚ ਹਿੱਸਾ ਲੈਣ ਲਈ ਜਦੋਂ ਦੇਸ਼ ਵਿੱਚੋਂ ਪਹਿਲੀ ਵਾਰ ਬਾਹਰ ਜਾਣ ਵਾਸਤੇ ਸਮੁੰਦਰੀ ਜਹਾਜ਼ ਰਾਹੀਂ ਸਫ਼ਰ ਕਰ ਰਿਹਾ ਸੀ ਤਾਂ ਉਸ ਨੇ ਸਮੁੰਦਰ ਦੇ ਪਾਣੀ ਵੱਲ ਨੀਝ ਨਾਲ ਤੱਕਦਿਆਂ ਇਸ ਦੇ ਨੀਲੇ ਰੰਗ ਦਾ ਹੋਣ ਦੇ ਕਾਰਨ ਬਾਰੇ ਸੋਚਣਾ ਸ਼ੁਰੂ ਕੀਤਾ। ਉਸ ਸਮੇਂ ਤੱਕ ਸੰਸਾਰ ਪ੍ਰਸਿੱਧ ਵਿਗਿਆਨੀ ਰੇਲੇ ਦੇ ਕਹਿਣ ਅਨੁਸਾਰ ਸਮੁੰਦਰੀ ਪਾਣੀ ਦੇ ਨੀਲੇ ਰੰਗ ਦਾ ਕਾਰਨ, ਅਸਮਾਨੀ ਰੰਗ ਦੇ ਆਕਾਸ਼ ਦੀ ਸਮੁੰਦਰੀ ਪਾਣੀ ਵਿੱਚ ਝਲਕ ਪੈਣਾ ਮੰਨਿਆ ਜਾਂਦਾ ਸੀ। ਪ੍ਰੰਤੂ ਰਮਨ ਨੂੰ ਰੇਲੇ ਦਾ ਤਰਕ ਠੀਕ ਨਾ ਜਾਪਿਆ, ਉਸਨੇ ਸਫਰ ਦੀ ਵਾਪਸੀ ਮੌਕੇ ਪ੍ਰਿਜ਼ਮ ਦੀ ਮੱਦਦ ਨਾਲ ਨੀਲੇ ਆਕਾਸ਼ ਦੀ ਝਲਕ ਦੀ ਕਾਟ ਕਰਦਿਆਂ ਦੇਖਿਆ ਕਿ ਪਾਣੀ ਦਾ ਰੰਗ ਨੀਲਾ ਹੀ ਰਹਿੰਦਾ ਹੈ। ਉਸ ਨੇ ਇਸ ਲੱਭਤ ਬਾਰੇ ਪ੍ਰਸਿੱਧ ਖੋਜ ਰਸਾਲੇ ਨੇਚਰ ਨੂੰ ਪੱਤਰ ਲਿਖਿਆ ਅਤੇ ਵਾਪਿਸ ਕਲਕੱਤੇ ਪੁੱਜਕੇ ਆਪਣੇ ਖੋਜ ਵਿਦਿਆਰਥੀਆਂ ਸਮੇਤ ਸੂਰਜੀ ਰੌਸ਼ਨੀ ਦੇ ਪਦਾਰਥਾਂ ਨਾਲ ਟਕਰਾਓ ਦੇ ਵਰਤਾਰੇ ਨੂੰ ਵਿਸਥਾਰਿਤ ਰੂਪ ਵਿੱਚ ਘੋਖਣ ਲਈ ਰੁੱਝ ਗਿਆ। ਉਹ ਲਗਾਤਾਰ ਅਗਲੇ ਸੱਤ ਸਾਲ ਇਨ੍ਹਾਂ ਵਰਤਾਰਿਆਂ ਨੂੰ ਖੋਜਦੇ ਰਹੇ, ਅਨੇਕਾਂ ਦ੍ਰਵਾ, ਠੋਸਾਂ ਤੇ ਗੈਸਾਂ ਤੇ ਤਜਰਬੇ ਕਰਦਿਆਂ ਰੋਸ਼ਨੀ ਦੇ ਖਿੰਡਾਓ ਨੂੰ ਭਾਂਪਦਿਆਂ, ਉਨ੍ਹਾਂ ਨੇ ਦੇਖਿਆ ਕਿ ਪਦਾਰਥ ਨਾਲ ਟਕਰਾਉਣ ਤੋਂ ਬਾਅਦ ਰੋਸ਼ਨੀ ਦਾ ਰੰਗ ਬਦਲ ਜਾਂਦਾ ਹੈ। ਉਸ ਦੀਆਂ ਇਨ੍ਹਾਂ ਲੱਭਤਾਂ ਦੀ ਚਰਚਾ ਦੁਨੀਆਂ ਭਰ ਵਿੱਚ ਹੋਣ ਲੱਗੀ।

ਜਵਾਨ ਉਮਰੇ ਹੀ ਸੰਨ 1924 ਵਿੱਚ ਉਹ ਰਾਇਲ ਸੋਸਾਇਟੀ ਦਾ ਫੈਲੋ ਚੁਣਿਆ ਗਿਆ। ਇਸੇ ਸਾਲ ਬ੍ਰਿਟਿਸ਼ ਐਸੋਸੀਏਸ਼ਨ ਫਾਰ ਐਡਵਾਂਸਮੈਂਟ ਆਫ ਸਾਇੰਸ ਨੇ ਉਸਨੂੰ ਟੋਰਾਂਟੋ (ਕੈਨੇਡਾ) ਵਿਖੇ ਹੋਣ ਵਾਲੀ ਮੀਟਿੰਗ ਵਿਚ ਸ਼ਾਮਿਲ ਹੋਣ ਲਈ ਸੱਦਾ ਪੱਤਰ ਭੇਜਿਆ। ਜਿੱਥੇ ਉਸਨੇ ਰੋਸ਼ਨੀ ਦੇ ਖਿੰਡਾਓ ਸੰਬੰਧੀ ਆਪਣੇ ਤਜਰਬਿਆਂ ਬਾਰੇ ਭਾਸ਼ਨ ਦਿੱਤਾ। ਨੋਬਲ ਇਨਾਮ ਵਿਜੇਤਾ ਵਿਗਿਆਨੀ ਰੌਬਰਟ ਏ. ਮਿਲੀਕਨ ਦੇ ਸੱਦੇ ਤੇ ਕੈਨੇਡਾ ਤੋਂ ਉਹ ਅਮਰੀਕਾ ਚਲਾ ਗਿਆ, ਜਿੱਥੇ ਉਸ ਨੇ ਰਿਸਰਚ ਐਸੋਸੀਏਟ ਅਤੇ ਵਿਜ਼ਿਟਿੰਗ ਪ੍ਰੋਫ਼ੈਸਰ ਵਜੋਂ ਕੈਲੀਫੋਰਨੀਆ ਇੰਸਟੀਚਿਊਟ ਆਫ ਟੈਕਨਾਲੋਜੀ ਵਿਖੇ ਤਿੰਨ ਮਹੀਨੇ ਦਾ ਸਮਾਂ ਬਿਤਾਉਂਦਿਆਂ ਸੈਂਕੜੇ ਵਿਦਿਆਰਥੀਆਂ, ਖੋਜਾਰਥੀਆਂ ਅਤੇ

ਪ੍ਰੋਫ਼ੈਸਰਾਂ ਨੂੰ ਅਨੇਕਾਂ ਲੈਕਚਰਾਂ ਰਾਹੀਂ ਆਪਣੀਆਂ ਖੋਜਾਂ ਬਾਰੇ ਵਿਸਥਾਰਪੂਰਵਕ ਦੱਸਿਆ।

ਸੰਨ 1927 ਦੇ ਅਖੀਰ ਵਿੱਚ ਰਮਨ ਅਤੇ ਉਸਦੇ ਖੋਜਾਰਥੀਆਂ ਨੇ ਰੌਚਕ ਵਰਤਾਰਾ ਦੇਖਿਆ, ਜਦੋਂ ਸੂਰਜ ਦੀ ਰੋਸ਼ਨੀ ਅਤਿ ਸ਼ੁੱਧ ਗਲਿਸਰੀਨ ਤੋਂ ਖਿੰਡੀ ਤਾਂ ਆਮ ਨੀਲੇ ਰੰਗ ਦੀ ਬਜਾਏ ਬਹੁਤ ਹੀ ਸੰਘਣਾ ਹਰਾ ਰੰਗ ਨਜ਼ਰ ਆਇਆ। ਉਹ ਇਨ੍ਹਾਂ ਤਜਰਬਿਆਂ ਨੂੰ ਹੋਰ ਵਧੇਰੇ ਬਾਰੀਕੀ ਨਾਲ ਕਰਦਿਆਂ ਵੱਖ-ਵੱਖ ਪਹਿਲੂਆਂ ਤੋਂ ਪਰਖ ਕਰਨ ਲੱਗੇ। 28 ਫਰਵਰੀ 1928 ਵਾਲੇ ਦਿਨ ਮਰਕਰੀ ਲੈਂਪ ਨਾਲ ਤਜਰਬੇ ਕਰਦਿਆਂ ਉਨ੍ਹਾਂ ਨੇ ਦੇਖਿਆ ਕਿ ਜਦੋਂ ਰੋਸ਼ਨੀ ਦੇ ਕਣ ਪਦਾਰਥ ਦੇ ਪ੍ਰਮਾਣੂਆਂ ਨਾਲ ਟਕਰਾਉਂਦੇ ਹਨ ਤਾਂ ਰੌਸ਼ਨੀ ਦੇ ਕਣ ਜਾਂ ਤਾਂ ਕੁਝ ਊਰਜਾ ਪ੍ਰਮਾਣੂਆਂ ਨੂੰ ਦੇ ਦਿੰਦੇ ਹਨ ਜਾਂ ਪਦਾਰਥ ਦੇ ਪਰਮਾਣੂਆਂ ਤੋਂ ਕੁਝ ਊਰਜਾ ਪ੍ਰਾਪਤ ਕਰ ਲੈਂਦੇ ਹਨ, ਜਿਸ ਕਰਕੇ ਰੋਸ਼ਨੀ ਦੇ ਕਣਾਂ ਦੀ ਊਰਜਾ ਘਟਣ ਜਾਂ ਵਧਣ ਕਰਕੇ ਰੋਸ਼ਨੀ ਦਾ ਰੰਗ ਬਦਲ ਜਾਂਦਾ ਹੈ। ਇਹ ਵਿਗਿਆਨ ਦੀ ਇੱਕ ਵਿਲੱਖਣ ਲੱਭਤ ਸੀ। ਉਸੇ ਦਿਨ ਰਮਨ ਨੇ ਇਸ ਖੋਜ ਬਾਰੇ ਪ੍ਰੈਸ ਨੂੰ ਦੱਸਿਆ। ਐਸੋਸੀਏਟ ਪ੍ਰੈੱਸ ਆਫ ਇੰਡੀਆ ਨੇ ਅਗਲੇ ਦਿਨ ਇਸ ਖੋਜ ਦੀ ਖ਼ਬਰ ਨੂੰ ਪ੍ਰਮੁੱਖਤਾ ਨਾਲ ਛਾਪਿਆ। ਰਮਨ ਅਤੇ ਉਸ ਦੇ ਸਾਥੀ ਕੇ. ਐੱਸ. ਕ੍ਰਿਸ਼ਨਨ ਨੇ ਇਸ ਅਦਭੁੱਤ ਲੱਭਤ ਨੂੰ ਨੇਚਰ ਰਸਾਲੇ ਵਿੱਚ ਛਾਪਿਆ। ਇਸ ਖੋਜ ਦੀ ਪੂਰੀ ਦੁਨੀਆਂ ਵਿੱਚ ਧੁੰਮ ਪੈ ਗਈ, ਸੰਸਾਰ ਦੇ ਵਿਗਿਆਨੀਆਂ ਨੇ ਇਸ ਖੋਜ ਨੂੰ "ਰਮਨ ਪ੍ਰਭਾਵ" ਦਾ ਨਾਂ ਦਿੱਤਾ। ਸੰਨ 1929 ਵਿੱਚ ਰਮਨ ਨੂੰ "ਸਰ" ਦੇ ਖ਼ਿਤਾਬ ਨਾਲ ਨਿਵਾਜਿਆ ਗਿਆ। 10 ਦਸੰਬਰ 1930 ਵਾਲੇ ਦਿਨ ਸਰ ਸੀ. ਵੀ. ਰਮਨ ਨੂੰ ਸਟਾਕਹੋਮ (ਸਵੀਡਨ) ਦੇ ਕਨਸਰਟ ਹਾਲ ਵਿੱਚ "ਉਸਦੇ ਰੌਸ਼ਨੀ ਖਿੰਡਾਓ ਸਬੰਧੀ ਕੀਤੇ ਖੋਜ ਕਾਰਜਾਂ ਅਤੇ ਰਮਨ ਪ੍ਰਭਾਵ ਦੀ ਲੱਭਤ" ਵਾਸਤੇ ਨੋਬਲ ਇਨਾਮ ਨਾਲ ਨਿਵਾਜਿਆ ਗਿਆ। ਉਸ ਸਮੇਂ ਉਹ ਵਿਗਿਆਨ ਵਿੱਚ ਨੋਬਲ ਇਨਾਮ ਪ੍ਰਾਪਤ ਕਰਨ ਵਾਲਾ ਪਹਿਲਾ ਭਾਰਤੀ, ਪਹਿਲਾ ਏਸ਼ੀਆਈ ਅਤੇ ਪਹਿਲਾ ਗੈਰ-ਗੋਰਾ ਵਿਅਕਤੀ ਸੀ। ਉਸਦੀ ਇਸ ਪ੍ਰਾਪਤੀ ਨੇ ਗੁਲਾਮੀ ਦੀਆਂ ਜ਼ੰਜੀਰਾਂ ਵਿੱਚ ਜਕੜੇ ਭਾਰਤ ਨੂੰ ਵਿਸ਼ਵ ਦੇ ਵਿਗਿਆਨ ਨਕਸ਼ੇ 'ਤੇ ਚਮਕਣ ਲਗਾ ਦਿੱਤਾ। ਉਹ ਰਿਕਾਰਡ ਥੋੜ੍ਹੇ ਸਮੇਂ ਵਿੱਚ ਖੋਜ ਉਪਰੰਤ ਇਕੱਲੇ ਤੌਰ ਤੇ ਨੋਬਲ ਇਨਾਮ ਪ੍ਰਾਪਤ ਕਰਨ ਵਾਲਾ ਦੁਨੀਆਂ ਦਾ ਪਹਿਲਾ ਵਿਗਿਆਨੀ ਸੀ। ਉਹ ਬਹੁਤ ਹੀ ਆਤਮ ਵਿਸਵਾਸ ਵਾਲੀ ਸਖਸ਼ੀਅਤ ਸੀ, ਉਸਨੂੰ ਨੋਬਲ ਇਨਾਮ ਮਿਲਣ ਬਾਰੇ ਪੱਕਾ ਯਕੀਨ ਸੀ, ਇਸ ਕਰਕੇ ਇਨਾਮ ਜੇਤੂ ਦੇ ਨਾਮ ਦੀ ਘੋਸ਼ਣਾ ਹੋਣ ਤੋਂ ਚਾਰ ਮਹੀਨੇ ਪਹਿਲਾਂ ਹੀ ਉਸ ਨੇ ਸਵੀਡਨ ਜਾਣ ਵਾਸਤੇ ਟਿਕਟਾਂ ਰਾਖਵੀਆਂ ਕਰਵਾ ਲਈਆਂ ਸਨ। ਰਮਨ ਦੀ ਤਮੰਨਾ ਸੀ ਕਿ ਭਾਰਤ ਵਿੱਚ ਵਿਗਿਆਨ ਅਤੇ ਵਿਗਿਆਨਿਕ ਸੋਚ ਵੱਧ ਤੋਂ ਵੱਧ ਪ੍ਰਫੁੱਲਤ ਹੋਵੇ, ਜਿਸ ਵਾਸਤੇ ਉਹ ਦੇਸ਼ ਵਿੱਚ ਵੱਖ-ਵੱਖ ਥਾਵਾਂ ਤੇ ਅਕਸਰ ਹੀ ਲੈਕਚਰ ਦੇਣ ਜਾਂਦਾ ਰਹਿੰਦਾ ਸੀ। ਉਸ ਅਨੁਸਾਰ ਖੋਜ ਦੇ ਯੰਤਰ ਸਵਦੇਸ਼ੀ ਹੋਣ ਅਤੇ ਯੂਨੀਵਰਸਿਟੀਆਂ ਖੋਜ ਦੇ ਉੱਚਤਮ ਕੇਂਦਰਾਂ ਵਜੋਂ ਵਿਕਸਤ ਹੋਣ। ਉਹ ਸੋਚਦਾ ਸੀ ਕਿਸੇ ਦੇਸ਼ ਦਾ ਅਸਲੀ ਖਜ਼ਾਨਾ ਉਸਦੇ ਸੋਨੇ ਦੇ ਭੰਡਾਰ ਨਹੀਂ, ਬਲਕਿ ਦੇਸ਼ ਦੇ ਲੋਕਾਂ ਦੀ ਬੌਧਿਕ ਅਤੇ ਸਰੀਰਿਕ ਸ਼ਕਤੀ ਹੁੰਦੀ ਹੈ। ਵਿਗਿਆਨਿਕ ਖੋਜ ਗਤੀਵਿਧੀਆਂ ਨੂੰ ਉਤਸ਼ਾਹਿਤ ਕਰਨ ਲਈ ਉਸ ਨੇ ਸੰਨ 1926 ਵਿੱਚ ਇੰਡੀਅਨ ਜਰਨਲ ਆਫ ਫਿਜ਼ਿਕਸ ਸ਼ੁਰੂ ਕੀਤਾ। ਸੰਨ 1933 ਵਿੱਚ ਇੰਡੀਅਨ ਇੰਸਟੀਚਿਊਟ ਆਫ ਸਾਇੰਸ ਬੰਗਲੌਰ ਦਾ ਉਹ ਪਹਿਲਾ ਭਾਰਤੀ ਡਾਇਰੈਕਟਰ ਬਣਿਆ। ਬੰਗਲੌਰ ਆ ਕੇ ਉਸਨੇ ਇੰਡੀਅਨ ਅਕੈਡਮੀ ਆਫ ਸਾਇੰਸਜ਼ ਸਥਾਪਿਤ ਕੀਤੀ। ਇੰਡੀਅਨ ਇੰਸਟੀਚਿਊਟ ਆਫ ਸਾਇੰਸ ਵਿੱਚ ਭੌਤਿਕ ਵਿਗਿਆਨ ਵਿਭਾਗ ਖੋਲ੍ਹਿਆ, ਜਿੱਥੇ ਉਸ ਨੇ ਮੈਕਸ ਬੋਰਨ ਵਰਗੇ ਵਿਸ਼ਵ ਪ੍ਰਸਿੱਧ ਭੌਤਿਕ ਵਿਗਿਆਨੀਆਂ ਨੂੰ ਪੜ੍ਹਾਉਣ ਲਈ ਸੱਦਾ ਦਿੱਤਾ। ਉਹ ਭਾਰਤੀ ਵਿਦਿਆਰਥੀਆਂ ਦੇ ਵਿਦੇਸ਼ਾਂ ਵਿੱਚ ਜਾਕੇ ਪੜ੍ਹਨ ਦੀ ਥਾਂ ਦੇਸ਼ ਵਿੱਚ ਹੀ ਉਨ੍ਹਾਂ ਲਈ ਵਿਸਵ ਪੱਧਰੀ ਮਿਆਰੀ ਵਿਗਿਆਨ ਦੀ ਪੜ੍ਹਾਈ ਦੇ ਵਸੀਲੇ ਉਪਲੱਬਧ ਕਰਵਾਉਣਾ ਚਾਹੁੰਦਾ ਸੀ। ਵਿਗਿਆਨਿਕ ਖੋਜਾਂ ਨੂੰ ਸਮਰਪਿਤ ਰਮਨ ਨੂੰ ਡਾਇਰੈਕਟਰ ਦਾ ਅਹੁਦਾ ਰਾਸ ਨਾ ਆਇਆ, ਇੰਸਟੀਚਿਊਟ ਵਿੱਚ ਕੰਮ ਕਰਦੇ ਕੁਝ ਬ੍ਰਿਟਿਸ਼ ਪ੍ਰੋਫ਼ੈਸਰਾਂ ਨੂੰ ਭਾਰਤੀ ਡਾਇਰੈਕਟਰ ਹੇਠ ਕੰਮ ਕਰਨਾ ਨਾਪਸੰਦ ਹੋਣ ਕਰਕੇ, ਉਨ੍ਹਾਂ ਨੇ ਰਮਨ ਦੇ ਰਾਹ 'ਚ ਰੋੜ੍ਹੇ ਅਟਕਾਉਣੇ ਸ਼ੁਰੂ ਕਰ ਦਿੱਤੇ, ਜਿਸ ਕਰਕੇ ਉਸ ਨੂੰ ਜੁਲਾਈ 1937 ਵਿੱਚ ਡਾਇਰੈਕਟਰ ਦੇ ਅਹੁਦੇ ਤੋਂ ਅਸਤੀਫ਼ਾ ਦੇਣਾ ਪਿਆ। ਪ੍ਰੰਤੂ ਉਹ ਭੌਤਿਕ ਵਿਗਿਆਨ ਵਿਭਾਗ ਦੇ ਮੁਖੀ ਅਤੇ ਪ੍ਰੋਫ਼ੈਸਰ ਵਜੋਂ ਕਾਰਜਸ਼ੀਲ ਰਹਿੰਦਿਆਂ ਖੋਜਾਂ ਵਿਚ ਰੁੱਝਿਆ ਰਿਹਾ। ਇੱਥੇ ਰਹਿੰਦਿਆਂ ਹੀ ਉਸ ਨੇ ਪ੍ਰਸਿੱਧ ਰਮਨ-ਨਾਥ ਥਿਊਰੀ ਖੋਜੀ। ਉਸ ਨੇ ਧੁਨੀ ਵਿਗਿਆਨ, ਰੌਸ਼ਨੀ ਖਿੰਡਾਓ, ਕ੍ਰਿਸਟਲ ਡਾਇਨਾਮਿਕਸ ਅਤੇ ਅਲਟ੍ਰਾਸੋਨਿਕ ਤਰੰਗਾਂ ਦੇ ਖੇਤਰ ਵਿੱਚ ਅਨੇਕਾਂ ਖੋਜਾਂ ਕੀਤੀਆਂ। ਇੰਸਟੀਚਿਊਟ ਆਫ਼ ਸਾਇੰਸ ਤੋਂ ਸੰਨ 1948 ਵਿੱਚ ਸੇਵਾਮੁਕਤੀ ਤੋਂ ਦੋ ਸਾਲ ਪਹਿਲਾਂ ਉਸ ਨੇ ਬੰਗਲੌਰ ਵਿੱਚ ਆਪਣਾ ਨਿੱਜੀ ਰਮਨ ਰਿਸਰਚ ਇੰਸਟੀਚਿਊਟ ਬਣਾਉਣਾ ਸ਼ੁਰੂ ਕਰ ਦਿੱਤਾ। ਉਹ ਚਾਹੁੰਦਾ ਸੀ ਬੁਨਿਆਦੀ ਵਿਗਿਆਨ ਦੀ ਮਹੱਤਤਾ ਪਛਾਣੀ ਜਾਵੇ। ਸੇਵਾਮੁਕਤੀ ਉਪਰੰਤ ਉਹ ਰਮਨ ਰਿਸਰਚ ਇੰਸਟੀਚਿਊਟ ਵਿੱਚ ਆਪਣੀ ਮਸਤੀ ਨਾਲ ਖੋਜਾਂ ਵਿੱਚ ਮਗਨ ਰਹਿੰਦਾ। ਦੁਨੀਆਂ ਭਰ ਵਿੱਚੋਂ ਅਨੇਕਾਂ ਕ੍ਰਿਸਟਲ, ਖਣਿਜ, ਕੀਮਤੀ ਪੱਥਰ ਅਤੇ ਹੀਰੇ ਉਸਨੇ ਆਪਣੀ ਜੇਬ ਵਿੱਚੋਂ ਪੈਸੇ ਖਰਚ ਕੇ ਖੋਜਾਂ ਵਾਸਤੇ ਖਰੀਦੇ। ਉਸ ਦੀ ਜੇਬ

ਵਿੱਚ ਅਕਸਰ ਇੱਕ ਛੋਟਾ ਸਪੈਕਟਰੋਗ੍ਰਾਫ ਹੁੰਦਾ ਸੀ, ਜਿਸ ਨਾਲ 82 ਵਰ੍ਹਿਆਂ ਦੀ ਵਡੇਰੀ ਉਮਰ ਵਿੱਚ ਵੀ ਉਹ ਫੁੱਲ-ਪੱਤਿਆਂ, ਕੀਟ-ਪਤੰਗਿਆਂ ਅਤੇ ਜਨੌਰਾਂ ਦੀ ਰੰਗ-ਬਰੰਗੀ ਵੰਨ-ਸੁਵੰਨਤਾ ਨੂੰ ਦੇਖ ਕੇ ਪ੍ਰਸੰਨ ਹੁੰਦਾ ਰਹਿੰਦਾ ਸੀ। ਜ਼ਿੰਦਗੀ ਦੇ ਆਖਰੀ ਵਰ੍ਹਿਆਂ ਦੌਰਾਨ ਉਹ ਸਰੀਰ ਦੇ ਦ੍ਰਿਸ਼ਟੀ ਵਿਗਿਆਨ ਦੀ ਵਿਧੀ ਤੇ ਕੰਮ ਕਰਦਾ ਰਿਹਾ।

ਉਸ ਨੂੰ ਨੋਬਲ ਇਨਾਮ ਸਮੇਤ ਦੁਨੀਆਂ ਦੇ ਅਨੇਕਾਂ ਵੱਕਾਰੀ ਇਨਾਮ ਮਿਲੇ, ਜਿਨ੍ਹਾਂ ਵਿੱਚ ਅਮਰੀਕਾ ਦਾ ਫਰੈਂਕਲਿਨ ਮੈਡਲ, ਸੋਵੀਅਤ ਯੂਨੀਅਨ ਦਾ ਲੈਨਿਨ ਸ਼ਾਂਤੀ ਪੁਰਸਕਾਰ ਅਤੇ ਭਾਰਤ ਰਤਨ ਸ਼ਾਮਲ ਹਨ। ਉਸ ਨੂੰ ਆਜ਼ਾਦ ਭਾਰਤ ਦੇ ਪਹਿਲੇ ਨੈਸਨਲ ਪ੍ਰੋਫ਼ੈਸਰ ਵਜੋਂ ਨਿਯੁਕਤੀ ਦਾ ਮਾਣ ਵੀ ਪ੍ਰਾਪਤ ਹੋਇਆ।

ਭਾਵੇਂ, ਉਸਨੇ ਰਮਨ ਪ੍ਰਭਾਵ ਦੀ ਖੋਜ ਅੱਜ ਤੋਂ 93 ਵਰ੍ਹੇ ਪਹਿਲਾਂ ਕੀਤੀ ਸੀ, ਪ੍ਰੰਤੂ ਅਜੋਕੀਆਂ ਤਕਨੀਕਾਂ ਇਸ ਦੀ ਵਰਤੋਂ ਨਾਲ ਰੋਜ਼ ਨਵੀਆਂ ਬੁਲੰਦੀਆਂ ਛੂਹ ਰਹੀਆਂ ਹਨ। ਭੌਤਿਕ ਵਿਗਿਆਨ, ਰਸਾਇਣ ਵਿਗਿਆਨ, ਭੂ-ਵਿਗਿਆਨ, ਖਣਿਜ-ਵਿਗਿਆਨ, ਜੀਵ ਵਿਗਿਆਨ, ਫੋਰੈਂਸਿਕ ਸਾਇੰਸ ਅਤੇ ਫਾਰਮੇਸੀ ਵਿਚ ਰਮਨ ਪ੍ਰਭਾਵ ਆਧਾਰਿਤ ਰਮਨ ਸਪੈਕਟਰੋਮੀਟਰ ਪਦਾਰਥਾਂ ਦੀ ਰਚਨਾ ਅਤੇ ਸ਼ੁੱਧਤਾ ਪਰਖਣ ਵਿੱਚ ਮੋਹਰੀ ਭੂਮਿਕਾ ਨਿਭਾ ਰਹੇ ਹਨ। ਰਮਨ ਪ੍ਰਭਾਵ ਆਧਾਰਿਤ ਤਕਨੀਕਾਂ ਮੈਡੀਕਲ ਸਾਇੰਸ ਦੇ ਖੇਤਰ ਵਿੱਚ ਬਿਮਾਰੀਆਂ ਦਾ ਪਤਾ ਲਗਾਉਣ ਅਤੇ ਸਰਜਰੀ ਵਿੱਚ ਬਹੁਤ ਹੀ ਪ੍ਰਪੱਕਤਾ ਨਾਲ ਵਰਤੀਆਂ ਜਾ ਰਹੀਆਂ ਹਨ। ਦਿਮਾਗੀ ਕੈਂਸਰ ਦਾ ਪਤਾ ਲਗਾਉਣ ਅਤੇ ਦਿਮਾਗ ਦੀ ਸਰਜਰੀ ਵਿਚ ਰਮਨ ਪ੍ਰਭਾਵ ਆਧਾਰਿਤ ਖੁਰਦਬੀਨ ਤਕਨੀਕ ਬਹੁਤ ਕਾਰਗਰ ਸਿੱਧ ਹੋ ਰਹੀ ਹੈ। ਰਮਨ ਸਕੈਨਰ ਏਅਰਪੋਰਟਾਂ ਅਤੇ ਮੈਟਰੋ ਸਟੇਸ਼ਨਾਂ ਉਪਰ ਇਤਰਾਜ਼ਯੋਗ ਖ਼ਤਰਨਾਕ ਰਸਾਇਣਾਂ, ਧਮਾਕਾਖੇਜ਼ ਸਮੱਗਰੀ ਅਤੇ ਨਸ਼ੀਲੇ ਪਦਾਰਥਾਂ ਦਾ ਪਤਾ ਲਗਾਉਣ ਲਈ ਵਰਤੇ ਜਾਂਦੇ ਹਨ। ਰਮਨ ਸਪੈਕਟ੍ਰੋਗ੍ਰਾਫ ਦੇ ਅਨੇਕਾਂ ਕਾਰਜਾਂ ਵਿਚ ਵਰਤੇ ਜਾ ਰਹੇ ਹਨ। ਗੱਲ ਕੀ ਰਮਨ ਪ੍ਰਭਾਵ ਇੱਕੀਵੀਂ ਸਦੀ ਦੇ ਵਿਗਿਆਨ ਅਤੇ ਤਕਨੀਕੀ ਵਿਕਾਸ ਲਈ ਅਤਿ ਲਾਹੇਵੰਦ ਖੋਜ ਸਿੱਧ ਹੋ ਰਹੀ ਹੈ।

ਮਨੁੱਖਤਾ ਦੇ ਭਲੇ ਲਈ ਕੰਮ ਆਉਣ ਵਾਲੀਆਂ ਅਜਿਹੀਆਂ ਵਿਲੱਖਣ ਖੋਜਾਂ ਦਾ ਖੋਜੀ ਸਰ ਸੀ. ਵੀ. ਰਮਨ 21 ਨਵੰਬਰ 1970 ਵਾਲੇ ਦਿਨ ਦਿਲ ਦੀ ਬਿਮਾਰੀ ਕਾਰਨ ਇਸ ਫ਼ਾਨੀ ਸੰਸਾਰ ਤੋਂ ਵਿਦਾ ਹੋ ਗਿਆ। ਭਾਰਤ ਵਿੱਚ ਉਸ ਦੀ ਯਾਦ ਨੂੰ ਸਮਰਪਿਤ ਰਮਨ ਪ੍ਰਭਾਵ ਦੀ ਖੋਜ ਵਾਲੇ ਦਿਨ ਨੂੰ ਯਾਦ ਕਰਦਿਆਂ 28 ਫਰਵਰੀ ਨੂੰ ਹਰ ਸਾਲ ਰਾਸ਼ਟਰੀ ਵਿਗਿਆਨ ਦਿਵਸ ਵਜੋਂ ਮਨਾਇਆ ਜਾਂਦਾ ਹੈ।

ਪੰਜਾਬੀ ਯੂਨੀਵਰਸਿਟੀ, ਪਟਿਆਲਾ ਦੇ ਭੌਤਿਕ ਵਿਗਿਆਨ ਵਿਭਾਗ ਵਿਖੇ ਪਿਛਲੇ ਡੇਢ ਦਹਾਕੇ ਤੋਂ ਅਧਿਆਪਨ ਅਤੇ ਖੋਜ ਕਾਰਜਾਂ ਵਿੱਚ ਰੁੱਝਿਆ ਡਾ. ਕਰਮਜੀਤ ਸਿੰਘ ਧਾਲੀਵਾਲ, ਹੁਣ ਤੱਕ ਵਿਗਿਆਨ ਦੇ ਖੇਤਰ ਦੀਆਂ ਤਿੰਨ ਪੁਸਤਕਾਂ ਅਤੇ ਸੌ ਦੇ ਕਰੀਬ ਖੋਜ ਪੱਤਰ ਛਾਪਣ ਦੇ ਨਾਲ-ਨਾਲ ਅਨੇਕਾਂ ਵਿਗਿਆਨਕ ਲੇਖ ਪੰਜਾਬੀ ਰਸਾਲਿਆਂ ਅਤੇ ਅਖਬਾਰਾਂ ਵਾਸਤੇ ਲਿਖ ਚੁੱਕਿਆ ਹੈ। ਉਸ ਨੇ ਵਿਗਿਆਨਕ ਚੇਤਨਾ ਦੇ ਪ੍ਰਚਾਰ ਅਤੇ ਪ੍ਰਸਾਰ ਨੂੰ ਆਪਣੇ ਜੀਵਨ ਦਾ ਉਦੇਸ਼ ਬਣਾਇਆ ਹੈ। ਡਾ. ਧਾਲੀਵਾਲ ਦੋ ਦਰਜਨ ਦੇ ਕਰੀਬ ਟੀ. ਵੀ. ਅਤੇ ਰੇਡੀਓ ਗੱਲਾਬਾਤਾਂ ਸਮੇਤ ਵੱਖ-ਵੱਖ ਅਦਾਰਿਆਂ ਵਿੱਚ ਅਨੇਕਾਂ ਭਾਸ਼ਣ ਦੇ ਚੁੱਕਿਆ ਹੈ, ਤਾਂਕਿ ਇੱਕੀਵੀਂ ਸਦੀ ਵਿੱਚ ਵਿਗਿਆਨ ਦੇ ਚਾਨਣ ਦੀ ਤਰਕਸ਼ੀਲ ਲੋਅ ਚਾਰ-ਚੁਫ਼ੇਰੇ ਫੈਲਾਉਣ ਵਿੱਚ ਉਹ ਆਪਣਾ ਸਾਰਥਕ ਰੋਲ ਅਦਾ ਕਰ ਸਕੇ।



**ਈਮੇਲ**: dhaliwalkaramjit@gmail.com

## ਕੁਝ ਹਲਕਾ-ਫੁਲਕਾ - ਰੋਬੋਟ ਬਾਤਾਂ

ਰੋਬੋਟ ਡਾਕਟਰ ਕੋਲ ਕਿਉਂ ਗਿਆ? ਉਸ ਨੂੰ "ਵਾਇਰਸ" ਚੰਬੜ ਗਿਆ ਸੀ!

ਰੋਬੋਟ ਦਾ ਮਨਪਸੰਦ ਖਾਣਾ ਕਿਹੜਾ ਹੈ? ਕੰਪਿਊਟਰ ਚਿਪਸ (ਮਾਈਕ੍ਰੋ-ਚਿੱਪਾਂ ਦੇ ਨਾਲ)!

ਰੋਬੋਟ ਇੰਨਾ ਥੱਕਿਆ ਹੋਇਆ ਕਿਉਂ ਸੀ? ਕਿਉਂਕਿ ਉਸ ਦੀ ਬੈਟਰੀ ਡਾਊਨ ਸੀ।

ਰੋਬੋਟ ਨੂੰ ਕਿਸ ਤਰ੍ਹਾਂ ਦਾ ਸੰਗੀਤ ਪਸੰਦ ਹੈ? ਹੈਵੀ ਮੈਟਲ!

ਰੋਬੋਟ ਨੇ ਸੜਕ ਕਿਉਂ ਪਾਰ ਕੀਤੀ? ਦੂਜੇ ਪਾਸੇ ਜਾਣ ਲਈ। ਕਿਉਂ? ਕਿਉਂਕਿ ਉਸ ਨੂੰ ਪ੍ਰੋਗਰਾਮ ਕੀਤਾ ਗਿਆ ਸੀ!



### ਬਾਲ ਵਿਗਿਆਨਕ ਕਵਿਤਾ

# ਵਿਗਿਆਨ

## ਸੁਰਿੰਦਰਪਾਲ ਸਿੰਘ

ਆਓ ਬੱਚਿਓ ਪੜ੍ਹੀਏ ਤੇ ਸਮਝੀਏ ਵਿਗਿਆਨ
ਭੌਤਿਕ ਵਿਗਿਆਨ ਵਧਾਉਂਦਾ ਸਾਡਾ ਕੁਦਰਤੀ ਗਿਆਨ
ਰਸਾਇਣਕ ਵਿਗਿਆਨ ਵਿੱਚ ਰਸਾਇਣਾਂ ਦਾ ਸਦਾ ਰੱਖੋ
ਧਿਆਨ
ਬਨਸਪਤੀ ਵਿਗਿਆਨ ਵਿਸਤਾਰ ਨਾਲ ਦੱਸਦਾ ਜੀਵਾਂ ਵਿੱਚ
ਹੁੰਦੀ ਜਾਨ।
ਆਉ ਮਿਹਨਤ ਕਰੀਏ ਅਤੇ ਉੱਚੀ ਰੱਖੀਏ ਇਸਦੀ ਸ਼ਾਨ
ਸੰਤੁਲਿਤ ਖਾਣਾ ਬਣਾਉਂਦਾ ਸਾਨੂੰ ਖੂਬ ਤੰਦਰੁਸਤ ਤੇ ਬਲਵਾਨ
ਸੂਖਮ ਜੀਵਾਂ ਦਾ ਨਾ ਦਿਖੇ ਨੰਗੀ ਅੱਖ ਨੂੰ ਨਿਸ਼ਾਨ
ਨਿਉਟਨ ਦੇ ਨਿਯਮਾਂ ਦੀ ਵਿਗਿਆਨ ਨੂੰ ਦੇਣ ਮਹਾਨ
ਐਨਾਟੋਮੀ* ਪੜ੍ਹਾਉਂਦੀ ਸਾਰੀ ਸਰੀਰਕ ਪ੍ਰਣਾਲੀ ਜੋ ਵਰਤੇ
ਇਨਸਾਨ।
ਟੈਸਲਾ** ਦੀਆਂ ਕਾਢਾਂ ਮਨੁੱਖਤਾ ਲਈ ਬਣਨੀਆਂ ਵਰਦਾਨ
ਆਈਨਸਟਾਈਨ ਨੇ ਪ੍ਰਕਾਸ਼ ਦੇ ਬਿਜਲਈ ਪ੍ਰਭਾਵ ਦਾ ਦਿੱਤਾ
ਫੁਰਮਾਨ
ਬਰਨੌਲੀ ਦੀ ਥਿਉਰੀ ਸਦਕਾ ਹੀ ਹਵਾਈ ਜਹਾਜ ਨੂੰ ਮਿਲੀ
ਉਡਾਣ
ਗੈਲੀਲਿਓ ਨੇ ਦੂਰਬੀਨ ਨੂੰ ਦਿਵਾਈ ਨਵੀ ਪਹਿਚਾਨ
ਤਰੀਕੇ ਨਾਲ ਵਰਤੋ ਗੁੱਡੀ ਚੜਾਉਦਾਂ ਵਿੱਚ ਅਸਮਾਨ ।
ਹਬਲ*** ਨੇ ਹੀ ਸਭ ਤੋਂ ਪਹਿਲਾ ਦੱਸਿਆ ਬ੍ਰਹਿਮੰਡ ਦਾ ਨਾਮੋ
ਨਿਸ਼ਾਨ
ਅਣੂ ਬਾਰੇ ਦੱਸ ਜੋਹਨ ਡਾਲਟਨ ਬਣਿਆ ਸੀ ਵੱਡਾ ਵਿਦਵਾਨ।
ਓਪਨਹਾਇਮਰ ਦੇ ਗਿਆਨ ਦੀ ਦੁਰ ਵਰਤੋ ਨਾਲ ਜਪਾਨ ਚ
ਬਣਿਆ ਸ਼ਮਸ਼ਾਨ
ਆਈਨਸਟਾਈਨ ਸਦਕਾ ਸੰਸਾਰ ਭਰ ਵਿੱਚ ਵਿਗਿਆਨ ਦੇ
ਸਥਾਪਿਤ ਕੀਰਤੀਮਾਨ
ਗ੍ਰਹਿ ਘੁੰਮਣ ਸੂਰਜ ਦੁਆਲੇ, ਕਾਪਰਨਿਕਸ ਨੇ ਦੱਸ ਕੀਤਾ ਨਾਂ
ਪ੍ਰਕਾਸ਼ਮਾਨ
ਵਿਗਿਆਨ ਦੀ ਕਰ ਸਕਾਂ ਮਾਂ ਬੋਲੀ ਵਿੱਚ ਸੇਵਾ ਮੇਰਾ ਇਹੀ
ਅਰਮਾਨ।

* ਅੰਗ-ਵਿਗਿਆਨ

** ਵਿਗਿਆਨਕ ਨਿਕੋਲਾ ਟੈਸਲਾ

***ਵਿਗਿਆਨਕ ਐਡਵਿਨ ਹਬਲ






**ਪੁਸਤਕ ਦਾ ਨਾਮ:** ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ

**ਲੇਖਕ:** ਡਾ. ਡੀ. ਪੀ. ਸਿੰਘ

**ਪ੍ਰਕਾਸ਼ਨ ਸਾਲ:** 2025**, ਪੰਨੇ:** 109, **ਮੁੱਲ:** 200 ਰੁਪਏ

**ਪ੍ਰਕਾਸ਼ਕ:** ਲੋਕ ਗੀਤ ਪ੍ਰਕਾਸ਼ਨ, ਮੋਹਾਲੀ.

**ਰੀਵਿਊਕਾਰ:** ਬਲਜਿੰਦਰ ਮਾਨ, ਸੰਪਾਦਕ ਨਿੱਕੀਆਂ ਕਰੂੰਬਲਾਂ, ਮਾਹਿਲਪੁਰ (ਹੁਸ਼ਿਆਰਪੁਰ)

ਬਾਲ ਸਾਹਿਤ ਦੇ ਖੇਤਰ ਵਿੱਚ ਵਿਗਿਆਨਕ ਕਹਾਣੀਆਂ ਦੀ ਹਮੇਸ਼ਾ ਕਮੀ ਰਹੀ ਹੈ। ਇਹਨਾਂ ਕਹਾਣੀਆਂ ਅਤੇ ਵਿਗਿਆਨਕ ਬਾਲ ਸਾਹਿਤ ਦੀ ਪੂਰਤੀ ਵਾਸਤੇ ਪਿਛਲੇ 35 ਸਾਲ ਤੋਂ ਕਾਰਜਸ਼ੀਲ ਡਾ. ਡੀ. ਪੀ. ਸਿੰਘ ਅੱਜ ਕੱਲ ਕੈਨੇਡਾ ਵਿੱਚ ਵਸਦੇ ਹਨ। ਫਿਜ਼ਿਕਸ ਦੇ ਮਾਹਿਰ ਹੋਣ ਕਰਕੇ ਉਹ ਕੁਦਰਤੀ ਵਰਤਾਰਿਆਂ ਦਾ ਗਹਿਰਾ ਅਧਿਐਨ ਕਰਦੇ ਰਹਿੰਦੇ ਹਨ। ਕੁਦਰਤੀ ਅਧਿਐਨ ਤੋਂ ਬਾਅਦ ਉਹ ਇਹਨਾਂ ਵਿੱਚੋਂ ਮਿਲੇ ਤੱਥਾਂ ਨੂੰ ਬਾਲ ਮਨਾਂ ਦੀ ਹਾਣੀ ਭਾਸ਼ਾ ਵਿੱਚ ਕਹਾਣੀ ਅਤੇ ਲੇਖ ਆਦਿ ਸਿਨਫਾਂ ਵਿੱਚ ਸਿਰਜਦੇ ਹਨ। ਉਹਨਾਂ ਵੱਲੋਂ ਰਚੀਆਂ ਬਾਲ ਪੁਸਤਕਾਂ ਨੂੰ ਭਾਸ਼ਾ ਵਿਭਾਗ ਪੰਜਾਬ ਅਤੇ ਦੇਸ਼ ਦੀਆਂ ਰਾਸ਼ਟਰੀ ਪੱਧਰ ਦੀਆਂ ਵਿਗਿਆਨਕ ਸੰਸਥਾਵਾਂ ਵੱਲੋਂ ਸਨਮਾਨਿਤ ਕੀਤਾ ਜਾ ਚੁੱਕਾ ਹੈ। ਡਾ. ਡੀ. ਪੀ. ਸਿੰਘ ਦੇਸ਼ ਦੁਨੀਆਂ ਵਿੱਚ ਵਿਗਿਆਨਕ ਨਜ਼ਰੀਏ ਦੇ ਪ੍ਰਚਾਰ ਅਤੇ ਪ੍ਰਸਾਰ ਵਾਸਤੇ ਸ਼ਾਨਦਾਰ ਕਾਰਜ ਕੀਤਾ ਤੇ ਕਰ ਰਹੇ ਹਨ। ਵਿਗਿਆਨਕ ਪਸਾਰੇ ਦੇ ਟੀਚੇ ਦੀ ਪ੍ਰਾਪਤੀ ਵਾਸਤੇ ਉਹਨਾਂ ਵੱਲੋਂ ਬੱਚਿਆਂ ਵਾਸਤੇ ਸਿਰਜਿਆ ਕਹਾਣੀ ਸੰਗ੍ਰਹਿ 'ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ ' ਪਾਠਕਾਂ ਦੇ ਰੂ-ਬਰੂ ਹੋਇਆ ਹੈ।

'ਜੱਸੀ ਅਤੇ ਜਲਗਾਹਾਂ ਦੀ ਰਹੱਸਮਈ ਦੁਨੀਆ' ਪੁਸਤਕ ਵਿੱਚ 24 ਵਿਗਿਆਨਕ ਕਹਾਣੀਆਂ ਦਰਜ ਹਨ। ਜਿਨ੍ਹਾਂ ਵਿੱਚ ਕੁਦਰਤੀ ਵਰਤਾਰਿਆਂ ਅਤੇ ਵਿਗਿਆਨਕ ਤਬਦੀਲੀਆਂ ਬਾਰੇ ਵਿਸਥਾਰ ਸਹਿਤ ਚਰਚਾ ਕੀਤੀ ਗਈ ਹੈ। ਇਹਨਾਂ ਕਹਾਣੀਆਂ ਰਾਹੀਂ ਬਾਲ ਪਾਠਕਾਂ ਨੂੰ ਕੁਦਰਤ ਦੇ ਕ੍ਰਿਸ਼ਮਿਆਂ ਬਾਰੇ ਗਿਆਨ ਮਿਲਦਾ ਹੈ। ਕੁਦਰਤੀ ਵਾਤਾਵਰਣ, ਜੀਵ ਜੰਤੂ, ਹਵਾ, ਪਾਣੀ, ਜਲਗਾਹਾਂ ,ਜੰਗਲ ਅਤੇ ਧਰਤੀ ਦੇ ਪ੍ਰਭਾਵ ਬਾਰੇ ਬਹੁਤ ਰੌਚਕ ਢੰਗ ਨਾਲ ਕਹਾਣੀਆਂ ਦੀ ਸਿਰਜਣਾ ਕੀਤੀ ਗਈ ਹੈ। ਸਪਨਾ ਦੀ ਬ੍ਰਹਿਮੰਡੀ ਯਾਤਰਾ, ਸੋਨੀਆ ਤੇ ਬਿਜਲੀ ਦੀ ਦੁਨੀਆ, ਅੰਮ੍ਰਿਤ ਤੇ ਚੁੰਬਕਾਂ ਦੀ ਦੁਨੀਆ ,ਪਿੰਕੀ ਤੇ ਰੌਸ਼ਨੀ ਦਾ ਅਜਬ ਸੰਸਾਰ, ਚਿਰਾਪੁੰਜੀ ਦੇ ਅਜਬ ਨਜ਼ਾਰੇ, ਜੰਗਲ ਦੇ ਰਾਖੇ, ਉਦਾਸ ਬੱਤਖਾਂ ,ਕੁਦਰਤ ਦਾ ਜਾਦੂ, ਬੱਚੇ ਤੇ ਰੋਬੋਟ, ਮੰਗਲ ਗ੍ਰਹਿ ਦਾ ਵਾਸੀ, ਠਹਿਰੇ ਹੋਏ ਸਮੇਂ ਵਾਲਾ ਗ੍ਰਹਿ ਆਦਿ ਕਹਾਣੀਆਂ ਬਹੁਤ ਹੀ ਪ੍ਰਭਾਵਸ਼ਾਲੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ। ਇਹ ਸਭ ਕਹਾਣੀਆਂ ਬਾਲ ਮਨਾਂ ਅੰਦਰ ਪੈਦਾ ਹੋਏ ਸਵਾਲਾਂ ਦੇ ਜੁਵਾਬ ਦਿੰਦੀਆਂ ਹੋਈਆਂ ਸਮੇਂ ਦੇ ਹਾਣੀ ਬਣਾਉਂਦੀਆਂ ਹਨ।

ਕੁਦਰਤ ਦੇ ਵਿਗਿਆਨ ਨੂੰ ਪੇਸ਼ ਕਰਨ ਵਿੱਚ ਲੇਖਕ ਨੇ ਕੋਈ ਕਸਰ ਬਾਕੀ ਨਹੀਂ ਛੱਡੀ ਕਿਉਂਕਿ ਉਹਨਾਂ ਕੋਲ ਦਹਾਕਿਆਂ ਦਾ ਤਜਰਬਾ ਹੋਣ ਕਰਕੇ ਇਹਨਾਂ ਕਹਾਣੀਆਂ ਦੀ ਸਰਲਤਾ ਅਤੇ ਸਪਸ਼ਟਤਾ ਹਰ ਪਾਠਕ ਦੇ ਦਿਲ ਤੱਕ ਲਹਿ ਜਾਂਦੀ ਹੈ। ਬਾਲ ਪਾਤਰਾਂ ਦੀ ਕੁਦਰਤੀ ਵਰਤਾਰਿਆਂ ਨਾਲ ਕਰਵਾਈ ਵਾਰਤਾਲਾਪ ਇਹਨਾਂ ਦੀ ਰੌਚਕਤਾ ਵਿੱਚ ਵਾਧਾ ਕਰਦੀ ਹੈ।

ਇਹ ਕਹਾਣੀਆਂ ਵਿਗਿਆਨ ਵਰਗੇ ਵਿਸ਼ਿਆਂ ਵਿੱਚ ਪਾਠਕਾਂ ਦੀ ਰੁਚੀ ਨੂੰ ਉਜਵਲ ਕਰਦੀਆਂ ਹਨ। ਉਨਾਂ ਦੇ ਮਨ ਵਿੱਚ ਵਸਦੇ ਵਹਿਮ ਭਰਮ ਵੀ ਦੂਰ ਕੀਤੇ ਗਏ ਹਨ। ਹਰ ਵਰਤਾਰੇ ਪਿੱਛੇ ਛੁਪੇ ਰਹੱਸ ਦਾ ਜਦੋਂ ਪਾਠਕ ਨੂੰ ਗਿਆਨ ਮਿਲਦਾ ਹੈ ਤੇ ਉਸਨੂੰ ਖੁਸ਼ੀ ਅਤੇ ਪ੍ਰਸੰਨਤਾ ਦਾ ਅਹਿਸਾਸ ਹੁੰਦਾ ਹੈ। ਸੌਖੀ ਭਾਸ਼ਾ ਵਿੱਚ ਰਚੀਆਂ ਇਹ ਦਿਲਚਸਪ ਕਹਾਣੀਆਂ ਵਿਗਿਆਨਕ ਵਰਤਾਰਿਆਂ ਦੇ ਰਹੱਸ ਤੋਂ ਪਰਦਾ ਚੁੱਕਦੀਆਂ ਹਨ। ਲੇਖਕ ਵਲੋਂ ਕਿਤੇ ਕਿਤੇ ਲੰਮੇ ਵਾਕਾਂ ਦਾ ਪ੍ਰਯੋਗ ਕਰਨ ਨਾਲ ਪਾਠਕਾਂ ਨੂੰ ਔਕੜ ਪੇਸ਼ ਆਉਂਦੀ ਹੈ। ਇਸ ਦੇ ਬਾਵਜੂਦ ਅਜਿਹੀਆਂ ਕਹਾਣੀਆਂ ਬਾਲ ਸਾਹਿਤ ਵਿੱਚ ਲੱਭਣੀਆਂ ਮੁਸ਼ਕਿਲ ਹਨ। ਇਸ ਲਈ ਸਭ ਪਾਠਕਾਂ ਨੂੰ ਇਹਨਾਂ ਦਾ ਪਾਠ ਕਰਕੇ ਆਪਣਾ ਵਿਗਿਆਨਿਕ ਨਜ਼ਰੀਆ ਵਿਸ਼ਾਲ ਕਰਨਾ ਚਾਹੀਦਾ ਹੈ।



ਬਲਜਿੰਦਰ ਮਾਨ ਪੰਜਾਬੀ ਵਿੱਚ ਬਾਲ ਸਾਹਿਤ ਦੇ ਇੱਕ ਪ੍ਰਸਿੱਧ ਲੇਖਕ, ਪ੍ਰਕਾਸ਼ਕ ਅਤੇ ਸੇਵਾਮੁਕਤ ਅਧਿਆਪਕ ਹਨ। ਉਨ੍ਹਾਂ ਨੂੰ ਪੰਜਾਬ ਸਰਕਾਰ ਦੇ ਭਾਸ਼ਾ ਵਿਭਾਗ ਦੁਆਰਾ ਸ਼੍ਰੋਮਣੀ ਬਾਲ ਸਾਹਿਤ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਹੈ। ਉਹ 30 ਸਾਲਾਂ ਤੋਂ ਵੱਧ ਸਮੇਂ ਤੋਂ ਪੰਜਾਬੀ ਵਿੱਚ ਬਾਲ ਮੈਗਜ਼ੀਨ ਨਿੱਕੀਆਂ ਕਰੂੰਬਲਾਂ ਦੇ ਮੁੱਖ ਸੰਪਾਦਕ ਹਨ। ਉਹ ਬੱਚਿਆਂ ਲਈ ਅਨੇਕਾਂ ਬਾਲ ਪੁਸਤਕਾਂ ਪੰਜਾਬੀ ਸਾਹਿਤ ਦੀ ਸੇਵਾ ਵਿਚ ਅਰਪਣ ਕਰ ਚੁੱਕੇ ਹਨ। **ਵੈਬਸਾਈਟ:** www.nikkiankarumblan.com

punjabikids.org
ਪੰਜਾਬੀ ਬੱਚਿਆਂ ਨੂੰ ਸਮਰਪਿਤ ਵੈੱਬਸਾਈਟ

ਬਾਲ ਵਿਗਿਆਨਕ ਕਵਿਤਾ

# ਆਓ ਪਾਣੀ ਬਚਾਈਏ

## ਸੁਰਿੰਦਰਪਾਲ ਸਿੰਘ

ਆਓ ਬੱਚਿਓ ਤੁਹਾਨੂੰ ਪਾਣੀ ਦੀ ਸੰਰਚਨਾ ਸਮਝਾਈਏ

ਆਕਸੀਜਨ ਦੇ ਇਕ ਅਣੂ ਨਾਲ ਦੋ ਅਣੂ ਹਾਈਡ੍ਰੋਜਨ ਮਿਲਾਈਏ।

ਬਰਫ,ਪਾਣੀ ਤੇ ਭਾਫ਼ ਨਾਲ ਠੋਸ, ਤਰਲ ਅਤੇ ਗੈਸ ਵਿਖਾਈਏ

71 ਪ੍ਰਤੀਸ਼ਤ ਹਿੱਸਾ ਧਰਤ ਦੇ ਨਕਸ਼ੇ ਤੇ ਪਾਣੀ ਪੜ੍ਹਾਈਏ।

ਪਾਣੀ ਦਾ ਰਸਾਇਣਕ ਨਿਯਮ $H_2O$ ਤੁਹਾਨੂੰ ਯਾਦ ਕਰਾਈਏ।

ਪਾਣੀ ਨੂੰ ਆਖਦੇ ਸਰਵ ਘੋਲਕ ਇਹ ਵੀ ਇਕ ਪ੍ਰਯੋਗ ਬਣਾਈਏ।

ਰਿਗ ਵੇਦ ਤੇ ਬਾਣੀ ਵਿੱਚ ਪਾਣੀ ਦੀ ਮਹਿਮਾ ਆਓ ਗਾਈਏ।

ਬਿਜਲੀ ਅਪਘਟਨ ਦੁਆਰਾ ਪਾਣੀ ਦੀ ਹਾਈਡਰੋਜਨ ਅਤੇ ਆਕਸੀਜਨ ਵਿੱਚ ਵੰਡ ਦਰਸਾਈਏ

ਸੰਵਹਨੀ ਬੂਟਿਆਂ ਵਿੱਚ ਪਾਣੀ ਦੀ ਕੇਸ਼ਿਕਾ ਕਿਰਿਆ ਵਡਿਆਈਏ।

ਪਾਣੀ ਦਾ ਵਾਸ਼ਪੀਕਰਣ, ਵਾਸ਼ਪ-ਉਤਸਰਜਨ* ਵਰਖਾ ਅਤੇ ਮੁੜ ਸਾਗਰ 'ਚ ਮਿਲਣਾ ਜਲ ਚੱਕਰ ਅਖਵਾਈਏ

ਖੇਤੀ ਅਤੇ ਜੀਵਨ ਲਈ ਪਾਣੀ ਲਾਜ਼ਮੀ ਆਓ ਇਸ ਨੂੰ ਰਲ ਬਚਾਈਏ।

* ਟਰਾਂਸਪਾਏਰੇਸ਼ਨ (Transpiration): ਵਾਸ਼ਪ-ਉਤਸਰਜਨ ਪੌਦਿਆਂ ਤੋਂ ਪਾਣੀ ਦੇ ਭਾਫ਼ ਦੇ ਰੂਪ ਵਿਚ ਨਿੱਕਲਣ ਨੂੰ ਕਹਿੰਦੇ ਹਨ। ਪਾਣੀ ਸਟੋਮੈਟਾ ਰਾਹੀਂ ਨਿੱਕਲਦਾ ਹੈ, ਜੋ ਕਿ ਪੱਤਿਆਂ ਅਤੇ ਤਣਿਆਂ ਦੇ ਐਪੀਡਰਿਮਸ (ਪੌਦਿਆਂ ਦੀ ਬਾਹਰੀ ਛਿੱਲ ਦੇ ਹੇਠਲੀ ਪਰਤ) ਵਿਚ ਛੋਟੇ ਮੁਸਾਮ ਹੁੰਦੇ ਹਨ ਜੋ ਗਾਰਡ ਸੈੱਲਾਂ ਨਾਲ ਘਿਰੇ ਹੁੰਦੇ ਹਨ।

# ਸਾਇੰਸ ਫਿਕਸ਼ਨ ਨੂੰ ਹਕੀਕਤ ਬਣਾਉਂਦੀਆਂ ਵਿਗਿਆਨ ਦੀਆਂ ਤਾਜ਼ਾ ਖ਼ਬਰਾਂ

## ਚੀਨ ਨੇ ਤਿੰਨ ਪੁਲਾੜ ਯਾਤਰੀਆਂ ਨੂੰ ਵਾਪਸ ਲਿਆਉਣ ਲਈ ਲਾਈਫਬੋਟ ਲਾਂਚ ਕੀਤੀ



4 ਨਵੰਬਰ ਨੂੰ, ਤਿਆਨਗੋਂਗ ਪੁਲਾੜ ਸਟੇਸ਼ਨ 'ਤੇ ਪੁਲਾੜ ਯਾਤਰੀਆਂ ਨੇ ਪਤਾ ਲਗਾਇਆ ਕਿ ਉਨ੍ਹਾਂ ਦੇ ਪੁਲਾੜ ਸਟੇਸ਼ਨ ਨਾਲ ਡੌਕ ਕੀਤੇ ਦੋ ਫੈਰੀ ਜਹਾਜ਼ਾਂ ਵਿੱਚੋਂ ਇੱਕ ਦੀ ਖਿੜਕੀ ਖਰਾਬ ਸੀ। ਇਹ ਖੋਜ ਚਾਲਕ ਦਲ ਦੇ ਤਬਾਦਲੇ ਦੌਰਾਨ ਹੋਈ ਸੀ, ਜਿਸ ਕਰਕੇ ਤਿੰਨ ਪੁਲਾੜ ਯਾਤਰੀਆਂ ਦੀ ਧਰਤੀ ਤੱਕ ਸੁਰੱਖਿਅਤ ਵਾਪਸੀ ਨਹੀਂ ਹੋ ਸਕੀ। ਚੀਨ ਨੇ ਪੁਲਾੜ ਯਾਤਰੀਆਂ ਨੂੰ ਇੱਕ ਲਾਈਫਬੋਟ (ਬਚਾਓ-ਕਿਸ਼ਤੀ) ਭੇਜਣ ਲਈ ਸੋਮਵਾਰ ਦੇਰ ਰਾਤ ਇੱਕ ਬਿਨਾਂ ਪਾਇਲਟ ਪੁਲਾੜ ਯਾਨ ਨੂੰ ਸਫਲਤਾਪੂਰਵਕ ਲਾਂਚ ਕੀਤਾ। ਪੁਲਾੜ ਯਾਤਰੀ ਅਗਲੇ ਸਾਲ ਵਾਪਸ ਆਉਣਗੇ, ਜਦੋਂ ਉਨ੍ਹਾਂ ਦੀ ਜਗ੍ਹਾ ਲੈਣ ਲਈ ਇੱਕ ਹੋਰ ਅਮਲਾ ਭੇਜਿਆ ਜਾਏਗਾ। **Image Credit:** China Manned Space Agency

## ਏਆਈ 11.7% ਅਮਰੀਕੀ ਕਰਮਚਾਰੀਆਂ ਦੀ ਥਾਂ ਲੈ ਸਕਦੀ ਹੈ

ਐਮਆਈਟੀ ਨੇ ਇੱਕ ਅਧਿਐਨ ਜਾਰੀ ਕੀਤਾ ਹੈ ਜੋ ਦਰਸਾਉਂਦਾ ਹੈ ਕਿ ਏਆਈ ਹੁਣੇ ਹੀ ਵਿੱਤੀ, ਸਿਹਤ ਸੰਭਾਲ ਅਤੇ ਪੇਸ਼ੇਵਰ ਸੇਵਾਵਾਂ ਵਿੱਚ ਅਮਰੀਕੀ ਕਿਰਤ ਬਾਜ਼ਾਰ ਦੇ 11.7% ਹਿੱਸੇ ਦੀ ਥਾਂ ਲੈ ਸਕਦੀ ਹੈ। ਅਧਿਐਨ ਨੇ ਆਈਸਬਰਗ ਅਨੁਕ੍ਰਮਣਿਕਾ (Index) ਨਾਮਕ ਇੱਕ ਕਿਰਤ ਸਿਮੂਲੇਸ਼ਨ ਟੂਲ ਦੀ ਵਰਤੋਂ ਕੀਤੀ ਤਾਂ ਜਿਸ ਨੇ ਇਹ ਅਨੁਕਰਣ ਕੀਤਾ ਕਿ ਦੇਸ਼ ਭਰ ਵਿੱਚ ਕਰਮਚਾਰੀ ਕਿਵੇਂ ਗੱਲਬਾਤ ਕਰਦੇ ਹਨ ਅਤੇ ਉਹ ਏਆਈ ਅਤੇ ਉਸ ਨਾਲ ਸੰਬੰਧਿਤ ਨੀਤੀ ਦੁਆਰਾ ਕਿਵੇਂ ਪ੍ਰਭਾਵਿਤ ਹੁੰਦੇ ਹਨ।




## ਜੇਕਰ ਇੱਕ ਮੈਟਾ ਏਆਈ ਮਾਡਲ ਦਿਮਾਗ-ਵਿਆਪੀ ਸਿਗਨਲ ਨੂੰ ਪੜ੍ਹ ਸਕਦਾ ਹੈ, ਤਾਂ ਦਿਮਾਗ ਕਿਉਂ ਨਹੀਂ?



ਸਾਡੇ ਦਿਮਾਗ ਚੁੰਬਕੀ ਖੇਤਰਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਪੈਦਾ ਕਰਨ ਦੇ ਯੋਗ ਹਨ। ਮੈਟਾ (ਫੇਸਬੁਕ) ਦੇ ਖੋਜਕਰਤਾਵਾਂ ਨੇ ਜਨਤਕ ਡੇਟਾਸੈਟਾਂ ਨੂੰ ਵਰਤ ਕੇ ਤੇ ਮਾਡਲਾਂ ਨੂੰ ਸਿਖਲਾਈ ਦੇ ਕੇ ਦਿਮਾਗ ਦੇ ਚੁੰਬਕੀ ਖੇਤਰਾਂ ਨੂੰ ਅਸਲ ਚਿੱਤਰਾਂ ਅਤੇ ਸ਼ਬਦਾਂ ਵਿੱਚ ਢਾਲਣ (ਡੀਕੋਡ) ਦੀ ਸਫ਼ਲਤਾ ਪ੍ਰਾਪਤ ਕੀਤੀ ਹੈ। ਇਹ ਇਸ ਸੰਭਾਵਨਾ ਨੂੰ ਖੋਲ੍ਹਦਾ ਹੈ ਕਿ ਦਿਮਾਗ ਆਪਣੇ ਚੁੰਬਕੀ ਖੇਤਰ ਨੂੰ ਪੜ੍ਹਨ ਅਤੇ ਲਿਖਣ ਦੇ ਯੋਗ ਹੋ ਸਕਦਾ ਹੈ। ਇਸ ਤੋਂ ਮਨੁੱਖੀ ਚੇਤਨਾ ਬਾਰੇ ਕਾਫ਼ੀ ਵਡਮੁੱਲੀ ਜਾਣਕਾਰੀ ਪ੍ਰਾਪਤ ਹੋ ਸਕਦੀ ਹੈ।

## ਨਿੰਬੂ ਵਰਗੇ ਆਕਾਰ ਦੇ ਇੱਕ ਗ੍ਰਹਿ ਨੇ ਵਿਗਿਆਨੀਆਂ ਨੂੰ ਅਚੰਭੇ 'ਚ ਪਾਇਆ



ਧਰਤੀ ਤੋਂ ~750 ਪ੍ਰਕਾਸ਼ ਵਰ੍ਹੇ ਦੂਰ, ਖਗੋਲ ਵਿਗਿਆਨੀਆਂ ਨੇ ਨਾਸਾ ਦੀ ਜੇਮਜ਼ ਵੈੱਬ ਦੂਰਬੀਨ ਦੀ ਮਦਦ ਨਾਲ, ਸਾਡੇ ਸੌਰ ਮੰਡਲ ਤੋਂ ਬਾਹਰ ਇੱਕ ਪਲਸਰ ਸਿਤਾਰੇ (Pulsar) ਦੇ ਦੁਆਲੇ ਘੁੰਮਦਾ ਹੋਇਆ, ਨਿੰਬੂ ਵਰਗੇ ਆਕਾਰ ਦਾ ਇੱਕ ਗ੍ਰਹਿ ਲੱਭਿਆ ਹੈ। ਬਾਹਰੀ ਗ੍ਰਹਿ PSR J2322-2650 b ਦਾ ਨਿੰਬੂ ਵਰਗਾ ਆਕਾਰ ਪਲਸਰ ਦੀ ਸ਼ਕਤੀਸ਼ਾਲੀ ਗੁਰੂਤਾ ਖਿੱਚ ਕਰਕੇ ਹੈ। ਉਸ ਦਾ ਹੀਲੀਅਮ ਤੇ ਕਾਰਬਨ ਯੁਕਤ ਵਾਤਾਵਰਣ ਵਿਗਿਆਨੀਆਂ ਨੂੰ ਹੈਰਾਨ ਕਰ ਰਿਹਾ ਹੈ, ਜਿਨ੍ਹਾਂ ਨੇ ਅਜਿਹਾ ਵਰਤਾਰਾ ਪਹਿਲਾਂ ਕਦੇ ਦੇਖਿਆ ਨਾ ਸੁਣਿਆ। ਉਸ ਦੀ ਹਵਾ ਕਾਲੀ ਮਿੱਟੀ ਦੇ ਬੱਦਲਾਂ ਨਾਲ ਭਰੀ ਹੋ ਸਕਦੀ ਹੈ, ਅਤੇ ਅੰਦਰੋਂ, ਕਾਰਬਨ ਠੋਸ ਰਵੇ ਵਿੱਚ ਇਕੱਠਾ ਹੋ ਸਕਦਾ ਹੈ, ਤੇ ਸੰਭਵ ਤੌਰ 'ਤੇ ਹੀਰੇ ਬਣਾ ਸਕਦਾ ਹੈ। **ਚਿੱਤਰ ਧੰਨਵਾਦ/Image Credit**: NASA/ESA/CSA/Ralf Crawford illustration
**ਵੀਡੀਓ:** https://youtu.be/oBf1GFkFjdc

**ਉਡਾਣ ਮੈਗਜ਼ੀਨ ਈ-ਮੇਲ ਵਿੱਚ ਪ੍ਰਾਪਤ ਕਰਨ ਲਈ ਇੱਥੇ ਕਲਿੱਕ ਕਰੋ ਜਾਂ QR ਕੋਡ ਸਕੈਨ ਕਰੋ!**

**https://www.udaanpunjabi.com/**

ਪੰਜਾਬੀ ਲਾਇਬ੍ਰੇਰੀ PUNJABI LIBRARY www.PunjabiLibrary.com

www.PunjabiLibrary.com